# ਵਤਨੋਂ ਦੂਰ

21

QUEEN ELIZABETH PLAYHOUSE



T. RAJ KAPAHI C.L.U.
*Unit Supervisor*
Res.: 433-3441



RAVI MATHUR
*Representative*
Res.: 438-2307

## ARE YOU INTERESTED IN SAVING MONEY AND PAYING LESS INCOME TAX?

Are you giving the Government money that could still be yours? Many people fail to take advantage of tax deferment privileges granted them for retirement savings. Are you?

*The*
**Monarch Life**
**ASSURANCE COMPANY**

1520 - 777 HORNBY STREET, VANCOUVER 1, B.C. BUS. 684-5322

# KHAN AGENCIES LTD.



RIASAT ALI KHAN



SARAJ KHAN

To serve your Autoplan needs, the license plates, decals and insurance for all types of cars and trucks are now available at our this office:

## CHAMPLAIN MALL

3200—E. 54th Avenue, Vancouver, B.C.
Phone: 433-7211

All other insurance services such as fire and theft, life, sickness and accident, business, mortgage and retirement savings plans are available at our this office:

## KHAN AGENCIES LTD.

15—2414 Main Street, Vancouver, B.C.
Phone: 874-2125

•

687-771 Pager No. 3543—24 Hour per day at both offices.

•

Khan Brothers can also make travel arrangements and help in visa, passport and other immigration matters.

**RES. PHONE: 327-7841**

ਰੱਤਾ ਸਾਲੂ
ਦੀ ਭਰਪੂਰ ਸਫਲਤਾ ਤੋਂ ਬਾਅਦ
ਵਤਨੋਂ ਦੂਰ ਆਰਟ ਫਾਊਂਡੇਸ਼ਨ
ਦੀ ਨਵੀਂ ਕਲਾਮਈ ਪੇਸ਼ਕਸ਼

ਬਲਵੰਤ ਗਾਰਗੀ ਰਚਿਤ

# ਲੋਹਾ ਕੁਟ



MUSIC DESIGN
AJMER SINGH RODEY

PRODUCTION MANAGER
CHARANJEET SIDHOO

STAGE DESIGN
MOHAN BAGGAN

PROPERTIES
GURDEEP GREWAL

DIRECTED BY: YOG RAJ SEDHA

ਅੰਮ੍ਰਿਤ ਮਾਨ, ਯੋਗ ਰਾਜ ਸੇਢਾ, ਮੋਹਨ ਬੱਗਣ, ਗੁਰਦੀਪ ਗਰੇਵਾਲ ਤੇ ਇੰਦਰੇਸ਼
ਦੇ ਨਾਲ ਗੁਆਂਢਣ; ਸੰਤੋ ( ਬਰਿੰਦਾ); ਬਚਨੀ (ਪ੍ਰਮਿੰਦਰ); ਦੀਪਾ (ਭਰਪੂਰ) ਦੇ ਰੂਪ ਵਿੱਚ ਅਸਲੋਂ ਹੀ ਨਵੇਂ ਚਿਹਰੇ

## QUEEN ELIZABETH PLAYHOUSE

**SUNDAY — 30TH MARCH 1975 3 P.M. $2.00 & $3.00**

**FOR RESERVATIONS & ENQUIRES CALL WATNO DUR 874-5403, 873-3187**

## Buying, selling, or trading

* Homes new or old
* Commercial properties or sites
* Apartment blocks
* Farms, land, home, acreage or any other real estate need.

*For free consultation and professional real estate service.*



**Please contact without any obligation.**

ਅਜਾਇਬ ਜੰਡਾ

### AJAIB S JANDA

**RES. 434-4660**
**434-2393**

**OFF. 321-6881**

Top salesman in Cambie office and member of the Diamond Club.

of

BB BLOCK BROS. REALTY LTD.



FOR

LIFE INSURANCE

EDUCATION PLAN

MORTGAGE PLAN

**Retirement registered Saving Plan and all other kinds of insurance**

**Contact**

## DALJIT SANDHU

**Office**
**685-7231**

**Residence**
**278-0491**



ਦਲਜੀਤ ਸੰਧੂ

## National Life of Canada

**Suite 501, 1155—West Pender Street**

**Vancouver, B.C. Phone: 685-7231**

# HARPAL TOOR



OF

**MELTON**

FORMERLY A. E. AUSTIN

1435 Kingsway, Vancouver, B.C.

ਹਰ ਤਰ੍ਹਾਂ ਦੀ ਜਾਇਦਾਦ ਖਰੀਦਣ
ਜਾਂ ਨਕਦ ਵੇਚਣ ਲਈ

ਹਰਪਾਲ ਤੂਰ

ਨੂੰ ਸੇਵਾ ਦਾ ਮੌਕਾ ਦਿਓ।

Mobile radio 38

**OFF:879-7571 RES: 524-9848**



For the latest film music from

# INDIA & PAKISTAN

tune in

1470 ON YOUR AM DIAL

# C. J. V. B.

The radio voice of

Cosmopolitan Vancouver

## Programme

| | |
|---|---|
| THURSDAY | 8—9 P.M. |
| FRIDAY | 8—9 P.M. |
| SATURDAY | 7—9 P.M. |

**BAZM—E—ADAB**

Hosted by Mohd. Rafique

| | |
|---|---|
| SATURDAY | 9—10 P.M. |

For advertisement and other information contact Shushma 688-9931

LITERARY & CULTURAL
MONTHLY OF PANJABI

# THE WATNO DŪR

Post Box No. 1041
Coquitlam, B.C., Canada

TELEPHONE: 874-5403

SECOND CLASS MAIL REGD. NO. 3233 | VOLUME III | MARCH 1975 | S. NO. 21

**FOUNDER:**
TARA SIGH HAYER

**ADVISOR:**
AJMER SINGH RODEY

**PUBLISHER:**
CHARANJEET SIDHOO

**EDITOR:**
SURINDER DHANJAL

**ASSTT. EDITOR:**
BHUPINDER DHALIWAL

**ADVERTISING EDITOR:**
DALJIT TOOR

**ART EDITOR:**
NIRMAL DHALIWAL

**CIRCULATION EDITOR:**
KARAMJIT GHUMAN

**SUBSCRIPTION:**
**ANNUAL: $5.00**
**HALF YEAR: $3.00**
**ONE COPY: 50 c**

ਐਡੀਟੋਰੀਅਲ:

## 'ਸ਼ਹੀਦੀ ਅੰਕ' ਕਿਉਂ ????

'23 ਮਾਰਚ 1931' ਨੂੰ 'ਹਿੰਦੁਸਤਾਨ ਸੋਸ਼ਲਿਸਟ ਰੀਪਬਲਿਕਨ ਐਸੋਸੀਏਸ਼ਨ' ਦੇ ਤਿੰਨ ਬਹਾਦੁਰ ਇਨਕਲਾਬੀਆਂ 'ਭਗਤ ਸਿੰਘ, ਰਾਜਗੁਰੂ, ਸੁਖਦੇਵ' ਨੂੰ ਸਾਮਰਾਜ ਸਰਕਾਰ ਨੇ ਫਾਂਸੀ ਦੇ ਦਿੱਤੀ ਸੀ। '13 ਮਾਰਚ 1940' ਨੂੰ ਸ਼ਹੀਦ ਊਧਮ ਸਿੰਘ ਨੇ ਜਲ੍ਹਿਆਂ ਵਾਲੇ ਬਾਗ ਦੇ ਕੌਮੀ ਅਪਮਾਨ ਦਾ ਬਦਲਾ ਲਿਆ ਸੀ। ਅਸੀਂ ਇਨ੍ਹਾਂ ਮਹਾਨ ਇਨਕਲਾਬੀਆਂ ਦੀ ਯਾਦ ਵਿਚ ਸਿਰ ਝੁਕਾਉਂਦੇ ਹੋਏ ਇਹ ਅੰਕ ਉਨ੍ਹਾਂ ਨੂੰ ਸਮਰਪਿਤ ਕਰ ਰਹੇ ਹਾਂ।

'ਸ਼ਹੀਦੀ ਅੰਕ' ਵਿੱਚ ਖ਼ਤ, ਬਿਆਨ ਤੇ ਲੇਖ ਸੰਪਾਦਤ ਕਰਨ ਦਾ ਵਿਸ਼ੇਸ਼ ਮੰਤਵ ਇਹ ਹੈ ਕਿ ਕੈਨੇਡਾ ਦੇ ਲੇਖਕਾਂ ਤੇ ਪਾਠਕਾਂ ਨੂੰ ਸਾਡੇ ਇਤਿਹਾਸ ਦੇ ਉਸ ਖ਼ੂਨੀ-ਕਾਂਡ ਤੋਂ ਜਾਣੂ ਕਰਵਾਇਆ ਜਾਵੇ ਜਿਸਨੂੰ ਸਕੂਲਾਂ, ਕਾਲਜਾਂ ਵਿੱਚ ਪੜ੍ਹਾਏ ਜਾਂਦੇ ਇਤਿਹਾਸ ਵਿੱਚ ਬਦਦਿਆਨਤਦਾਰੀ ਨਾਲ ਲੁਕੋ ਕੇ ਰੱਖਿਆ ਜਾਂਦਾ ਹੈ। ਜਾਂ ਫਿਰ ਕਦੇ ਕਦੇ ਸ਼ਹੀਦ ਭਗਤ ਸਿੰਘ ਨੂੰ ਗ਼ਲਤ ਰੂਪ 'ਚ ਪੇਸ਼ ਕਰਨ ਲਈ ਉਨ੍ਹਾਂ ਦਾ ਨਾਮ "ਕੇਵਲ ਅਤੇ ਕੇਵਲ, 'ਸਾਂਡਰਸ ਕਤਲ ਕੇਸ' ਤੇ 'ਅਸੈਂਬਲੀ ਬੰਬ ਕੇਸ' ਨਾਲ ਜੋੜਕੇ" ਉਹਨਾਂ ਦੀ ਸ਼ਖਸੀਅਤ ਦਾ ਉਹ ਮਹਾਨ ਪੱਖ ਮਨਫ਼ੀ ਕਰਨ ਦਾ ਯਤਨ ਕੀਤਾ ਜਾਂਦਾ ਹੈ ਜਿਸਨੇ ਬੰਬ, ਕਰਾਂਤੀ, ਆਦਰਸ਼, ਜੱਦੋਜਹਿਦ, ਆਤੰਕਵਾਦ (TERRORISM), ਖ਼ੁਦਕਸ਼ੀ, ਹਿੰਸਾ ਤੇ ਅਹਿੰਸਾ, ਜੁਰਮ ਤੇ ਗੁਨਾਹ, ਜ਼ਿੰਦਗੀ ਅਤੇ ਅਸੂਲ ਵਰਗੇ ਸ਼ਬਦਾਂ ਦੀ ਵਿਗਿਆਨਕ ਵਿਆਖਿਆ ਕੀਤੀ ਅਤੇ 'ਇਨਕਲਾਬ ਜ਼ਿੰਦਾਬਾਦ' ਦਾ ਮੌਲਿਕ ਨਾਹਰਾ ਹਿੰਦੁਸਤਾਨ ਨੂੰ ਦਿੱਤਾ। ਕਾਂਗਰਸ ਪਾਰਟੀ ਦੀਆਂ ਸਰਗਰਮੀਆਂ ਤੇ ਦੇਸ਼ ਦੀਆਂ ਹੋਰ ਸਮਕਾਲੀ ਸਥਿਤੀਆਂ ਦੀ ਗੰਭੀਰ ਛਾਣਬੀਣ ਤੋਂ ਬਾਅਦ ਲਿਖੀਆਂ ਉਹਨਾਂ ਦੀਆਂ ਉਪਰੋਕਤ ਲਿਖਤਾਂ ਸਾਹਿੱਤ ਦੀ ਅਣਮੋਲ ਪੂੰਜੀ ਹਨ - ਅਸੀਂ ਉਹਨਾਂ ਨੂੰ ਸਾਹਿੱਤਕਾਰਾਂ ਤੱਕ ਪੁਚਾਉਣ ਦਾ ਫ਼ਰਜ਼ ਅਦਾ ਕਰ ਰਹੇ ਹਾਂ।

ਅੱਜ ਦੇ ਹਾਲਾਤ 1930-31 ਤੋਂ ਵੱਖਰੇ ਨਹੀਂ। ਕੇਵਲ ਮਖੌਟੇ ਹੀ ਬਦਲੇ ਹਨ। ਇਸ ਕਰਕੇ ਭਾਰਤ ਵਿੱਚ ਭੁੱਖ-ਨੰਗ, ਗਰੀਬੀ, ਮਹਿੰਗਾਈ, ਬੇਰੋਜ਼ਗਾਰੀ, ਭ੍ਰਿਸ਼ਟਾਚਾਰੀ, ਸਮਗਲਿੰਗ ਤੇ ਤਸ਼ੱਦਦ; ਅਤੇ ਕੈਨੇਡਾ ਵਿੱਚ ਨਸਲੀ ਵਿਤਕਰਾ ਤੇ ਧਾਰਮਿਕ ਤੇ ਰਾਜਨੀਤਕ ਖੇਤਰਾਂ ਵਿੱਚ ਪਿਛਾਂਹ ਖਿਚੂ ਰੌਲਾ-ਰੱਪਾ ਆਦਿ ਸਮਕਾਲੀ ਸਥਿਤੀਆਂ ਸਾਥੋਂ ਉਚੇਰੀ ਛਾਣਬੀਣ ਦੀ ਮੰਗ ਕਰਦੀਆਂ ਹਨ। ਆਓ! ਸਾਹਿੱਤਕ-ਨਸ਼ਤਰ ਤਿੱਖੇ ਕਰੀਏ।

(ਸੁਰਿੰਦਰ ਧੰਜਲ)

# ਸ਼ਹੀਦ ਭਗਤ ਸਿੰਘ



ਭਗਤ ਸਿੰਘ ਦੀਆਂ ਲੋਕ-ਪ੍ਰਿਅ ਇਨਕਲਾਬੀ ਰੁਚੀਆਂ ਕਾਰਨ ਪੁਲਸ ਉਸਨੂੰ ਫੜਨ ਦਾ ਕੋਈ ਬਹਾਨਾ ਲੱਭਦੀ ਸੀ। ਲਾਹੌਰ ਦੀ ਇਕ ਭੀੜ ਵਾਲੀ ਗਲੀ ਵਿੱਚ ਦੁਸਹਿਰੇ ਵਾਲੇ ਦਿਨ ਕੁਝ ਫਿਰਕਾ-ਪਰੱਸਤਾਂ ਦਾ ਰੱਖਿਆ ਇਕ ਬੰਬ ਫਟਿਆ। ਸ਼ੱਕ ਵਿੱਚ ਪੁਲਸ ਨੇ ਭਗਤ ਸਿੰਘ ਨੂੰ ਪਕੜ ਲਿਆ ਅਤੇ 1927 ਵਿੱਚ ਚੜ੍ਹਦੀ ਜਵਾਨੀ ਸਮੇਂ ਲੱਗਭਗ 20 ਸਾਲ ਦੀ ਉਮਰ ਵਿੱਚ ਭਗਤ ਸਿੰਘ ਦੀ ਇਹ ਫੋਟੋ ਚੋਰੀ ਖਿੱਚ ਲਈ ਤਾਂ ਜੁ ਅੱਗੇ ਤੋਂ ਇਹ ਫੋਟੋ ਪੁਲਸ ਥਾਣਿਆਂ ਵਿੱਚ ਭੇਜਕੇ ਭਗਤ ਸਿੰਘ ਤੇ ਕਰੜੀ ਨਜ਼ਰ ਰੱਖੀ ਜਾ ਸਕੇ। ਫਾਂਸੀ ਤੋਂ ਕੁਝ ਦਿਨ ਪਿੱਛੋਂ ਕਿਸੇ ਈਮਾਨਦਾਰ ਅਫਸਰ ਨੇ ਇਹ ਫੋਟੋ ਸ਼ਹੀਦ ਦੇ ਵਾਰਸਾਂ ਨੂੰ ਦੇ ਦਿੱਤੀ।

# ਸ਼ਹੀਦ ਭਗਤ ਸਿੰਘ

(ਜੀਵਨ)

## ਓ.ਪੀ. ਸ਼ਰਮਾ

ਚਾਹੇ ਭਗਤ ਸਿੰਘ ਦੀ ਫੋਟੋ, ਨੋਟਾਂ ਤੇ ਨਹੀਂ ਪਾਈ ਜਾਂਦੀ, ਚਾਹੇ ਭਗਤ ਸਿੰਘ ਦੀ ਤਸਵੀਰ ਡਾਕ ਟਿਕਟਾਂ ਤੇ ਨਹੀਂ, ਚਾਹੇ ਕੋਰਸ ਦੀਆਂ ਕਿਤਾਬਾਂ ਤੋਂ ਭਗਤ ਸਿੰਘ ਨੂੰ ਦੂਰ ਰਖਿਆ ਜਾਂਦਾ ਹੈ, ਫਿਰ ਵੀ ਭਗਤ ਸਿੰਘ ਦੀ ਸ਼ਹਾਦਤ ਕਿਸੇ ਤੋਂ ਲਕੋਈ ਨਹੀਂ ਜਾ ਸਕੀ । ਮੌਜੂਦਾਂ ਹਾਲਤ ਤੋਂ ਤੰਗ ਨੌਜਵਾਨ ਦੇਸ਼ ਦੇ ਮੰਨੇ-ਪ੍ਰਮੰਨੇ ਨੇਤਾਵਾਂ ਸਬੰਧੀ, ਕੁਝ ਹਾਸੋ ਹੀਣੇ ਅਤੇ ਅਸ਼ਲੀਲ ਚੁਟਕਲੇ ਬਣਾ ਲੈਂਦੇ ਹਨ, ਜਿਸ ਤੋਂ ਨੌਜਵਾਨਾਂ ਦਾ ਉਹਨਾਂ ਨੇਤਾਵਾਂ ਸਬੰਧੀ ਸਤਿਕਾਰ ਪ੍ਰਤੱਖ ਨਜ਼ਰ ਆਉਂਦਾ ਹੈ, ਪਰ ਭਗਤ ਸਿੰਘ ਇਕ ਅਜੇਹਾ ਨੇਤਾ ਹੈ ਜਿਸ ਦਾ ਨਾਮ ਲੈਂਦਿਆਂ ਹਰ ਇਕ ਭਾਰਤੀ ਦਾ (ਚਾਹੇ ਉਹ ਕਿਸੇ ਪਾਰਟੀ, ਧਰਮ ਜਾਂ ਖਿਆਲ ਦਾ ਹੋਵੇ) ਸਿਰ ਸਤਿਕਾਰ ਨਾਲ ਝੁਕ ਜਾਂਦਾ ਹੈ ।

ਭਗਤ ਸਿੰਘ ਦਾ ਜਨਮ 27 ਸਤੰਬਰ 1907 ਈਃ ਨੂੰ ਜ਼ਿਲਾ ਲਾਇਲ ਪੁਰ ਵਿਚ ਬੰਗਾ ਨਾਮੀ ਪਿੰਡ ਵਿਚ ਹੋਇਆ । ਭਗਤ ਸਿੰਘ, ਕਿਸ਼ਨ ਸਿੰਘ ਦੀ ਦੂਸਰੀ ਸੰਤਾਨ ਸੀ । ਦੇਸ਼ ਭਗਤੀ ਭਗਤ ਸਿੰਘ ਦਾ ਖਾਨਦਾਨੀ ਵਿਰਸਾ ਸੀ । ਉਸ ਦੇ ਪਿਤਾ ਸਃ ਕਿਸ਼ਨ ਸਿੰਘ ਅਤੇ ਚਾਚਾ ਸਃ ਅਜੀਤ ਸਿੰਘ 'ਭਾਰਤ ਮਾਤਾ ਸਭਾ' ਦੇ ਮੋਢੀ ਮੈਂਬਰ ਅਤੇ ਪ੍ਰਸਿੱਧ ਆਗੂ ਸਨ । ਅਜੀਤ ਸਿੰਘ ਆਪਣੀਆ ਸਰਗਰਮੀਆਂ ਕਰਕੇ ਬਹੁਤ ਹੀ ਮਸ਼ਹੂਰ ਅਤੇ ਹਰ ਮਨ ਪਿਆਰਾ ਨੇਤਾ ਸੀ । ਅਜੀਤ ਸਿੰਘ ਜੋ ਦੇਸ਼ ਨਿਕਾਲੇ ਦੀ ਹਾਲਤ ਵਿਚ ਸੀ, ਦਾ ਹੀ ਭਗਤ ਸਿੰਘ ਤੇ ਬਹੁਤ ਗਹਿਰਾ ਅਸਰ ਸੀ ।

ਸਿਆਣਿਆਂ ਦੇ ਕਥਨ 'ਜੰਮਦੀਆਂ ਸੂਲਾਂ ਦੇ ਮੂੰਹ ਤਿੱਖੇ' ਅਨੁਸਾਰ ਭਗਤ ਸਿੰਘ ਦੀ ਬਹਾਦਰੀ, ਉਸ ਦੀਆਂ ਬਚਪਨ ਦੀਆਂ ਗੱਲਾਂ ਵਿਚੋਂ ਹੀ ਵੇਖੀ ਜਾ ਸਕਦੀ ਸੀ । ਇਕ ਵਾਰ ਉਸ ਨੇ ਖੇਲਦਿਆਂ ਕੁਝ ਮਿੱਟੀ ਦੀਆਂ ਢੇਰੀਆਂ ਬਣਾ ਲਈਆਂ ਅਤੇ ਉਹਨਾਂ ਤੇ ਇਕ ਇਕ ਤੀਲਾ ਗੱਡ ਦਿਤਾ । ਸਃ ਕਿਸ਼ਨ ਸਿੰਘ ਦੇ ਦੋਸਤ ਅਨੰਦ ਕਿਸ਼ੋਰ ਮਹਿਤਾ (ਜੋ ਉਸ ਸਮੇਂ ਹਾਜ਼ਰ ਸਨ) ਦੇ ਪੁਛਣ ਤੇ ਭਗਤ ਸਿੰਘ ਨੇ ਕਿਹਾ, 'ਮੈਂ ਬੰਦੂਖਾਂ ਬੀਜ ਰਿਹਾ ਹਾਂ । ਦੇਸ਼ ਨੂੰ ਆਜ਼ਾਦ ਕਰਾਉਣਾ ਹੈ ।'

ਭਗਤ ਸਿੰਘ ਦੀ ਚਾਚੀ (ਅਜੀਤ ਸਿੰਘ ਦੀ ਪਤਨੀ) ਕਈ ਵਾਰ ਅਜੀਤ ਸਿੰਘ ਦੀਆਂ ਗੱਲਾਂ ਕਰਕੇ ਰੋਣ ਲਗ ਪੈਂਦੀ । ਪਰ ਭਗਤ ਸਿੰਘ ਉਸ ਨੂੰ ਦਿਲਾਸਾ ਦਿੰਦਾ ਆਖਦਾ, 'ਤੂੰ ਫਿਕਰ ਨਾ ਕਰ ਚਾਚੀ, ਜਦ ਮੈਂ ਵੱਡਾ ਹੋ ਜਾਵਾਂਗਾ, ਤਾਂ ਧੱਕੇ ਮਾਰਕੇ ਅੰਗਰੇਜ਼ਾਂ ਨੂੰ ਬਾਹਰ ਕੱਢ ਦੇਵਾਂਗਾ ਅਤੇ ਚਾਚਾ ਜੀ ਨੂੰ ਦੇਸ਼ ਮੋੜ ਲਿਆਵਾਂਗਾ ।

ਭਗਤ ਸਿੰਘ ਪੰਜ ਕੁ ਸਾਲ ਦੀ ਉਮਰ ਵਿਚ ਆਪਣੇ ਪਿੰਡ ਦੇ ਪ੍ਰਾਇਮਰੀ ਸਕੂਲ ਵਿਚ ਦਾਖਲ ਹੋਇਆ ਸਕੂਲ ਵਿਚ ਉਹ ਬੜਾ ਲਾਇਕ ਤੇ ਹਰਮਨ-ਪਿਆਰਾ ਬੱਚਾ ਸੀ । ਇਹਨਾਂ ਦਿਨਾਂ ਵਿਚ ਹੀ ਭਗਤ ਸਿੰਘ ਦੀ ਦਿਲਚਸਪੀ ਰਾਜਨੀਤੀ ਨੇ ਖਿਚਣੀ ਸ਼ੁਰੂ ਕਰ ਦਿਤੀ ਸੀ । ਸਃ ਕਿਸ਼ਨ ਸਿੰਘ ਦਾ ਘਰ ਗ਼ੱਦਰੀਆਂ ਦਾ ਪਨਾਹ ਲੈਣ ਦਾ ਅੱਡਾ ਸੀ । ਗ਼ੱਦਰ ਪਾਰਟੀ ਦੀਆਂ ਮੀਟਿੰਗਾਂ ਸਃ ਕਿਸ਼ਨ ਸਿੰਘ ਦੇ ਘਰ ਹੋਇਆ ਕਰਦੀਆਂ ਸਨ । ਭਗਤ ਸਿੰਘ ਉਹਨਾਂ ਦੀਆਂ ਗੱਲਾਂ ਬੜੇ ਗਹੁ ਨਾਲ ਸੁਣਿਆ ਕਰਦਾ ਸੀ ਅਤੇ ਗਦਰੀਆਂ ਦੀਆਂ ਗੱਲਾਂ ਭਗਤ ਸਿੰਘ ਵਿਚ ਦੇਸ਼ ਲਈ ਕੁਰਬਾਨੀ ਦਾ ਜਜ਼ਬਾ ਉਭਾਰਦੀਆਂ ਸਨ । ਇਹਨਾਂ ਦਿਨਾਂ ਵਿਚ ਹੀ ਪ੍ਰਸਿੱਧ ਗ਼ੱਦਰੀ ਨੇਤਾਵਾਂ ਕਰਤਾਰ ਸਿੰਘ ਸਰਾਭਾ ਅਤੇ ਰਾਸ ਬਿਹਾਰੀ ਬੋਸ ਨਾਲ ਭਗਤ ਸਿੰਘ ਦੀ ਮੁਲਾਕਾਤ ਹੋਈ । 1915 ਵਿਚ ਕਰਤਾਰ ਸਿੰਘ ਸਰਾਭਾ ਦਾ ਫਾਂਸੀ ਲਗਣਾ ਇਕ ਹੋਰ ਵੱਡੀ ਘਟਨਾ ਸੀ ਜਿਸ ਨੇ ਭਗਤ ਸਿੰਘ ਦੇ ਕੁਰਬਾਨੀ ਦੇ ਜਜ਼ਬੇ ਨੂੰ ਉਭਾਰ ਦਿਤਾ । ਸਰਾਭਾ ਨੂੰ ਤਾਂ ਭਗਤ ਸਿੰਘ ਆਪਣਾ ਇਸ਼ਟ ਹੀ ਮੰਨਣ ਲਗ ਪਿਆ ਸੀ । ਉਸ ਦੀ ਫੋਟੋ ਹਰ ਸਮੇਂ ਆਪਣੇ ਪਾਸ ਰੱਖਦਾ ਸੀ । ਕਈ ਵਾਰ ਉਹ ਕਰਤਾਰ ਸਿੰਘ

ਸਰਾਭਾ ਦੀ ਫੋਟੋ ਆਪਣੀ ਮਾਂ ਨੂੰ ਦਿਖਾਉਂਦਾ ਅਤੇ ਆਖਦਾ, 'ਮਾਂ, ਇਹ ਕੌਣ ਹੈ?' ਉਹ ਇਸ ਸਵਾਲ ਨੂੰ ਵਾਰ ਵਾਰ ਦੁਹਰਾਉਂਦਾ ਜਦ ਤਕ ਉਸ ਦੀ ਮਾਂ ਇਹ ਨਾ ਕਹਿ ਦਿੰਦੀ, 'ਇਹ ਮੇਰਾ ਵੱਡਾ ਪੁਤਰ ਹੈ ਅਤੇ ਤੇਰਾ ਭਾਈ ਹੈ।' ਉਂਝ ਵੀ ਚਲਦਿਆਂ ਫਿਰਦਿਆਂ ਭਗਤ ਸਿੰਘ ਸਰਾਭੇ ਨੇ ਗੀਤ ਦੀਆਂ ਹੇਠ ਲਿਖੀਆਂ ਲਾਈਨਾਂ ਗਾਇਆ ਕਰਦਾ ਸੀ:

ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ, ਗੱਲਾਂ ਕਰਨੀਆ ਬਹੁਤ ਸੁਖੱਲੀਆਂ ਨੇ।
ਜਿਨ੍ਹਾਂ ਦੇਸ਼ ਸੇਵਾ ਵਿਚ ਪੈਰ ਪਾਇਆ, ਉਹਨਾਂ ਲੱਖ ਮੁਸੀਬਤਾਂ ਝੱਲੀਆਂ ਨੇ।

ਸੰਨ 1919 ਵਿਚ ਹੋਇਆ ਜਲ੍ਹਿਆਂ ਵਾਲੇ ਬਾਗ ਦਾ ਸਾਕਾ ਵੀ ਭਗਤ ਸਿੰਘ ਤੇ ਗਹਿਰਾ ਅਸਰ ਕਰ ਗਿਆ। ਕਿਹਾ ਜਾਂਦਾ ਹੈ ਕਿ ਭਗਤ ਸਿੰਘ ਉਨਹੀਂ ਦਿਨੀਂ ਅੰਮ੍ਰਿਤਸਰ ਗਿਆ। ਨਿਰਦੋਸ਼ ਲੋਕਾਂ ਦੇ ਖੂਨ ਨਾਲ ਭਿੱਜੀ ਧਰਤੀ ਉਸ ਨੇ ਦੇਖੀ ਅਤੇ ਕੁਝ ਲਾਲ ਮਿੱਟੀ ਚੁਕ ਕੇ ਬੋਤਲ ਵਿਚ ਪਾ ਲਿਆਇਆ ਜਿਸ ਨੂੰ ਦੇਖ ਕੇ ਉਹ ਬਾਅਦ ਵਿਚ ਉਤਸ਼ਾਹ ਲਿਆ ਕਰਦਾ ਸੀ ਅਤੇ ਅੰਗਰੇਜ਼ਾਂ ਪ੍ਰਤੀ ਆਪਣੇ ਗੁਸੇ ਨੂੰ ਤਾਜ਼ਾ ਰੱਖਣ ਲਈ ਵਰਤਿਆ ਕਰਦਾ ਸੀ।

ਭਾਰਤ ਵਿਚ ਜਦ ਨਾ-ਮਿਲਵਰਤਣ ਲਹਿਰ ਚੱਲੀ ਤਾਂ ਭਗਤ ਸਿੰਘ ਉਸ ਸਮੇਂ ਨੌਵੀਂ ਜਮਾਤ ਵਿਚ ਪੜ੍ਹਦਾ ਸੀ। ਨੇਤਾਵਾਂ ਦੀ ਅਪੀਲ ਅਨੁਸਾਰ ਉਸ ਨੇ ਡੀ ਏ. ਵੀ. ਸਕੂਲ ਲਾਹੌਰ ਛੱਡ ਦਿਤਾ ਅਤੇ ਲਾਜਪਤ ਰਾਏ ਦੇ ਚਲਾਏ ਨੈਸ਼ਨਲ ਕਾਲਜ ਵਿਚ ਉਸ ਦੇ ਦਾਖਲੇ ਦੀ ਸ਼ਰਤ, ਜੋ ਕਿ ਇਕ ਇਮਤਿਹਾਨ ਪਾਸ ਕਰਨਾ ਸੀ, ਪੂਰੀ ਕਰਕੇ ਦਾਖਲ ਹੋ ਗਿਆ। ਇਥੇ ਕਾਲਜ ਵਿਚ ਹੀ ਭਗਵਤੀ ਚਰਨ, ਸੁਖਦੇਵ, ਯਸ਼ਪਾਲ ਆਦਿ ਭਗਤ ਸਿੰਘ ਦੇ ਦੋਸਤ ਬਣੇ। ਪ੍ਰੋਫੈਸਰ ਵਿਦਿਆਲੰਕਾਰ ਜੋ ਇਤਿਹਾਸ ਦੇ ਪ੍ਰੋਫੈਸਰ ਸਨ, ਨੇ ਭਗਤ ਸਿੰਘ ਦੀ ਰਾਜਸੀ ਪੱਖੋਂ ਭਾਰੀ ਅਗਵਾਈ ਕੀਤੀ। ਜੈ ਚੰਦਰ ਦਾ ਆਪਣਾ ਵੀ ਕਿਸੇ ਬਾਗੀ ਟੋਲੇ ਨਾਲ ਤਾਲ ਮੇਲ ਸੀ।

ਨੈਸ਼ਨਲ ਨਾਟਕ ਕਲੱਬ ਜੋ ਇਹਨਾਂ ਦਿਨਾਂ ਵਿਚ ਲਾਹੌਰ ਵਿਚ ਬਣੀ ਸੀ, ਦਾ ਭਗਤ ਸਿੰਘ ਇਕ ਸਰਗਰਮ ਮੈਂਬਰ ਸੀ। ਉਹਨਾਂ ਨੇ ਇਕ ਵਾਰ 'ਦੀ ਡਾਨ ਆਫ ਦੀ ਯੂਥ ਆਫ ਸਮਰਾਟ ਚੰਦਰ ਗੁਪਤ ਮੋਰੀਆ' ਨਾਮੀ ਨਾਟਕ ਖੇਲਿਆ ਜਿਸ ਵਿਚ ਭਗਤ ਸਿੰਘ ਨੇ ਨਾਇਕ ਸ਼ਸ਼ੀ ਗੁਪਤ ਦਾ ਰੋਲ ਕੀਤਾ ਜੋ ਕਿ ਬਹੁਤ ਹੀ ਸਲਾਹਿਆ ਗਿਆ। ਇਸ ਕਲੱਬ ਨੇ ਬਾਅਦ ਵਿਚ ਹੋਰ ਵੀ ਕਈ ਨਾਟਕ ਖੇਲੇ। ਇਹਨਾ ਨਾਟਕਾਂ ਨੂੰ ਖੇਲਣ ਦਾ ਮਕਸਦ ਲੋਕਾਂ ਵਿਚ ਜਾਗ੍ਰਤੀ ਪੈਦਾ ਕਰਨਾ ਅਤੇ ਅੰਗਰੇਜ਼ ਸਾਸ਼ਕਾਂ ਵਿਰੁਧ ਖੜੇ ਕਰਨਾ ਹੁੰਦਾ ਸੀ। ਬਾਅਦ ਵਿਚ ਇਸ ਕਲੱਬ ਤੇ ਸਰਕਾਰ ਨੇ ਪਾਬੰਦੀ ਲਾ ਦਿਤੀ ਸੀ।

ਐਫ. ਏ. ਪਾਸ ਕਰਨ ਤੋਂ ਬਾਅਦ ਭਗਤ ਸਿੰਘ ਬੀ. ਏ. ਵਿਚ ਪੜ੍ਹ ਰਿਹਾ ਸੀ। ਉਸ ਦੇ ਘਰ ਦਿਆਂ ਨੇ ਉਸ ਦਾ ਵਿਆਹ ਕਰਨ ਦਾ ਫੈਸਲਾ ਕਰ ਲਿਆ। ਉਸ ਦੀ ਦਾਦੀ ਜੋ ਉਸ ਨੂੰ ਬਹੁਤ ਪਿਆਰ ਕਰਦੀ, ਚਾਹੁੰਦੀ ਸੀ ਕਿ ਭਗਤ ਸਿੰਘ ਉਸ ਦੇ ਜਿਉਂਦੇ ਜੀਅ ਵਿਆਹਿਆ ਜਾਵੇ। ਆਪਣੀ ਮਾਂ ਦੀਆਂ ਸੱਧਰਾਂ ਪੂਰੀਆਂ ਕਰਨ ਲਈ, ਸ੍ਰ: ਕਿਸ਼ਨ ਸਿੰਘ ਨੇ ਭਗਤ ਸਿੰਘ ਦਾ ਵਿਆਹ ਧਰ ਦਿਤਾ। ਪਹਿਲੇ ਚਿਠੀਆਂ ਰਾਹੀਂ ਭਗਤ ਸਿੰਘ ਆਪਣੇ ਪਿਤਾ ਜੀ ਨੂੰ ਸਮਝਾਉਣ ਦੀ ਕੋਸ਼ਸ਼ ਕੀਤੀ ਪਰ ਜਦ ਇਹ ਨਿਸਫਲ ਰਹੀ ਤਾਂ ਭਗਤ ਸਿੰਘ ਘਰ ਨਾਲ ਸੰਪਰਕ ਤੋੜਕੇ, ਲਾਹੌਰ ਛੱਡ ਕੇ ਕਾਨ੍ਹਪੁਰ ਚਲਾ ਗਿਆ।

ਪ੍ਰੋਫੈਸਰ ਵਿਦਿਆਲੰਕਾਰ ਤੋਂ ਚਿੱਠੀ ਲੈ ਕੇ ਭਗਤ ਸਿੰਘ ਕਾਨ੍ਹਪੁਰ ਵਿਖੇ ਗਣੇਸ਼ ਸ਼ੰਕਰ ਵਿਦਿਆਰਥੀ ਪਾਸ

ਚਲਾ ਗਿਆ। ਗਣੇਸ਼ ਸ਼ੰਕਰ ਵਿਦਿਆਰਥੀ ਇਕ ਦੇਸ਼ ਭਗਤ ਟੋਲੀ ਦਾ ਲੀਡਰ ਸੀ ਅਤੇ ਇਕ ਪ੍ਰੈਸ ਚਲਾ ਰਿਹਾ ਸੀ। ਭਗਤ ਸਿੰਘ ਜਿਹੇ ਅਣਖੀਲੇ ਨੌਜਵਾਨ ਨੂੰ ਮਿਲਕੇ ਉਸ ਨੂੰ ਬਹੁਤ ਖੁਸ਼ੀ ਹੋਈ ਅਤੇ ਉਸ ਨੇ ਭਗਤ ਸਿੰਘ ਨੂੰ ਆਪਣੀ ਪ੍ਰੈਸ ਵਿਚ ਕੰਮ ਦੇ ਦਿਤਾ। ਇਥੇ ਭਗਤ ਸਿੰਘ ਨੇ ਆਪਣਾ ਨਾਮ ਬਦਲ ਕੇ ਬਲਵੰਤ ਰਖ ਲਿਆ। ਇਸੇ ਸਮੇਂ ਹੀ ਭਗਤ ਸਿੰਘ ਦੂਜੇ ਇਨਕਲਾਬੀਆਂ- ਬੀ. ਕੇ ਦੱਤ. ਚੰਦਰ ਸ਼ੇਖਰ ਆਜ਼ਾਦ, ਜਗੇਸ਼ ਚੰਦਰ ਚੈਟਰ ਜੀ, ਵਿਜੈ ਕੁਮਾਰ ਸਿਨਹਾ ਆਦਿ ਦੇ ਸੰਪਰਕ ਵਿਚ ਆਇਆ। ਉਹਨਾਂ ਰਾਹੀਂ ਹੀ ਭਗਤ ਸਿੰਘ 'ਹਿੰਦੁਸਤਾਨ ਰੀਪਬਲੀਕਨ ਐਸੋਸ਼ੀਏਸ਼ਨ' ਦਾ ਮੈਂਬਰ ਬਣਿਆ ਇਹ ਸੰਗਠਨ ਹਥਿਆਰਬੰਦ ਕ੍ਰਾਂਤੀ ਦੁਆਰਾ ਸਵਰਾਜ ਲੈਣ ਵਿਚ ਵਿਸ਼ਵਾਸ ਰਖਦਾ ਸੀ।

ਇਸ ਸਮੇਂ ਭਗਤ ਸਿੰਘ ਦਾ ਇਨਕਲਾਬੀਆਂ ਵਿਚ ਘੇਰਾ ਬਹੁਤ ਵਧ ਗਿਆ। ਉਹ ਲੋਕਾਂ ਨੂੰ ਹਥਿਆਰਬੰਦ ਇਨਕਲਾਬ ਲਈ ਤਿਆਰ ਕਰਨ ਦਾ ਕੰਮ ਬੜੀ ਸਰਗਰਮੀ ਨਾਲ ਕਰ ਰਹੇ ਸਨ। ਇਨਕਲਾਬੀ ਸਾਹਿਤ ਛਾਪਣਾ ਅਤੇ ਲੋਕਾਂ 'ਚ ਵੰਡਣਾ ਉਹਨਾਂ ਦਾ ਮੁਖ ਕੰਮ ਸੀ।

ਇਸ ਸਮੇਂ ਦੀ ਇਕ ਘਟਣਾ ਬੜੀ ਵਰਨਣ ਯੋਗ ਹੈ। ਭਗਤ ਸਿੰਘ ਅਤੇ ਉਸ ਦੇ ਸਾਥੀ ਪਰਚੇ ਵੰਡਣ ਲਈ ਇਕ ਮੇਲੇ ਵਿਚ ਗਏ ਅਤੇ ਸ਼ਰੇ-ਆਮ ਪਰਚੇ ਵੰਡਣੇ ਸ਼ੁਰੂ ਕਰ ਦਿਤੇ ਜਿਨ੍ਹਾਂ ਤੇ ਲਿਖਿਆ ਸੀ :

'ਜਾਗੋ ਮੇਰੇ ਦੇਸ਼ ਕੇ ਲੋਗੋ'

ਸਿਵਲ ਕਪੜਿਆਂ ਵਿਚ ਫਿਰਦੀ ਪੁਲਸ ਨੇ ਭਗਤ ਸਿੰਘ ਦੇ ਦੋ ਸਾਥੀਆਂ ਨੂੰ ਫੜ ਲਿਆ। ਜਿਸ ਤੇ ਭਗਤ ਸਿੰਘ ਨੇ ਬੜੀ ਫੁਰਤੀ ਅਤੇ ਹੁਸ਼ਿਆਰੀ ਤੋਂ ਕੰਮ ਲਿਆ। ਉਸ ਨੇ ਸਾਰੇ ਪਰਚੇ ਅੱਖ ਬਚਾਕੇ ਇਕ ਪਾਸੇ ਸੁਟ ਦਿਤੇ। ਲੋਕਾਂ ਦੀ ਭੀੜ ਫਟਾ ਫਟ ਪਰਚਿਆ ਦੁਆਲੇ ਜੁੜਨੀ ਸ਼ੁਰੂ ਹੋ ਗਈ। ਭਗਤ ਸਿੰਘ ਪੁਲਸ ਕੋਲ ਗਿਆ ਅਤੇ ਭੀੜ ਵਲ ਇਸ਼ਾਰਾ ਕਰਕੇ ਬੋਲਿਆ,'ਕਾਂਗਰਸੀ ਉਧਰ ਪਰਚੇ ਵੰਡ ਰਹੇ ਹਨ।' ਪੁਲੀਸ ਵਾਲੇ ਸਿਰਫ ਦੋ ਸਿਪਾਹੀਆਂ ਨੂੰ ਗ੍ਰਿਫਤਾਰ ਹੋਏ ਆਦਮੀਆਂ ਦੀ ਰਾਖੀ ਛੱਡ ਕੇ ਭੀੜ ਵੱਲ ਹੋ ਤੁਰੇ। ਭਗਤ ਸਿੰਘ ਤੇ ਉਸ ਦੇ ਦੋਨੋਂ ਸਾਥੀ ਦੋਨੋਂ ਪੁਲਸੀਆਂ ਤੋਂ ਲੜ ਛੁਡਾਕੇ ਭਜ ਗਏ।

ਕਾਨ੍ਹਪੁਰ ਨੇੜੇ ਭਗਤ ਸਿੰਘ ਨੇ ਇਕ ਕੌਮੀ ਸਕੂਲ ਵਿਚ ਹੈਡਮਾਸਟਰ ਦੇ ਤੌਰ ਤੇ ਵੀ ਕੰਮ ਕੀਤਾ। ਅਕਤੂਬਰ 1924 ਵਿਚ ਆਏ ਹੜ੍ਹਾਂ ਸਮੇਂ ਵੀ ਭਗਤ ਸਿੰਘ ਨੇ ਕਾਨ੍ਹਪੁਰ ਦੇ ਲੋਕਾਂ ਦੀ ਸੇਵਾ ਵਿਚ ਭਾਗ ਲਿਆ।

1925 ਵਿਚ ਭਗਤ ਸਿੰਘ ਦੇ ਦਾਦੀ ਜੀ ਬਹੁਤ ਬੀਮਾਰ ਹੋ ਗਏ। ਉਹਨਾਂ ਨੇ ਭਗਤ ਸਿੰਘ ਨੂੰ ਮਿਲਣ ਦੀ ਤੀਬਰ ਇੱਛਾ ਪ੍ਰਗਟਾਈ। ਸ: ਕਿਸ਼ਨ ਸਿੰਘ ਕਾਫੀ ਖੋਜ ਅਤੇ ਯੋਜਨਾ ਮਗਰੋਂ ਇਕ ਦਸਤੀ ਚਿੱਠੀ ਭਗਤ ਸਿੰਘ ਤਕ ਪਹੁੰਚਾਉਣ ਵਿਚ ਸਫਲ ਹੋਏ ਜਿਸ ਵਿਚ ਉਹਨਾਂ ਭਗਤ ਸਿੰਘ ਦੀ ਦਾਦੀ ਦੀ ਇੱਛਾ ਦੱਸੀ ਅਤੇ ਇਹ ਹੀ ਯਕੀਨ ਦੁਆਇਆ ਕਿ ਭਗਤ ਸਿਘ ਦੀ ਸ਼ਾਦੀ ਨਹੀਂ ਕੀਤੀ ਜਾਵੇਗੀ। ਇਸ ਤੇ ਭਗਤ ਸਿੰਘ ਵਾਪਿਸ ਆ ਗਿਆ। ਉਸ ਨੇ ਆਪਣੀ ਦਾਦੀ ਦੀ ਬੜੀ ਸੇਵਾ ਕੀਤੀ। ਉਹ ਤੰਦਰੁਸਤ ਹੋ ਗਈ ਪਰ ਆਪਣੀ ਦਾਦੀ ਦੇ ਮਜ਼ਬੂਰ ਕਰਨ ਤੇ ਭਗਤ ਸਿੰਘ ਮੁੜਕੇ ਜਲਦੀ ਕਾਨ੍ਹਪੁਰ ਨਾ ਜਾ ਸਕਿਆ।

1925 ਵਿਚ ਜੈਤੋ ਦੇ ਮੋਰਚੇ ਸਮੇਂ ਭਗਤ ਸਿੰਘ ਨੇ ਪਿੰਡ ਵਾਲਿਆਂ ਦੀ ਸਹਾਇਤਾ ਨਾਲ ਅਕਾਲੀ ਜਥੇ

ਦਾ ਬਹੁਤ ਧੂਮ ਧਾਮ ਨਾਲ ਸੁਆਗਤ ਕੀਤਾ ਜਿਸ ਤੇ ਉਸ ਦੇ ਵਰੰਟ ਜਾਰੀ ਹੋ ਗਏ। ਇਸ ਲਈ ਉਹ ਦਿਲੀ ਚਲਾ ਗਿਆ ਅਤੇ ਅਕਾਲੀ ਮੋਰਚੇ ਦੇ ਖਤਮ ਹੋਣ ਤਕ ਦਿਲੀ ਵਿਚ ਬਲਵੰਤ ਦੇ ਫਰਜ਼ੀ ਨਾਂ ਹੇਠ 'ਵੀਰ ਅਰਜਨ ਵਿਚ ਕੰਮ ਕਰਦਾ ਰਿਹਾ।

1926 ਵਿਚ ਭਗਤ ਸਿੰਘ ਲਾਹੌਰ ਵਿਖੇ ਅਗਾਂਹ ਵਧੂ ਨੌਜਵਾਨਾਂ ਨੂੰ ਇਕੱਠੇ ਕਰਕੇ 'ਨੌਜਵਾਨ ਭਾਰਤ ਸਭਾ' ਸੰਗਠਤ ਕੀਤੀ। ਜਿਸ ਦੇ ਪ੍ਰਧਾਨ ਰਾਮ ਕ੍ਰਿਸ਼ਨ ਅਤੇ ਸਕੱਤਰ ਭਗਤ ਸਿੰਘ ਸੀ। ਇਸ ਸਭਾ ਦੇ ਪਰਖੇ ਮੈਂਬਰ ਅਗੇ 'ਹਿੰਦੁਸਤਾਨ ਰੀਪਬਲੀਕਨ ਐਸੋਸੀਏਸ਼ਨ' ਵਿਚ ਲਏ ਜਾਂਦੇ ਹਨ। 1928 ਵਿਚ ਲਾਹੌਰ ਵਿਚ ਵਿਦਿਆਰਥੀ ਯੂਨੀਅਨ ਵੀ ਸੰਗਠਤ ਕੀਤੀ ਗਈ ਜਿਹੜੀ ਕਿ ਨੌਜਵਾਨ ਭਾਰਤ ਸਭਾ ਦੀ ਸਹਾਇਕ ਹੀ ਸੀ।

ਭਗਤ ਸਿੰਘ ਦੀਆਂ ਸਰਗਰਮੀਆਂ ਤੇ ਸਰਕਾਰ ਦੀ ਕਰੜੀ ਨਿਗਾਹ ਸੀ। 1927 ਵਿਚ ਦੁਸਹਿਰੇ ਵਿਚ ਬੰਬ ਚਲਣ ਦੀ ਘਟਣਾ ਦੇ ਸਬੰਧ ਵਿਚ ਸਰਕਾਰ ਨੇ ਭਗਤ ਸਿੰਘ ਨੂੰ ਗ੍ਰਿਫਤਾਰ ਕਰਨ ਦਾ ਬਹਾਨਾ ਕੱਢ ਲਿਆ। ਉਸ ਨੂੰ 60000 ਰੁਪੈ ਦੀ ਜ਼ਮਾਨਤ ਤੇ ਛੱਡਿਆ ਗਿਆ। ਬਾਅਦ ਵਿਚ ਇਹ ਜ਼ਮਾਨਤ ਮਨਸੂਖ ਕਰ ਦਿਤੀ ਗਈ।

ਸਤੰਬਰ 1928 ਨੂੰ 'ਹਿੰਦੁਸਤਾਨ ਰੀਪਬਲੀਕਨ ਐਸੋਸੀਏਸ਼ਨ' ਦੀ ਕੋਟਲਾ ਫਿਰੋਜ਼ਸ਼ਾਹ (ਦਿਲੀ ਲਾਗੇ) ਕਾਨਫਰੰਸ ਹੋਈ। ਭਗਤ ਸਿੰਘ ਇਸ ਕਾਨਫਰੰਸ ਦਾ ਸਕੱਤਰ ਸੀ। ਭਗਤ ਸਿੰਘ ਦੀ ਸਲਾਹ ਅਨੁਸਾਰ ਇਸ ਸਗੰਠਨ ਦਾ ਨਾਮ 'ਹਿੰਦੁਸਤਾਨ ਸੋਸ਼ਲਿਸਟ ਰੀਪਬਲੀਕਨ ਐਸੋਸੀਏਸ਼ਨ' ਰਖ ਦਿਤਾ। ਇਸ ਸਮੇਂ ਕਾਨਫਰੰਸ ਨੇ ਸਾਈਮਨ ਕਮਿਸ਼ਨ ਦਾ ਬਾਈਕਾਟ, ਕਮਿਸ਼ਨਰ ਦੀ ਗੱਡੀ ਤੇ ਬੰਬ ਸੁਟਣਾ, ਬੰਬ ਬਣਾਉਣ ਦਾ ਪ੍ਰਬੰਧ ਕਰਨਾ, ਸੂਹੀਆਂ ਦਾ ਕਤਲ, ਜੁਗੇਸ਼ ਚੰਦਰ ਚੈਟਰ ਜੀ ਜੇਲ੍ਹ ਤੋਂ ਆਜ਼ਾਦ ਕਰਾਉਣਾ ਆਦਿ ਫੈਸਲੇ ਕੀਤੇ।

ਇਸ ਸਮੇਂ ਭਗਤ ਸਿੰਘ ਦੀ ਚੁਸਤੀ ਅਤੇ ਦਲੇਰੀ ਦੀ ਇਕ ਹੋਰ ਮਸਾਲ ਵਰਨਣ ਯੋਗ ਹੈ।' ਕਾਨਫਰੰਸ ਤੋਂ ਬਾਅਦ ਦਿਲੀ ਵਿਚੋਂ ਨਿਕਲਦਿਆਂ ਭਗਤ ਸਿੰਘ ਨੇ ਪੁਲਸ ਦੀ ਵਰਦੀ ਪਾਈ ਹੋਈ ਸੀ। ਪੁਲਸ ਇਨਕਲਾਬੀਆਂ ਨੂੰ ਫੜਨ ਲਈ ਬੜੀ ਚੁਕੰਨੀ ਸੀ। ਇਕ ਥਾਣੇਦਾਰ ਨੇ ਭਗਤ ਸਿੰਘ ਸਿੰਘ ਬਾਰੇ ਪੁਛ-ਗਿਛ ਸ਼ੁਰੂ ਕਰ ਦਿਤੀ। ਥਾਣੇਦਾਰ ਦੇ ਸਵਾਲਾਂ ਦੇ ਉਤਰ ਵਿਚ ਭਗਤ ਸਿੰਘ ਨੇ ਦਸਿਆ ਕਿ ਉਹ ਥਾਣਾ ਨਿਹਾਲ ਸਿੰਘ ਵਾਲਾ ਦਾ ਸਿਪਾਹੀ ਸੀ ਤੇ ਕੈਦੀਆ ਨੂੰ ਛੱਡਣ ਲਈ ਦਿਲੀ ਆਇਆ ਸੀ। ਉਸ ਦਾ ਸਾਥੀ ਰੇਲਵੇ ਪਾਸ ਬਦਲਾਉਣ ਲਈ ਟਿਕਟ-ਘਰ ਗਿਆ ਸੀ। ਥਾਣੇਦਾਰ ਨੂੰ ਸ਼ੱਕ ਹੋ ਗਿਆ। ਉਹ ਆਪਣੀ ਸ਼ੱਕ ਨਵਿਰਤ ਕਰਨ ਲਈ ਟਿਕਟ ਘਰ ਗਿਆ। ਭਗਤ ਸਿੰਘ ਰੇਲ ਗੱਡੀ ਵਿਚ ਵੜ ਗਿਆ ਅਤੇ ਟੱਟੀ ਵਿਚ ਵੜਕੇ ਆਪਣਾ ਭੇਸ ਬਦਲ ਲਿਆ। ਭਗਵੇਂ ਕਪੜੇ ਪਾ ਕੇ ਹੱਥ ਵਿਚ ਗੀਤਾ ਫੜਕੇ ਉਹ ਸਾਧੂ ਬਣਕੇ ਕਿਸੇ ਹੋਰ ਡੱਬੇ ਵਿਚ ਵੜ ਗਿਆ। ਇਨੇ ਵਿਚ ਗੱਡੀ ਚਲ ਪਈ। ਪੁਲੀਸ ਨੇ ਅਗਲੇ ਸਟੇਸ਼ਨ ਤੇ ਜਾ ਕੇ ਗੱਡੀ ਦੀ ਤਲਾਸ਼ੀ ਕੀਤੀ ਪਰੰਤੂ ਉਸ ਸਿਪਾਹੀ (ਜੋ ਹੁਣ ਸਾਧੂ ਸੀ) ਨੂੰ ਲੱਭ ਨਾ ਸਕੀ।

ਫਰਵਰੀ 1928 ਵਿਚ ਸਾਈਮਨ ਕਮਿਸ਼ਨ ਭਾਰਤ ਆਇਆ ਅਤੇ ਕੌਮੀ ਕਾਂਗਰਸ ਨੇ ਇਸ ਦਾ ਦੇਸ ਪੱਧਰ ਤੇ ਬਾਈਕਾਟ ਕੀਤਾ। ਕਮਿਸ਼ਨ 30 ਅਕਤੂਬਰ 1928 ਨੂੰ ਲਾਹੌਰ ਪਹੁੰਚਿਆ। ਬਾਈਕਾਟ ਕਰਨ ਵਾਲੇ ਜਲੂਸ ਦੀ ਅਗਵਾਈ ਲਾਲਾ ਲਾਜਪਤ ਰਾਏ ਕਰ ਰਹੇ ਸਨ। ਭਗਤ ਸਿੰਘ ਤੇ ਸਾਥੀ ਜਲੂਸ ਦੀ ਅਗਲੀਆਂ ਕਤਾਰਾਂ ਵਿਚ ਸਨ। ਉਹ ਕਾਲੇ ਝੰਡੇ ਫੜਕੇ 'ਸਾਈਮਨ ਕਮਿਸ਼ਨ ਗੋ ਬੈਕ' 'ਇਨਕਲਾਬ ਜ਼ਿੰਦਾਬਾਦ' ਦੇ ਨਾਅਰੇ ਲਾਉਂਦੇ ਸਟੇਸ਼ਨ ਵਲ ਵਧੇ।

ਭੀੜ ਤੇ ਲਾਠੀ ਚਾਰਜ ਹੋਇਆ । ਪੁਲੀਸ ਪਾਰਟੀ ਦੀ ਅਗਵਾਈ ਐਸ. ਪੀ. ਮਿਸਟਰ ਸਕਾਟ ਕਰ ਰਹੇ ਸਨ । ਇਸ ਲਾਠੀ ਚਾਰਜ ਦੇ ਦੌਰਾਨ ਲਾਲਾ ਜੀ ਨੂੰ ਸਖਤ ਚੋਟਾਂ ਆਈਆਂ ਜਿਸ ਕਰਕੇ ਉਹ 17 ਨਵੰਬਰ 1928 ਨੂੰ ਪ੍ਰਾਣ ਤਿਆਗ ਗਏ । ਇਸ ਘਟਨਾ ਨੂੰ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਨੇ ਰਾਸ਼ਟਰ ਦਾ ਅਪਮਾਨ ਸਮਝਿਆ । ਇਸ ਤੇ ਉਹਨਾਂ ਇਕ ਪੋਸਟਰ ਕੱਢਿਆ ਜਿਸ ਤੇ ਲਿਖਿਆ ਸੀ 'ਖੂਨ ਦਾ ਬਦਲਾ ਖੂਨ' ।

ਲਾਲਾ ਜੀ ਦੀ ਮੌਤ ਦਾ ਬਦਲਾ ਲੈਣ ਲਈ ਆਜ਼ਾਦ ਦੀ ਪ੍ਰਧਾਨਗੀ ਹੇਠ 'ਹਿੰਦਸਤਾਨ ਸਮਾਜਵਾਦੀ ਰੀਪਬਲੀਕਨ ਆਰਮੀ' ਦੀ ਮੀਟਿੰਗ ਲਾਹੌਰ ਵਿਖੇ ਹੋਈ ਜਿਸ ਵਿਚ ਭਗਤ ਸਿੰਘ, ਮਹਾਂਵੀਰ ਸਿੰਘ, ਚੰਦਰ ਸ਼ੇਖਰ ਆਜ਼ਾਦ ਰਾਜਗੁਰੂ, ਸੁਖਦੇਵ, ਜੈ ਗੋਪਾਲ, ਕਿਸ਼ੋਰੀ ਲਾਲ ਅਤੇ ਦੁਰਗਾ ਦੇਵੀ (ਭਗਵਤੀ ਚਰਨ ਦੀ ਪਤਨੀ) ਨੇ ਭਾਗ ਲਿਆ । ਇਸ ਵਿਚ ਭਗਤ ਸਿੰਘ, ਰਾਜਗੁਰੂ, ਸੁਖਦੇਵ, ਆਜ਼ਾਦ ਅਤੇ ਜੈ ਗੋਪਾਲ ਦੀ ਡਿਊਟੀ ਸਕਾਟ ਦਾ ਖਾਤਮਾ ਕਰਨ ਲਈ ਲਾਈ ਗਈ । ਜੈ ਗੋਪਾਲ ਨੇ ਸਕਾਟ ਦੀ ਰੇਕੀ ਕੀਤੀ । 17 ਨਵੰਬਰ 1928 ਨੂੰ ਜੈ ਗੋਪਾਲ ਦੇ ਇਸ਼ਾਰੇ ਮੁਤਾਬਿਕ ਦਫਤਰੋਂ ਨਿਕਲਦੇ ਗੋਰੇ ਅਫਸਰ ਤੇ ਹਮਲਾ ਕੀਤਾ ਗਿਆ ਜੋ ਸਕਾਟ ਨਹੀਂ ਸਗੋਂ ਜੇ. ਪੀ. ਸਾਂਡਰਸ ਅਸਿਸਟੈਂਟ ਸੁਪਰਟਿਨਟੈਂਡੈਂਟ ਪੁਲੀਸ ਸੀ ਜੋ ਮੋਟਰ ਸਾਇਕਲ ਤੇ ਕਿਤੇ ਬਾਹਰ ਜਾਣ ਲਈ ਨਿਕਲਿਆ ਸੀ । ਉਸੇ ਨੂੰ ਰਾਜਗੁਰੂ ਨੇ ਗੋਲੀ ਮਾਰਕੇ ਡੇਗ ਦਿਤਾ । ਇਸ ਤੋਂ ਬਾਅਦ 4-5 ਗੋਲੀਆਂ ਨਾਲ ਭਗਤ ਸਿੰਘ ਨੇ ਉਸ ਦਾ ਭੋਗ ਪਾ ਦਿਤਾ । ਮੁਨਸ਼ੀ ਚੰਨਣ ਸਿੰਘ ਨੇ ਰੌਲਾ ਪਾਉਂਦਿਆਂ ਉਹਨਾਂ ਦਾ ਪਿੱਛਾ ਕੀਤਾ ਪਰੰਤੂ ਸ਼ੇਖਰ ਦੀ ਗੋਲੀ ਨੇ ਉਸ ਦਾ ਵੀ ਭੋਗ ਪਾ ਦਿਤਾ ।

ਉਹ ਸਾਰੇ ਕੋਰਟ ਸਟਰੀਟ ਚੋਂ ਦੌੜਕੇ ਪਲਾਨ ਮੁਤਾਬਿਕ ਡੀ. ਏ. ਵੀ. ਕਾਲਜ ਪਹੁੰਚੇ । ਉਥੇ ਭਗਤ ਸਿੰਘ ਨੇ ਭੇਸ ਵਟਾ ਲਿਆ । ਵਾਲ ਕਟਾਕੇ ਹੈਟ ਲੈ ਲਿਆ । ਆਪਣੇ ਇਕ ਮਿੱਤਰ ਦਾ ਸੂਟ ਪਾ ਲਿਆ ਅਤੇ ਆਪਣੇ ਮਿੱਤਰ ਤੋਂ ਕੁਝ ਪੈਸੇ ਲੈ ਕੇ ਦੁਰਗਾ ਦੇਵੀ ਦੇ ਘਰ ਪਹੁੰਚਿਆ । ਕਹਿੰਦੇ ਨੇ ਉਸ ਦੇ ਬਦਲੇ ਭੇਸ ਨੂੰ ਦੇਖ ਕੇ ਦੁਰਗਾ ਦੇਵੀ ਉਸ ਨੂੰ ਪਹਿਚਾਣ ਨਾ ਸਕੀ । ਭਗਤ ਸਿੰਘ ਨੇ ਦੁਰਗਾ ਦੇਵੀ ਦੇ ਬੱਚੇ ਸੁਚਿੰਦਰ ਨੂੰ ਗੋਦ ਚੁਕਿਆ, ਦੁਰਗਾ ਦੇਵੀ ਨੂੰ ਨਾਲ ਲਿਆ ਅਤੇ ਟਾਂਗੇ ਤੇ ਚੜ੍ਹਕੇ ਸਟੇਸ਼ਨ ਪਹੁੰਚੇ ਅਤੇ ਫਸਟ ਕਲਾਸ ਦੀਆਂ ਟਿਕਟਾਂ ਲੈ ਕੇ ਗੱਡੀ ਚੜ੍ਹ ਗਏ । ਰਾਜਗੁਰੂ ਵੀ ਘਰੇਲੂ ਨੌਕਰ ਦੀ ਸ਼ਕਲ ਵਿਚ ਉਹਨਾਂ ਨਾਲ ਨਿਕਲ ਗਿਆ । ਸ਼ੇਖਰ ਪੰਡਤ ਬਣਕੇ ਮਥਰਾ ਜਾਣ ਵਾਲੇ ਜਥੇ ਨਾਲ ਲਾਹੌਰੋਂ ਬਚਕੇ ਨਿਕਲ ਗਿਆ ।

ਲਾਹੌਰੋਂ ਬਚਕੇ ਭਗਤ ਸਿੰਘ ਕਲਕੱਤੇ ਪਹੁੰਚ ਗਿਆ । ਉਥੇ ਉਹ ਪੀ. ਐਨ ਘੋਸ਼ ਅਤੇ ਜੇ. ਐਨ. ਦਾਸ ਨੂੰ ਮਿਲਿਆ । ਜਿਨ੍ਹਾਂ ਨਾਲ ਉਸ ਨੇ ਬੰਬ ਬਣਾਉਣ ਵਾਲੇ ਵਿਸ਼ੇ ਤੇ ਗੱਲ ਬਾਤ ਕੀਤੀ । ਇਹਨਾਂ ਦਿਨਾਂ ਵਿਚ ਰੀਪਬਲੀਕਨ ਐਸੋਸੀਏਸ਼ਨ ਦੀ ਬੰਬ ਫੈਕਟਰੀਆਂ ਖੋਲ੍ਹਣ ਦੀ ਮੁਹਿੰਮ ਜ਼ੋਰਾਂ ਤੇ ਸੀ । ਇਸ ਵਿਚ ਭਗਤ ਸਿੰਘ ਨੇ ਕਾਫੀ ਸਰਗਰਮ ਰੋਲ ਅਦਾ ਕੀਤਾ ।

ਇਸ ਤੋਂ ਬਾਅਦ ਹਿੰਦੁਸਤਾਨ ਰੀਪਬਲੀਕਨ ਪਾਰਟੀ ਦੀ ਕੇਂਦਰੀ ਕਮੇਟੀ ਦੀ ਮੀਟਿੰਗ ਆਗਰੇ ਦੇ 'ਹੀਂਗ ਕੀ ਮੰਡੀ' ਹਾਊਸ ਵਿਚ ਰੱਖੀ ਗਈ ਜਿਸ ਵਿਚ ਸੇਫਟੀ ਬਿਲ ਅਤੇ ਟਰੇਡ ਡਿਸਪਿਊਟਸ ਬਿਲ ਨਾਲ ਪੈਦਾ ਹੋਏ ਹਾਲਾਤਾਂ ਤੇ ਵਿਚਾਰ ਕੀਤੀ ਗਈ । ਇਸ ਮੀਟਿੰਗ ਨੇ ਪਾਸ ਕੀਤਾ ਕਿ ਇਸ ਬਿਲ ਤੇ ਵੋਟਾਂ ਹੋਣ ਸਮੇਂ ਅਸੈਂਬਲੀ ਵਿਚ ਬੰਬ ਸੁਟੇ ਜਾਣ । ਇਸ ਐਕਸ਼ਨ ਦੇ ਸਬੰਧ ਵਿਚ ਭਗਤ ਸਿੰਘ ਅਤੇ ਬੀ. ਕੇ. ਦੱਤ ਦੀ ਡਿਊਟੀ ਲਾਈ ਗਈ । ਉਹਨਾਂ ਨੇ ਵਿਜ਼ਟਰ

ਪਾਸ ਦਾ ਪ੍ਰਬੰਧ ਕਰ ਲਿਆ ਅਤੇ 8 ਅਪ੍ਰੈਲ 1929 ਨੂੰ ਅਸੈਂਬਲੀ ਦੀ ਪਬਲਕ ਗੈਲਰੀ ਵਿਚ ਪਹੁੰਚ ਗਏ। ਉਹਨਾਂ ਬਿਲ ਪਾਸ ਹੋਣ ਦਾ ਸਾਰਾ ਨਾਟਕ ਦੇਖਿਆ। ਜਦ ਪ੍ਰਧਾਨ ਆਪਣਾ ਫੈਸਲਾ ਦੇਣ ਲਈ ਉਠਿਆ ਤਾਂ ਭਗਤ ਸਿੰਘ ਨੇ ਖੜਾ ਹੋ ਕੇ ਗ੍ਰਹਿ ਮੈਂਬਰਾਂ ਦੇ ਪਿੱਛੇ ਇਕ ਬੰਬ ਸੁਟਿਆ। ਇਸ ਤੋਂ ਬਾਅਦ ਉਹਨਾਂ ਇਕ ਬੰਬ ਹੋਰ ਸੁਟਿਆ। ਗੋਰੇ ਅਫਸਰ ਕੁਰਸੀਆਂ ਥੱਲੇ ਵੜ ਗਏ। ਇਸ ਦੇ ਉਪਰੰਤ ਓਹਨਾਂ 'ਇਨਕਲਾਬ ਜ਼ਿੰਦਾਬਾਦ' ਦੇ ਨਾਅਰੇ ਲਾਏ ਅਤੇ ਕੁਝ ਇਸ਼ਤਿਹਾਰ ਵੀ ਸੁਟੇ ਜਿਨ੍ਹਾਂ ਵਿਚੋਂ ਇਕ ਹਿੰਦੁਸਤਾਨ ਟਾਈਮਜ਼ ਦੇ ਕਿਸੇ ਹਿੰਮਤੀ ਪੱਤਰ ਪ੍ਰੇਰਕ ਨੇ ਲਿਆ ਕੇ ਪ੍ਰੈਸ ਵਿਚ ਦੇ ਦਿਤਾ। ਇਸ਼ਤਿਹਾਰ ਦੇ ਮੁਢਲੇ ਲਫਜ਼ ਸਨ:

'ਬੋਲੇ ਨੂੰ ਸੁਣਾਉਣ ਲਈ ਕੜਕਵੀਂ ਆਵਾਜ਼ ਦੀ ਜ਼ਰੂਰਤ ਪੈਂਦੀ ਹੈ।'

ਇਸ ਸਮੇਂ ਭਗਤ ਸਿੰਘ ਤੇ ਬੀ. ਕੇ. ਦੱਤ ਭਜ ਕੇ ਬਚ ਵੀ ਸਕਦੇ ਸਨ ਪਰੰਤੂ ਉਹਨਾਂ ਆਪਣੀ ਮਿਥੀ ਸਕੀਮ ਮੁਤਾਬਕ ਆਪਣੇ ਆਪ ਨੂੰ ਪੇਸ਼ ਕਰ ਦਿਤਾ। ਸਾਰਜੰਟ ਟੈਰੀ ਨੇ ਉਹਨਾਂ ਨੂੰ ਗ੍ਰਿਫ਼ਤਾਰ ਕੀਤਾ।

ਜਦੋਂ ਉਹਨਾ ਨੂੰ ਪੁਲਸ ਦੀ ਗੱਡੀ ਵਿਚ ਚਾਂਦਨੀ ਚੋਕ ਕੋਤਵਾਲੀ ਲਿਜਾਇਆ ਜਾ ਰਿਹਾ ਸੀ ਤਾਂ ਇਹ ਇਕ ਟਾਂਗੇ ਪਾਸੋਂ ਲੰਘੀ ਜਿਸ ਵਿਚ ਭਗਵਤੀ ਚਰਨ ਉਸਦੀ ਪਤਨੀ ਦੁਰਗਾ ਦੇਵੀ ਅਤੇ ਉਹਨਾਂ ਦਾ ਬੱਚਾ ਸੁਚਿੰਦਰ ਬੈਠੇ ਸਨ। ਕਹਿੰਦੇ ਨੇ ਕਿ ਸਚਿੰਦਰ ਭਗਤ ਸਿੰਘ ਨੂੰ ਪਛਾਣ ਕੇ ਚਿੱਲਾ ਉਠਿਆ 'ਲੰਮੇ ਚਾਚਾ ਜੀ, ਲੰਮੇ ਚਾਚਾ ਜੀ'। ਪਰੰਤੂ ਦੁਰਗਾ ਦੇਵੀ ਨੇ ਝੱਟ ਉਸ ਦੇ ਮੂੰਹ ਤੇ ਹੱਥ ਰੱਖ ਲਿਆ ਅਤੇ ਮੌਕਾ ਸਾਂਭ ਲਿਆ।

ਭਗਤ ਸਿੰਘ ਅਤੇ ਦੱਤ ਦੀ ਗ੍ਰਿਫਤਾਰੀ ਤੋਂ ਬਾਅਦ ਪੁਲਸ ਪਾਰਟੀ ਦੇ ਹੋਰ ਓਘੇ ਵਰਕਰਾਂ ਨੂੰ ਪਕੜਨ ਵਿਚ ਵੀ ਸਫਲ ਹੋ ਗਈ। ਲਾਹੌਰ ਬੰਬ ਫੈਕਟਰੀ ਤੇ ਵੀ ਛਾਪਾ ਪੈ ਗਿਆ ਜਿਸ ਤੋਂ ਪੁਲੀਸ ਨੂੰ ਉਹਨਾ ਦੇ ਬਹੁਤ ਜ਼ਰੂਰੀ ਕਾਗਜ਼ ਵੀ ਪ੍ਰਾਪਤ ਹੋਏ।

ਭਗਤ ਸਿੰਘ ਤੇ ਦੱਤ ਦਾ ਚਲਾਣ ਏ. ਡੀ. ਐਮ. ਦਿਲੀ ਦੀ ਅਦਾਲਤ ਵਿਚ ਪੇਸ਼ ਕੀਤਾ ਜਿਥੇ ਉਹਨਾਂ ਬਿਆਨ ਦੇਣੋਂ ਇਨਕਾਰ ਕਰ ਦਿਤਾ। ਇਸ ਲਈ ਓਹਨਾਂ ਦਾ ਕੇਸ ਦਿਲੀ ਦੀ ਸ਼ੈਸਨ ਕੋਰਟ ਵਿਚ ਭੇਜਿਆ ਗਿਆ। ਉਹਨਾਂ ਤੇ ਭਾਰਤੀ ਦੰਡ ਵਿਧਾਨ ਦੀ ਧਾਰਾ 307 ਅਤੇ ਵਿਸਫੋਟਕ ਪਦਾਰਥ ਐਕਟ ਦੀ ਧਾਰਾ 3 ਮੁਤਾਬਿਕ ਮੁਕੱਦਮਾ ਦਰਜ ਕੀਤਾ ਗਿਆ। 6 ਜੂਨ 1929 ਨੂੰ ਉਹਨਾਂ ਇਕ ਲਿਖਤੀ ਬਿਆਨ ਰਾਹੀਂ ਆਪਣਾ ਬੰਬ ਸੁਟਣਾ ਮੰਨਿਆ ਅਤੇ ਉਸਦਾ ਕਾਰਣ ਬੋਲਿਆਂ ਨੂੰ ਆਵਾਜ਼ ਸੁਨਾਉਣਾ ਦੱਸਿਆ। ਉਹਨਾ ਇਹ ਵੀ ਦੱਸਿਆ ਕਿ ਉਹਨਾਂ ਦਾ ਮਕਸਦ ਕਿਸੇ ਨੂੰ ਮਾਰਨਾ ਨਹੀਂ, ਸਗੋਂ ਬਿਲ ਪ੍ਰਤੀ ਲੋਕਾਂ ਦਾ ਰੋਸ ਪ੍ਰਗਟਾਉਣਾ ਸੀ। 12 ਜੂਨ 1929 ਨੂੰ ਉਹਨਾਂ ਨੂੰ ਉਪ੍ਰੋਕਤ ਧਾਰਾਵਾਂ ਅਧੀਨ ਉਮਰ ਕੈਦ ਦੀ ਸਜ਼ਾ ਸੁਣਾਈ ਗਈ। ਬਾਅਦ ਵਿਚ 13 ਜਨਵਰੀ 1930 ਨੂੰ ਹਾਈਕੋਰਟ ਨੇ ਉਹਨਾਂ ਦੀ ਅਪੀਲ ਨੂੰ ਰੱਦ ਕਰਦਿਆ ਸ਼ੈਸ਼ਨ ਕੋਰਟ ਦੇ ਫੈਸਲੇ ਦਾ ਸਮਰਥਨ ਕੀਤਾ।

ਜੇਲ੍ਹ ਵਿਚ ਭਗਤ ਸਿੰਘ ਨੇ ਕਈ ਵਾਰ ਜੇਲ੍ਹ ਦੇ ਗੰਦੇ ਪ੍ਰਬੰਧ ਦੇ ਖਿਲਾਫ ਭੁਖ ਹੜਤਾਲ ਕੀਤੀ। ਜੇ. ਐਨ. ਦਾਸ 64 ਦਿਨ ਦਾ ਵਰਤ ਰੱਖਣ ਤੋਂ ਬਾਅਦ ਸ਼ਹੀਦੀ ਪ੍ਰਾਪਤ ਕਰ ਗਿਆ। ਦਾਸ ਦੀ ਮੌਤ ਨੇ ਲੋਕਾਂ ਵਿਚ ਅੰਗਰੇਜ਼ ਸਰਕਾਰ ਲਈ ਗੁੱਸਾ ਵਧਾ ਦਿਤਾ।

10 ਜੁਲਾਈ 1929 ਨੂੰ ਭਗਤ ਸਿੰਘ ਦਾ ਮੁਕੱਦਮਾ ਸਾਂਡਰਸ ਕਤਲ ਕੇਸ (ਲਾਹੌਰ ਸਾਜ਼ਸ਼ ਕੇਸ) ਦੇ ਸਬੰਧ ਵਿਚ ਸ਼ੁਰੂ ਕੀਤਾ ਗਿਆ। ਇਸ ਸਮੇਂ ਉਹ ਤੇ ਦੱਤ ਭੁਖ ਹੜਤਾਲ ਤੇ ਸਨ। ਕਈ ਵਾਰ ਉਹ ਅਦਾਲਤ ਜਾਣ ਤੋਂ ਇਨਕਾਰ ਕਰ ਦਿੰਦੇ ਅਤੇ ਉਹਨਾਂ ਨੂੰ ਜਬਰਦਸਤੀ ਕਚਹਿਰੀ ਵਿਚ ਲਿਆਂਦਾ ਜਾਂਦਾ। ਉਹ ਸਦਾ ਕਚਹਿਰੀ ਦਾ ਮਖੌਲ ਉਡਾਂਦੇ, ਗਾਣੇ ਗਾਉਂਦੇ ਅਤੇ ਨਾਅਰੇ ਮਾਰਦੇ। ਬਾਅਦ ਵਿਚ ਉਹਨਾਂ ਦਾ ਕੇਸ ਇਕ ਤਿੰਨ ਮੈਂਬਰੀ ਟਰੀਬਿਊਨਲ ਪਾਸ ਸੌਂਪਿਆ ਗਿਆ। ਭਗਤ ਸਿੰਘ ਵਕੀਲ ਕਰਨ ਲਈ ਤਿਆਰ ਨਹੀਂ ਸੀ ਪਰੰਤੂ ਮਿੱਤਰਾਂ ਦੇ ਮਜਬੂਰ ਕਰਨ ਤੇ ਉਸ ਨੇ ਦੁਨੀ ਚੰਦ ਨੂੰ ਆਪਣਾ ਕਾਨੂੰਨੀ ਸਲਾਹਕਾਰ ਪ੍ਰਵਾਨ ਕੀਤਾ।

ਆਪਣੇ ਭਵਿੱਖ ਦੀ ਪ੍ਰਵਾਹ ਨਾ ਕਰਦਿਆਂ ਭਗਤ ਸਿੰਘ ਕਿਤਾਬਾਂ ਪੜ੍ਹਨ ਵਿਚ ਬਹੁਤ ਦਿਲਚਸਪੀ ਲੈਂਦਾ ਸੀ। ਇਸ ਸਮੇਂ ਉਸ ਨੇ ਕਾਫੀ ਮਾਰਕਸਵਾਦੀ ਸਹਿਤ ਪੜ੍ਹਿਆ। ਜੇਹਲਰ ਨੇ ਇਕ ਵਾਰ ਹੈਰਾਨ ਹੋ ਕੇ ਕਿਹਾ, 'ਕੀ ਤੂੰ ਇਹ ਸਾਰੀਆਂ ਕਿਤਾਬਾਂ ਪੜ੍ਹਦਾ ਏਂ" ?

ਭਗਤ ਸਿੰਘ ਦੇ ਉਤਰ ਨੇ ਜੇਹਲਰ ਨੂੰ ਹੋਰ ਵੀ ਹੈਰਾਨ ਕਰ ਦਿਤਾ : ਉਸ ਨੇ ਕਿਹਾ, 'ਤੁਸੀਂ ਇਹਨਾਂ ਵਿਚੋਂ ਕੋਈ ਵੀ ਪ੍ਰਸ਼ਨ ਪੁਛੋ, ਮੈਂ ਉਤਰ ਦੇ ਸਕਦਾ ਹਾਂ।' ਉਸ ਨੇ ਕਿਤਾਬਾਂ 'ਚੋਂ ਕੁਝ ਨੋਟ ਵੀ ਤਿਆਰ ਕੀਤੇ ਜਿਹੜੇ ਇਕ ਕਾਪੀ ਵਿਚ ਦਰਜ ਹਨ। ਇਹ ਕਾਪੀ ਅਜੇ ਵੀ ਭਗਤ ਸਿੰਘ ਦੇ ਭਾਈ ਕੁਲਤਾਰ ਸਿੰਘ ਪਾਸ ਹੈ।

ਚੰਦਰ ਸ਼ੇਖਰ ਆਜ਼ਾਦ ਨੇ ਭਗਤ ਸਿੰਘ ਨੂੰ ਜੇਲ ਚੋਂ ਕੱਢਣ ਦੀ ਯੋਜਨਾ ਬਣਾਈ। 28 ਮਈ 1930 ਨੂੰ ਉਹਨਾਂ ਨੇ ਰਾਵੀ ਦੇ ਕੰਢੇ ਇਕ ਬੰਬ ਪਰਖਿਆ। ਬਦ-ਕਿਸਮਤੀ ਨਾਲ ਇਹ ਭਗਵਤੀ ਚਰਨ ਲਾਗੇ ਫਟਿਆ ਅਤੇ ਉਹ ਥਾਵੇਂ ਹੀ ਸ਼ਹੀਦ ਹੋ ਗਿਆ। ਬਾਦ ਵਿਚ ਸ਼ੇਖਰ ਦੀ ਭਗਤ ਸਿੰਘ ਨੂੰ ਛਡਾਉਣ ਦੀ ਯੋਜਨਾ ਵੀ ਕਾਮਯਾਬ ਨਾ ਹੋ ਸਕੀ।

20 ਸਤੰਬਰ 1930 ਨੂੰ ਜਦ ਕਿਸ਼ਨ ਸਿੰਘ ਨੇ ਦੇਖਿਆ ਕਿ ਭਗਤ ਸਿੰਘ ਨੂੰ ਮੌਤ ਦੀ ਸਜ਼ਾ ਲਾਜ਼ਮੀ ਸੀ, ਉਹ ਆਪਣੇ ਪੇਤਰੀ ਪਿਆਰ ਵਿਚ ਭਾਵਕ ਹੋ ਗਏ ਅਤੇ ਉਹਨਾਂ ਟਰੀਬਿਊਨਲ ਨੂੰ ਇਕ ਦਰਖਾਸਤ ਵਿਚ ਭਗਤ ਸਿੰਘ ਦੀ ਗੈਰ ਹਾਜ਼ਰੀ ਦੀ ਦਲੀਲ ਪ੍ਰਗਟਾਈ ਕਿ ਭਗਤ ਸਿੰਘ ਉਸ ਕਤਲ ਦੀ ਘਟਨਾ ਵਾਲੇ ਦਿਨ ਕਲਕੱਤੇ ਸੀ। ਭਗਤ ਸਿੰਘ ਨੇ ਅਪਣੇ ਪਿਤਾ ਦੀ ਇਸ ਕਮਜ਼ੋਰੀ ਤੇ ਆਪਣੇ ਖ਼ਤ ਵਿਚ ਕਾਫੀ ਰੋਸ ਕੀਤਾ।

ਮੁਕੱਦਮੇ ਦੇ ਫੈਸਲੇ ਵਜੋਂ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਫਾਂਸੀ ਰਾਹੀਂ ਮੌਤ ਦੀ ਸਜ਼ਾ ਸੁਣਾਈ ਗਈ। ਬਾਕੀ ਮੁਜਰਮਾਂ ਵਿਚੋਂ ਸ਼ਿਵ ਵਰਮਾ, ਕਿਸ਼ੋਰੀ ਲਾਲ, ਗਯਾ ਪ੍ਰਸਾਦ, ਜੇ ਦੇਵ ਕਪੂਰ, ਵਿਜੇ ਕੁਮਾਰ ਸਿਨਹਾ, ਮਹਾਂਵੀਰ ਸਿੰਘ ਅਤੇ ਕਮਲ ਲਾਲ ਤਿਵਾੜੀ ਨੂੰ ਉਮਰ ਕੈਦ ਦੀ ਸਜ਼ਾ ਹੋਈ।

ਸਜ਼ਾ ਦੇ ਐਲਾਨ ਤੋਂ ਬਾਅਦ ਦਾ ਸਮਾਂ ਵੀ ਭਗਤ ਸਿੰਘ ਨੇ ਮਾਰਕਸ ਦੀ ਕਮਿਊਨਿਸਟ ਮੈਨੀਫੈਸਟੋ ਅਤੇ ਲੈਨਨ ਦੀ ਜੀਵਨੀ ਆਦਿ ਕਿਤਾਬਾਂ ਪੜ੍ਹਨ 'ਚ ਬਿਤਾਇਆ। ਇਸੇ ਸਮੇਂ ਦੌਰਾਨ ਉਸ ਨੂੰ ਬਾਬਾ ਚੂਹੜ ਸਿੰਘ ਗ਼ਦਰੀ ਅਤੇ ਸੰਤ ਰਣਧੀਰ ਸਿੰਘ ਵੀ ਮਿਲੇ। ਸੰਤ ਜੀ ਦੀ ਸਿਖਿਆ ਨੇ ਭਗਤ ਸਿੰਘ ਦੇ ਮਨ ਤੇ ਕਾਫੀ ਅਸਰ ਪਾਇਆ।

ਪਰਵਾਰ ਦੇ ਸਾਰੇ ਮੈਂਬਰਾਂ ਨੇ ਭਗਤ ਸਿੰਘ ਨਾਲ ਅੰਤਮ ਮੁਲਾਕਾਤ ਕੀਤੀ ਅਤੇ ਹਰ ਇਕ ਨੇ ਉਸ ਨੂੰ ਫਟੇ

ਰਹਿਣ ਲਈ ਹੱਲਾ ਸ਼ੇਰੀ ਕੀਤੀ । ਸ: ਕਿਸ਼ਨ ਸਿੰਘ ਨੇ ਮੁਲਾਕਾਤ ਦੌਰਾਨ ਭਗਤ ਸਿੰਘ ਨੂੰ ਦਸਿਆ ਕਿ ਗਾਂਧੀ ਇਰਵਨ ਸਮਝੌਤੇ ਮੁਤਾਬਿਕ ਕੇਵਲ ਕਾਂਗਰਸੀ ਕੈਦੀ ਹੀ ਰਿਹਾ ਕੀਤੇ ਜਾਣਗੇ ਪਰ ਕੋਈ ਵੀ ਇਨਕਲਾਬੀ ਕੈਦੀ ਛੱਡਿਆ ਨਹੀਂ ਜਾਵੇਗਾ । ਉਹਨਾਂ ਭਗਤ ਸਿੰਘ ਪਾਸ ਗਾਂਧੀ ਦੀ ਇਰਵਨ ਪਾਸ ਕਹੀ ਗਲ ਵੀ ਦੱਸੀ : 'ਜੇ ਇਹਨਾਂ ਤਿੰਨਾਂ ਛੋਕਰਿਆਂ ਨੂੰ ਫਾਹੇ ਲਾਣਾ ਈ ਏ ਤਾ ਇਹ ਕੰਮ ਕਰਾਚੀ ਸ਼ੈਸ਼ਨ ਤੋਂ ਪਹਿਲਾਂ ਹੋ ਜਾਣਾ ਚਾਹੀਦਾ ਏ ।

ਭਗਤ ਸਿੰਘ ਅਤੇ ਉਸ ਦੇ ਸਾਥੀਆਂ ਗਵਰਨਰ ਨੂੰ ਇਕ ਚਿਠੀ ਲਿਖੀ ਜਿਸ ਵਿਚ ਉਹਨਾਂ ਅਪੀਲ ਕੀਤੀ ਕਿ ਉਹ ਜੰਗੀ ਕੈਦੀ ਸਨ ਅਤੇ ਇਸ ਲਈ ਉਹਨਾਂ ਨੂੰ ਫਾਂਸੀ ਦੀ ਥਾਂ ਗੋਲੀ ਨਾਲ ਉਡਾਉਣਾ ਚਾਹੀਦਾ ਸੀ ।

23 ਮਾਰਚ 1931 ਨੂੰ ਮਿਥੇ ਮੁਤਾਬਿਕ ਇਹਨਾਂ ਤਿੰਨਾਂ ਸੂਰਬੀਰਾਂ ਨੂੰ ਕਾਲੇ ਕਪੜੇ ਪੁਆਕੇ ਫਾਂਸੀ ਦੇ ਤਖਤੇ ਕੋਲ ਲਿਆਂਦਾ ਗਿਆ । ਇਨਕਲਾਬ ਜ਼ਿੰਦਾਬਾਦ ਦੇ ਨਾਅਰੇ ਗੂੰਜੇ । ਦੂਸਰੇ ਕੈਦੀਆਂ ਨੇ ਜੋ ਕਿ ਬੈਰਕਾਂ ਅੰਦਰ ਬੰਦ ਸਨ, ਨਾਅਰਿਆਂ ਦਾ ਉਤਰ ਨਾਅਰਿਆਂ ਵਿਚ ਦੇ ਕੇ ਉਹਨਾਂ ਨੂੰ ਅਲਵਿਦਾ ਆਖੀ । ਫਾਂਸੀ ਦੇ ਫੰਦੇ ਨੂੰ ਚੁੰਮਦਿਆਂ ਭਗਤ ਸਿੰਘ ਦੇ ਮੂੰਹ ਤੇ ਇਹ ਲਫਜ਼ ਸਨ :

ਫੇਗੋਂ ਕੇ ਸਾਏ ਮੇਂ ਹਮ ਪਲ ਕਰ ਜਵਾਂ ਹੂਏ ਹੈਂ
ਏਕ ਖੇਲ ਜਾਨਤੇ ਹੈਂ ਫਾਂਸੀ ਪੇ ਝੂਲ ਜਾਨਾ

ਪੁਲੀਸ ਉਹਨਾਂ ਦੇ ਸਰੀਰ ਦੇ ਟੁਕੜੇ ਕਰਕੇ ਕਾਰਾਂ ਵਿਚ ਰਖਕੇ ਫਿਰੋਜ਼ਪੁਰ ਨੇੜੇ ਸਤਲੁਜ ਦੇ ਕੰਢੇ ਲੈ ਗਈ । ਉਹਨਾਂ, ਉਹਨਾਂ ਦੇ ਸਰੀਰ ਦਾ ਸਸਕਾਰ ਕਰਕੇ ਰਾਖ ਪਾਣੀ ਵਿਚ ਰੋੜ੍ਹ ਦਿਤੀ । ਪਰ ਉਦਮੀ ਲੋਕਾਂ ਨੇ ਉਹਦੇ ਸਸਕਾਰ ਦਾ ਥਾਂ ਲਭ ਲਿਆ ਜਿਥੋਂ ਉਹਨਾ ਦੀਆਂ ਕਝ ਹੱਡੀਆਂ ਵੀ ਮਿਲੀਆਂ ਜਿਨ੍ਹਾਂ ਦਾ ਲੋਕਾਂ ਵਿਚ ਜਲੂਸ ਕਢਿਆ ਗਿਆ । ਸੋ ਇਸ ਤਰ੍ਹਾਂ ਨਾਲ ਇਹ ਕੌਮੀ ਪ੍ਰਵਾਨਾ ਭਾਰਤ ਮਾਂ ਨਾਲ ਹੇਠ ਲਿਖੇ ਬੋਲ ਪੁਗਾ ਗਿਆ :

ਹਮ ਰਹੇਂ ਨਾ ਰਹੇਂ ਕੋਈ ਪਰਵਾਹ ਨਹੀਂ,
ਤੇਰੀ ਰਾਹੋਂ ਕੋ ਰੋਸ਼ਨ ਤੋ ਕਰ ਜਾਏਂਗੇ ।

---




## ਪਾਠਕਾਂ ਦੇ ਨਾਂ

* ਜਦੋਂ ਤੁਹਾਡਾ ਪਤਾ ਬਦਲੇ, ਆਪਣਾ ਨਵਾਂ ਪਤਾ, ਫ਼ੋਨ ਨੰ: ਤੇ ਜ਼ਿਪ ਨੰ: (ਜੋ ਤੁਹਾਡੇ ਐਡਰੈੱਸ ਤੇ ਦਰਜ ਕੀਤਾ ਹੁੰਦਾ ਹੈ) ਜਲਦੀ ਸਾਨੂੰ ਭੇਜੋ ।
* ਕਿਸੇ ਮਹੀਨੇ ਪਰਚਾ ਨਾ ਮਿਲੇ, ਸਾਨੂੰ ਸੂਚਿਤ ਕਰੋ।
* ਡਾਕ-ਪ੍ਰਬੰਧ 'ਚ ਤੇਜ਼ੀ ਲਈ ਆਪਣਾ ਕੋਡ ਨੰਬਰ ਸਾਨੂੰ ਲਿਖਣਾ ਨਾਂ ਭੁੱਲੋ!

EASTERN STAR TRAVEL

# ਈਸਟਰਨ ਸਟਾਰ ਟਰੈਵਲ

# EASTERN STAR TRAVEL

**UNIT "K"-VISTA PLAZA, 7487 EDMONDS ST.. BURNABY, B.C**

* GROUP FLIGHTS TO INDIA, PAKISTAN, FIJI AT VERY LOW PRICE *

* FLY NOW PAY LATER PLAN AVAILABLE *

* WE HELP IN PASSYORT, IMMIGRATION & CITIZENSHIP PROBLEMS *

**PIERA DISANJH - IQBAL JAVAID MOHAMMAD**

**PHONES: (604) 525-6655 & 525-6656**

# HIMALAYA RESTAURANT

LICENSED PREMISES

## 2313 Main Street, Vancouver, B.C.

## Phone: 876-2911

# ਹਿਮਾਲੀਆ ਰੈਸਟੋਰੈਂਟ

• ਹਰ ਕਿਸਮ ਦੀਆਂ ਤਾਜ਼ੀਆਂ ਸੁਆਦੀ ਪੰਜਾਬੀ ਮਠਿਆਈਆਂ ਹਰ ਵਕਤ ਤਿਆਰ ਮਿਲਦੀਆਂ ਹਨ •

• ਹਰ ਕਿਸਮ ਦੀ ਵਿਸਕੀ, ਵਾਈਨ ਅਤੇ ਬੀਅਰ ਵੀ ਮਿਲਦੀ ਹੈ •

• ਵਿਆਹ ਸ਼ਾਦੀਆਂ ਵਿੱਚ INDOOR ਤੇ OUTDOOR ORDERS ਤੇ ਵੱਡੇ ਪੈਮਾਨੇ ਤੇ ਮਠਿਆਈ ਦੀ ਤਿਆਰ ਕੀਤੀ ਜਾਂਦੀ ਹੈ •

# ਗਾਂਧੀ ਅਤੇ ਮੈਂ

(ਰਜਨੀਸ਼)

ਮੇਰੀ ਨਜ਼ਰ ਵਿਚ ਭਾਰਤ ਦੀ ਬਦਨਸੀਬੀ ਵਿਚੋਂ ਇਕ ਬਦਨਸੀਬੀ ਇਹ ਰਹੀ ਹੈ ਕਿ ਅਸੀਂ ਆਪਣੇ ਮਹਾਪੁਰਸ਼ਾਂ ਦੀ ਆਲੋਚਨਾ ਕਰਨ ਵਿਚ ਅਜ ਤਕ ਸਮਰਥ ਨਹੀਂ ਹੋ ਸਕੇ। ਜੋ ਕੌਮ ਆਪਣੇ ਮਹਾਪੁਰਸ਼ਾਂ ਦੀ ਆਲੋਚਨਾ ਕਰਨ ਵਿਚ ਸਮਰੱਥ ਨਹੀਂ ਹੋ ਸਕਦੀ, ਉਹਦੇ ਬਾਰੇ ਦੋ ਹੀ ਗੱਲਾਂ ਕਹੀਆਂ ਜਾ ਸਕਦੀਆਂ ਹਨ। ਇਕ ਇਹ ਕਿ ਉਹ ਆਪਣੇ ਮਹਾਪੁਰਸ਼ਾਂ ਨੂੰ ਇਸ ਕਾਬਿਲ ਨਹੀਂ ਸਮਝਦੀ ਕਿ ਉਹਨਾਂ ਦੀ ਆਲੋਚਨਾ ਕੀਤੀ ਜਾ ਸਕੇ, ਤੇ ਦੂਜੀ ਇਹ ਕਿ ਉਹ ਆਪਣੇ ਮਹਾਪੁਰਸ਼ਾਂ ਨੂੰ ਏਨਾ ਕਮਜ਼ੋਰ ਤੇ ਸਧਾਰਣ ਸਮਝਦੀ ਹੈ ਕਿ ਉਹ ਆਲੋਚਨਾ ਵਿਚ ਟਿਕ ਨਹੀਂ ਸਕਣਗੇ।

ਗਾਂਧੀ ਜੀ ਨੂੰ ਮੈਂ ਦੁਨੀਆਂ ਦੇ ਉਹਨਾਂ ਥੋੜੇ ਜਹੇ ਮਹਾਪੁਰਸ਼ਾਂ ਵਿਚੋਂ ਇਕ ਮੰਨਦਾ ਹਾਂ, ਜੋ ਪੱਥਰ ਦੀ ਮੂਰਤੀ ਵਾਂਗ ਹਨ, ਜਿਹਦੇ ਉਤੇ ਮੀਂਹ ਵੱਸੇ ਤਾਂ ਧੂੜ ਬਹਿ ਜਾਂਦੀ ਹੈ, ਮੂਰਤੀ ਧੁਪ ਜਾਂਦੀ ਹੈ, ਤੇ ਹੋਰ ਨਿਖ਼ਰ ਔਂਦੀ ਹੈ। ਗਾਂਧੀ ਜੀ ਦੀ ਆਲੋਚਨਾ ਨਾਲ ਉਹਨਾਂ ਦਾ ਕੁਝ ਨਹੀਂ ਵਿਗੜ ਸਕਣਾ, ਪਰ ਸਾਡਾ ਕੁਝ ਸੌਰ ਜ਼ਰੂਰ ਸਕਦਾ ਹੈ।

ਮੈਨੂੰ ਤਾਂ ਇੰਜ ਲਗਦਾ ਹੈ ਕਿ ਜਿਹਦੇ ਤੋਂ ਅਸੀਂ ਬਚਣਾ ਚਾਹੁੰਦੇ ਹਾਂ ਉਸੇ ਨੂੰ ਭਗਵਾਨ ਬਣਾ ਕੇ ਮੰਦਰ ਵਿਚ ਬਿਠਾ ਦੇਂਦੇ ਹਾਂ। ਫੇਰ ਸਾਡਾ ਝੰਜਟ ਮੁੱਕ ਜਾਂਦਾ ਹੈ — ਕਦੇ ਵੇਲਾ ਮਿਲਿਆ ਤਾਂ ਦੋ ਫੁੱਲ ਚੜ੍ਹਾ ਔਂਦੇ ਹਾਂ, ਕਦੇ ਹਾਰ ਸੇਹਰਾ ਪਾ ਔਂਦੇ ਹਾਂ, ਉਸਤਤ ਕਰ ਔਂਦੇ ਹਾਂ, ਜਾਂ ਜਨਮ ਦਿਨ ਮਨਾ ਦੇਂਦੇ ਹਾਂ। ਜਿਸ ਮਹਾਪੁਰਸ਼ ਨੂੰ ਅਸਾਂ ਵਿਅਰਥ ਕਰਨਾ ਹੋਵੇ, ਉਹਦੇ ਲਈ ਅਸਾਂ ਇਹ ਤਰਕੀਬ ਕੱਢ ਲਈ ਹੈ ਕਿ ਅਸੀਂ ਪੂਜਾ ਕਰਾਂਗੇ, ਵਿਰਦ ਗਾਵਾਂਗੇ, ਪਰ ਉਹਦੇ ਉੱਤੇ ਵਿਚਾਰ ਨਹੀਂ ਕਰਾਂਗੇ। ਕਿਉਂਕਿ ਵਿਚਾਰ ਕੀਤਿਆਂ ਹੋ ਸਕਦਾ ਹੈ ਕਿ ਸਾਨੂੰ ਆਪਣੀ ਜ਼ਿੰਦਗੀ ਵਿਚ ਕੁਝ ਬਦਲਣਾ ਪਵੇ...

ਮਹਾਪੁਰਸ਼ ਦੀ ਵਰਤੋਂ ਇਹ ਹੈ ਕਿ ਉਹ ਸਾਡੀ ਜ਼ਿੰਦਗੀ ਵਿਚ, ਸਾਡੀਆਂ ਰਗਾਂ ਦੇ ਲਹੂ ਵਿਚ, ਸਾਡੀਆਂ ਸੋਚਾਂ ਵਿਚ, ਤੇ ਸਾਡੀ ਕਾਬਲੀਅਤ ਵਿਚ ਦਾਖ਼ਲ ਹੋ ਸਕੇ। ਸਾਡੇ ਸਾਰੇ ਮਹਾਪੁਰਸ਼ ਹਿੰਦੁਸਤਾਨ ਦੀ ਕਾਬਲੀਅਤ ਤੋਂ ਬਾਹਰ ਖਲੋਤੇ ਹੋਏ ਹਨ — ਮੰਦਰਾਂ ਵਿਚ ਬੰਦ। ਮੈਂ ਨਹੀਂ ਚਾਹੁੰਦਾ ਕਿ ਗਾਂਧੀ ਜਿਹਾ ਅਦਭੁਤ ਵਿਅਕਤੀ ਵੀ ਵਿਅਰਥ ਹੋ ਜਾਏ।

ਸ਼ਾਇਦ ਧਰਤੀ ਉਤੇ ਏਸ ਸਦੀ ਵਿਚ ਗਾਂਧੀ ਵਰਗੇ ਦੋ ਚਾਰ ਲੋਕ ਹੀ ਪੈਦਾ ਹੋਏ ਹਨ, ਪਰ ਪਿਛਲੱਗ ਹਮੇਸ਼ਾਂ ਆਪਣੇ ਮਹਾਪੁਰਸ਼ ਦੀ ਹੱਤਿਆ ਕਰਨ ਦੀ ਕੋਸ਼ਿਸ਼ ਕਰਦੇ ਹਨ। ਇਹ ਹੱਤਿਆ ਉਸ ਨੂੰ ਭਗਵਾਨ ਬਣਾ ਕੇ ਕੀਤੀ ਜਾਂਦੀ ਹੈ। ਜਿਸ ਆਦਮੀ ਨੂੰ ਭਗਵਾਨ ਬਣਾ ਦਿਤਾ, ਉਸੇ ਦੀ ਹੱਤਿਆ ਹੋ ਗਈ। ਭਗਵਾਨ ਦੀ ਸਥਾਪਨਾ ਹੋ ਗਈ, ਇਨਸਾਨ ਦੀ ਹੱਤਿਆ ਹੋ ਗਈ। ਮੈਂ ਚਾਹੁੰਦਾ ਹਾਂ ਕਿ ਅਸੀਂ ਗਾਂਧੀ ਨੂੰ ਇਨਸਾਨ ਹੀ ਬਣਾਈ ਰੱਖੀਏ, ਤਾਕਿ ਉਹ ਸਾਡੀ ਇਨਸਾਨੀਅਤ ਦੇ ਕੰਮ ਆ ਸੱਕੇ।

ਅੰਗ੍ਰੇਜ਼ਾਂ ਦਾ ਨਿਆਂ ਸੀ ਕਿ ਜੇ ਹਿੰਦੂ ਕਿਸੇ ਪਿੰਡ ਵਿਚ ਵਿਦ੍ਰੋਹ ਕਰਦੇ ਤਾਂ ਮੁਸਲਮਾਨ ਸੈਨਾ ਦੀ ਟੁਕੜੀ ਉੱਥੇ ਭੇਜੀ ਜਾਂਦੀ, ਜੇ ਮੁਸਲਮਾਨਾਂ ਦਾ ਪਿੰਡ ਵਿਦ੍ਰੋਹ ਕਰਦਾ ਤਾਂ ਹਿੰਦੂ ਸੈਨਾ ਦੀ ਟੁਕੜੀ ਉਥੇ ਭੇਜੀ ਜਾਂਦੀ, ਤਾਕਿ ਦੋਹਾਂ ਨੂੰ ਸੰਪ੍ਰਦਾਇਕ ਝਗੜੇ ਦੀ ਅੱਗ ਵਿਚ ਝੋਂਕ ਕੇ ਉਹ ਆਪਣੇ ਹੱਥ ਸੇਕ ਸਕਣ। ਇਕ ਵਾਰ ਗੋਰਖਾ ਫੌਜ ਦੀ ਟੁਕੜੀ ਨੇ ਇਕ ਇਤਿਹਾਸਕ ਕੰਮ ਕੀਤਾ — ਮੁਸਲਮਾਨ ਬਸਤੀ ਵਿਚ ਮੁਸਲਮਾਨ ਲੋਕਾਂ ਉੱਤੇ ਗੋਲੀ ਚਲਾਣ ਤੋਂ ਇਨਕਾਰ ਕਰ ਦਿਤਾ — ਕਿ ਅਸੀਂ ਆਪਣੇ ਭਰਾਵਾਂ ਉਤੇ ਗੋਲੀ ਨਹੀਂ ਚਲਾਵਾਂਗੇ, ਇਹ ਇਕ ਅਦਭੁਤ ਅਹਿੰਸਾਤਮਕ ਘਟਨਾ ਸੀ। ਉਹਨਾਂ ਲੋਕਾਂ ਨੇ ਆਪਣੀ ਜਾਨ ਦੀ ਬਾਜ਼ੀ ਲਾ ਕੇ ਗੋਲੀ ਚਲਾਣ ਤੋਂ ਇਨਕਾਰ ਕੀਤਾ, ਆਪਣੀਆਂ ਬੰਦੂਕਾਂ ਛਾਉਣੀ ਵਿਚ ਜਮ੍ਹਾ ਕਰਵਾਈਆਂ ਤੇ ਕਿਹਾ ਕਿ ਅਸੀਂ ਗੋਲੀ ਚਲਾਣ ਤੋਂ ਇਨਕਾਰ ਕਰਦੇ ਹਾਂ, ਚਾਹੇ ਜੋ ਵੀ ਸਜ਼ਾ ਦਿਤੀ ਜਾਏ, ਅਸੀਂ ਆਪਣੇ ਭਰਾਵਾਂ ਤੇ ਗੋਲੀ ਨਹੀਂ ਚਲਾ ਸਕਦੇ।

ਪਰ ਗਾਂਧੀ ਜੀ ਨੇ ਇਹਨਾਂ ਸੈਨਿਕਾਂ ਦੀ ਨਿੰਦਿਆ ਕੀਤੀ, ਉਹਨਾਂ ਦੇ ਲਫ਼ਜ਼ ਸਨ "ਮੈਂ ਸੈਨਿਕਾਂ ਨੂੰ ਹੁਕਮ ਅਦੂਲੀ ਨਹੀਂ ਸਿਖਾ ਸਕਦਾ, ਕੱਲ੍ਹ ਜਦੋਂ ਦੇਸ ਆਜ਼ਾਦ ਹੋ ਜਾਏਗਾ, ਤੇ ਸੱਤਾ ਸਾਡੇ ਹੱਥ ਆ ਜਾਏਗੀ, ਤਾਂ ਇਹਨਾਂ ਸੈਨਿਕਾਂ ਦੇ ਸਹਾਰੇ ਅਸਾਂ ਰਾਜ ਕਰਨਾ ਹੈ"

ਜਿਸ ਵੇਲੇ ਭਗਤ ਸਿੰਘ ਫ਼ਾਂਸੀ ਤੇ ਲਟਕ ਰਿਹਾ ਸੀ, ਉਸ ਵੇਲੇ ਗਾਂਧੀ ਜੀ ਵਾਇਸਰਾਏ ਨਾਲ ਸਮਝੌਤਾ ਕਰ ਰਹੇ ਸਨ। ਜਿਸ ਦਿਨ ਹਿੰਦੁਸਤਾਨ ਵਿੱਚ ਭਗਤ ਸਿੰਘ ਨੂੰ ਫ਼ਾਂਸੀ ਹੋਈ, ਉਸ ਦਿਨ...

ਇਹ ਕਿਸ ਤਰ੍ਹਾਂ ਦੀ ਅਹਿੰਸਾ ਹੈ ? ਜੇ ਗਾਂਧੀ ਜੀ ਨੇ ਉਸ ਵੇਲੇ ਉਨ੍ਹਾਂ ਲੋਕਾਂ ਦੀ ਪ੍ਰਸੰਸਾ ਕੀਤੀ ਹੁੰਦੀ ਤਾਂ ਹਿੰਦੁਸਤਾਨ ਸੈਨਿਕ ਇਹ ਹਿੰਮਤ ਬੰਨ੍ਹ ਸਕਦਾ ਸੀ ਕਿ ਅਜ ਉਹ ਆਪਣੇ ਭਰਾਵਾਂ ਉਤੇ ਗੋਲੀ ਚਲਾਣ ਤੋਂ ਇਨਕਾਰ ਕਰ ਸਕਦਾ । ਹੁਣ ਜਦੋਂ ਸੱਤਾ ਗਾਂਧੀ ਵਾਦੀਆਂ ਦੇ ਹੱਥਾਂ ਵਿਚ ਹੈ ਤਾਂ ਇਹ ਗੋਲੀਆਂ ਸੱਤਾ ਨੂੰ ਕਾਇਮ ਰਖਣ ਦੇ ਕੰਮ ਵਿਚ ਲਾਈਆਂ ਜਾ ਰਹੀਆਂ ਹਨ...

ਗਾਂਧੀ ਦੀ ਅਹਿੰਸਾ ਵਿਚ ਮੈਨੂੰ ਇਸ ਲਈ ਵਿਸ਼ਵਾਸ ਨਹੀਂ ਕਿਉਂਕਿ ਪੂਰਣ ਅਹਿੰਸਾ ਵਿਚ ਮੇਰਾ ਵਿਸ਼ਵਾਸ ਹੈ। ਗਾਂਧੀ ਜੀ ਅਹਿੰਸਾਤਮਕ ਰੂਪ ਵਿਚ ਜੋ ਅੰਦੋਲਨ ਚਲਾਂਦੇ ਸਨ, ਉਹ ਅੰਦੋਲਨ ਹੀ ਇਕ ਜ਼ੋਰ ਪਾਣ ਵਾਸਤੇ ਹੁੰਦਾ ਸੀ — ਇਕ ਦਬਾਉ ਪਾਣ ਵਾਸਤੇ । ਮੇਰੀ ਨਜ਼ਰ ਵਿਚ ਜਿਥੇ ਦਬਾਉ ਹੈ, ਉਥੇ ਹਿੰਸਾ ਹੈ। ਦਬਾਉ ਪਾਣ ਦੇ ਢੰਗ ਅਹਿੰਸਾਤਮਕ ਹੋ ਸਕਦੇ ਹਨ, ਪਰ ਦਬਾਉ ਖ਼ੁਦ ਹਿੰਸਾ ਹੈ। ਜੇ ਮੈਂ ਆਪਣੀ ਗੱਲ ਮਨਵਾਣ ਲਈ ਆਪਣੀ ਜਾਨ ਦਾਅ ਤੇ ਲਾ ਦਿਆਂ, ਤਾਂ ਜਿਹਨੂੰ ਅਸੀਂ ਸਤਿਆਗ੍ਰਹਿ ਕਹਿੰਦੇ ਹਾਂ ਉਹ ਕੀ ਹੈ ? ਉਹ ਆਤਮ ਹਤਿਆ ਦੀ ਧਮਕੀ ਹੈ, ਤੇ ਧਮਕੀ ਹਮੇਸ਼ਾਂ ਹਿੰਸਾ ਹੁੰਦੀ ਹੈ । ਚਾਹੇ ਦੂਜੇ ਨੂੰ ਮਾਰਨ ਦੀ ਧਮਕੀ ਹੋਵੇ, ਚਾਹੇ ਆਪਣੇ ਆਪ ਨੂੰ ਮਾਰਨ ਦੀ, ਪਰ ਧਮਕੀ ਹਮੇਸ਼ਾਂ ਹਿੰਸਾ ਹੈ । ਕਈ ਵਾਰ ਇਹ ਵੀ ਹੋ ਸਕਦਾ ਹੈ ਕਿ ਜੇ ਮੈਂ ਤੁਹਾਨੂੰ ਮਾਰਨ ਦੀ ਧਮਕੀ ਦਿਆਂ ਤਾਂ ਤੁਸੀਂ ਮੇਰਾ ਮੁਕਾਬਲਾ ਕਰ ਸਕਦੇ ਹੋ, ਪਰ ਜੇ ਮੈਂ ਆਪਣੇ ਆਪ ਨੂੰ ਮਾਰਨ ਦੀ ਧਮਕੀ ਦਿਆਂ ਤਾਂ ਤੁਹਾਨੂੰ ਨਿਹੱਥਿਆਂ ਕਰ ਦੇਂਦਾ ਹਾਂ, ਤੁਸੀਂ ਮੁਕਾਬਲਾ ਨਹੀਂ ਕਰ ਸਕਦੇ । ਇਹ ਹਿੰਸਾ ਜ਼ਿਆਦਾ ਸੂਖਮ ਹੈ, ਬਹੁਤ ਡੂੰਘੀ, ਤੇ ਟਿਕਵੀਂ ।

ਗਾਂਧੀ ਜੀ ਦੀ ਅਹਿੰਸਾ ਦਾ ਜੋ ਅਸਰ ਇਸ ਦੇਸ ਉਤੇ ਪਿਆ, ਇਸ ਲਈ ਨਹੀਂ ਕਿ ਲੋਕਾਂ ਨੂੰ ਅਹਿੰਸਾ ਠੀਕ ਜਾਪੀ, ਸਿਰਫ਼ ਏਸ ਲਈ ਕਿ ਲੋਕ ਹਜ਼ਾਰਾਂ ਸਾਲਾਂ ਤੋਂ ਕਾਇਰ ਹਨ। ਉਸ ਵੇਲੇ ਭਗਤ ਸਿੰਘ ਫ਼ਾਂਸੀ ਤੇ ਲਟਕ ਗਿਆ, ਤੇ ਹਿੰਦੁਸਤਾਨ ਵਿਚ ਇਕ ਪੱਥਰ ਨਹੀਂ ਸੁੱਟਿਆ ਗਿਆ — ਉਸ ਮੁਖਾਲਫਤ ਵਿਚ । ਜਿਸ ਵੇਲੇ ਭਗਤ ਸਿੰਘ ਫ਼ਾਂਸੀ ਤੇ ਲਟਕ ਰਿਹਾ ਸੀ, ਉਸ ਵੇਲੇ ਗਾਂਧੀ ਜੀ ਵਾਇਸਰਾਏ ਨਾਲ ਸਮਝੌਤਾ ਕਰ ਰਹੇ ਸਨ । ਜਿਸ ਦਿਨ ਹਿੰਦੁਸਤਾਨ ਵਿਚ ਭਗਤ ਸਿੰਘ ਨੂੰ ਫ਼ਾਂਸੀ ਹੋਈ, ਉਸ ਦਿਨ ਹਿੰਦੁਸਤਾਨ ਦੀ ਜਵਾਨੀ ਨੂੰ ਵੀ ਫ਼ਾਂਸੀ ਲਗ ਗਈ। ਗਾਂਧੀ ਜੀ ਨੂੰ ਮਿਲੀ ਸਮਝੌਤੇ ਦੀ ਭਿੱਖਿਆ ਨਾਲ ਉਸ ਦਿਨ ਹਿੰਦੁਸਤਾਨ ਦਾ ਬੁਢਾਪਾ ਜਿੱਤਿਆ, ਤੇ ਭਗਤ ਸਿੰਘ ਦੀ ਮੌਤ ਨਾਲ ਹਿੰਦੁਸਤਾਨ ਦੀ ਜਵਾਨੀ ਮਰੀ । ਕੀ ਹਿੰਦੁਸਤਾਨ ਦੀ ਜਵਾਨ ਪੀੜ੍ਹੀ ਨੇ ਕਦੀ ਇਸ ਨੂੰ ਸੋਚਿਆ ਹੈ ?

# CLASSES ON INDIAN MUSIC

Balbir Signh Bhangu is a familiar name to lovers of Indian Music in Vancouver. His past history in Vancouver includes Seminars on Indian Music in most of the Canadian Universities; Radio & T.V. recordings with CBC; and performances at MacMillan Planetarium theatre, Vancouver Art Gallery and numerous other places. He learnt music at established institutions in India; and with an M.A. in Music (and M.A. in Sociology), he taught music to college students and also worked with All India Radio for some time.

While he is persuing his research interests in the field of musicology, he has also decided to start regular classes for teaching music. Classes will be held on Mondays & Thursdays. Anyone interested in light or classical Indian Music may phone at 872-0745 for further information.

We welcome his decision and offer our full co-operation through pages of WATNO DUR.

# ਅਧੂਰਾ ਕੰਮ

( ਰਣਜੀਤ ਰਾਹੀ )

ਦੀਪਾਂ ਬਦਨਾਮ ਔਰਤ ਸੀ।

ਭਾਵੇਂ ਉਸਨੇ ਕੋਈ ਵੀ ਅਜਿਹਾ ਕੰਮ ਨਹੀਂ ਸੀ ਕੀਤਾ, ਪਰ ਫਿਰ ਵੀ ਪਿੰਡ ਦੇ ਕੁਝ ਕੁ ਘਰਾਂ ਨੂੰ ਛੱਡ ਕੇ, ਬਾਕੀਆਂ ਵਿਚ ਉਹ ਚੜ੍ਹੇਲ, ਫ਼ੁਤਨੀ ਤੇ ਬਦਚਲਣ ਆਦਿ ਨਾਵਾਂ ਨਾਲ ਜਾਣੀ ਜਾਂਦੀ।

ਉਸਦਾ ਪਤੀ ਤੇ ਮੇਰਾ ਬਾਬਾ ਦੋਵੇਂ ਗਦਰ ਪਾਰਟੀ ਦੇ ਵਰਕਰ ਸਨ।

ਇਸ ਲਈ ਉਸਦੀ ਸਾਡੇ ਘਰ ਨਾਲ ਇਕ ਅਟੁਟ ਸਾਂਝ ਸੀ।

ਮੇਰਾ ਬਾਬਾ ਤੇ ਉਸਦਾ ਪਤੀ ਦੋਵੇਂ ਸੰਤਾਲੀ ਦੇ ਫਸਾਦਾਂ ਵਿਚ ਕੰਮ ਆ ਗਏ ਸਨ।

ਹੁਣ ਉਹ ਇਕੱਲੀ ਰਹਿ ਗਈ ਸੀ।

ਗੋਰੀ ਸਰਕਾਰ ਨੇ ਸਾਡੀ ਤੇ ਉਸਦੀ ਭੋਂ ਜਬਤ ਕਰ ਲਈ ਹੋਈ ਸੀ। ਜੋ ਅਸੀਂ ਮਸਾਂ ਲੜ ਘੁਲ ਕੇ ਦੁਬਾਰਾ ਅਲਾਟ ਕਰਵਾਈ।

ਅਸੀਂ ਸ਼ਹਿਰ ਰਹਿਣ ਲਗ ਪਏ ਸਾਂ।

ਜਦੋਂ ਵੀ ਮੈਂ ਪਿੰਡ 'ਚ ਛੁਟੀਆਂ ਬਿਤਾਉਣ ਜਾਂਦਾ, ਉਹ ਮੈਨੂੰ ਚੁੰਮਦੀ, ਪਿਆਰਦੀ। ਉਸ ਕਰਕੇ ਸਾਨੂੰ ਵੀ ਪਿੰਡ ਵਿਚ ਦੁਸ਼ਮਣੀ ਮੁਲ ਲੈਣੀ ਪਈ ਸੀ।

ਲੋਕ ਸਾਨੂੰ ਦੀਪਾਂ ਚੁੜੇਲ ਦੇ ਔਟੇ-ਵੱਟੇ ਆਖਦੇ।

ਇਕ ਵਾਰ ਲੰਬੜਾਂ ਦੇ ਮੁੰਡੇ ਨੇ ਮੇਰੇ ਸਿਰ ਵਿਚ ਇਟ ਮਾਰੀ।

ਬਹੁਤ ਸਾਰਾ ਡੂੰਘਾ ਜ਼ਖਮ ਹੋ ਗਿਆ ਸੀ।

ਮਾਂ ਦਾ ਬੁਰਾ ਹਾਲ ਸੀ, ਬੇਬੇ ਦਾ ਵੀ।

ਮਾਂ ਰੋਈ ਜਾ ਰਹੀ ਸੀ, ਬਹੁ-ਝੀਆਂ ਪਾਈ ਜਾ ਰਹੀ ਸੀ।

ਪਰ ਬੇਬੇ ਨਾ ਹੀ ਰੋਈ, ਨਾ ਹੀ ਉਸਨੇ ਬਹੁੜੀਆਂ ਪਾਈਆਂ। ਚੁਪ ਚਾਪ ਬੈਠੀ ਸੋਚਦੀ ਰਹੀ, ਜਿਵੇਂ ਕਿਸੇ ਨਵੇਂ ਕਾਰੇ ਦੀ ਘਾੜਤ ਘੜ ਰਹੀ ਹੋਵੇ।

ਉਹ ਉਠ ਕੇ ਬਾਹਰ ਚਲੀ ਗਈ ਸੀ।

ਲੰਬੜਾਂ ਦੇ ਘਰ ਮੂਹਰੇ ਜਾਕੇ, ਉਹ ਡਾਢਾ ਪਿਟੀ ਸੀ, ਸਿਆਪਾ ਕੀਤਾ ਸੀ ਉਸਨੇ, ਸਾਰੇ ਪਿੰਡ ਵਿਚ ਉਹਨਾਂ ਦੀ ਬਦਨਾਮੀ ਕੀਤੀ।

ਵਡਿਆਂ ਘਰਾਂ ਦੀ ਵਡੀ ਪਹੁੰਚ।

ਉਹਨਾਂ ਨੇ ਦੂਜੇ ਦਿਨ ਪੰਚਾਇਤ ਸੱਦ ਲਈ ਸੀ।

ਪੰਚਾਇਤ ਨੇ ਦੀਪਾਂ ਨੂੰ ਪੰਦਰਾਂ ਰੁਪਈਏ ਜੁਰਮਾਨਾ ਕਰ ਦਿਤਾ।

ਕਿੰਨੀ ਅਜੀਬ ਗਲ ਸੀ।

ਇਕ ਰਾਂਮੇਂ ਮੰਜੇ ਤੇ ਪਿਆ ਸਾਂ, ਦੂਜਾ ਬੇਬੇ ਨੂੰ ਜੁਰਮਾਨਾ ਹੋ ਗਿਆ ਸੀ।

ਜਦੋਂ ਵੀ ਪਿੰਡ ਵਿਚ ਕੋਈ ਗਲਬਾਤ ਹੁੰਦੀ, ਬੇਬੇ ਖਾਹਮਖਾਹ ਆਪ-ਣੀਆਂ ਟੰਗਾਂ ਉਸ ਵਿਚ ਫਸਾ ਲੈਂਦੀ-ਊਧਮ ਮਚਾਈ ਰਖਦੀ।

ਸਾਡੇ ਪਿੰਡ ਆਇਆ ਵਜ਼ੀਰ, ਪਿੰਡ ਤੋਂ ਸ਼ਹਿਰ ਤਕ ਸੜਕ ਮਨਜ਼ੂਰ ਕਰ ਗਿਆ ਸੀ ਤੇ ਲੋਕਲ ਬਸ ਵੀ।

ਸਿਧੀ ਸੜਕ ਲੰਬੜਾਂ ਦੇ ਖੇਤ ਕੋਲੋਂ ਨਿਕਲਣੀ ਸੀ, ਪਰ ਉਸਨੇ ਕਹਿ ਕੁਹਾਕੇ ਸੜਕ ਸਾਡੇ ਘਰਾਂ ਵਲੋਂ ਕਢਵਾ ਦਿਤੀ। ਸਾਨੂੰ ਚਾਰ ਚਾਰ ਫੁਟ ਥਾਂ ਛਡਣੀ ਪੈਣੀ ਸੀ, ਜਿਸਦੇ ਇਵਜ਼ਾਨੇ ਦੇ ਪੈਸੇ ਗੌਰਮਿੰਟ ਨੇ ਆਪਣੀ ਖੁਸ਼ੀ ਨਾਲ ਦੇਣੇ ਸਨ, ਤਕਰੀਬਨ ਪੰਜੀ ਘਰਾਂ ਨੂੰ ਨੁਕਸਾਨ ਪਹੁੰਚਦਾ ਸੀ ਤੇ ਉਹ ਵੀ ਸਾਰੇ ਦੇ ਸਾਰੇ ਗਰੀਬ-ਘਰ।

ਇੰਜ ਕਰਵਾਕੇ ਇਕ ਤਾਂ ਲੰਬੜਾਂ ਨੇ ਆਪਣੀ ਪੁਰਾਣੀ ਦੁਸ਼ਮਣੀ ਦਾ ਬਦਲਾ ਲਿਆ ਸੀ ਤੇ ਦੂਜਾ ਦੀਪਾਂ ਦੇ ਕੀਤੇ ਦਾ।

ਪਰ ਜਦੋਂ ਡਰਾਫਟਸਮੈਨ ਸਰਵੇ ਕਰਨ ਲਈ ਆਇਆ--ਤਾਂ ਬੇਬੇ ਉਸ ਕੋਲ ਗਈ ਤੇ ਕੜਕੀ—

'ਧਗੜਿਆਂ ਪਿੱਟੀ ਦਿਉ—ਉਨ੍ਹਾਂ ਆਪਣੇ ਮਾਂ ਦੇ ਖਸਮਾਂ ਦੇ ਘਰ ਢਾਹੋ--ਅਸੀਂ ਜੱਜੇ ਹੋਏ ਆਂ ਸੜਕਾਂ ਕੰਨੀਓਂ ਸਾਰਾ ਦਿਨ ਮਿਟੀ ਵਿਚ ਮਿਟੀ ਹੋਈਦਾ ਤਾਂ ਪੇਟ ਭਰਨ ਜੋਗੇ ਦਾਣੇ ਉਗਦੇ ਆ—ਜਿਹਨਾਂ ਦੀ ਦਸ-ਦਸ ਖੂਹਾਂ ਦੀ ਜ਼ਮੀਨ ਆ—ਉਹ ਕੋਡੇ ਜਮਾਈ ਤਾਂ ਨੀ ਲਗਦੇ—ਆਏ ਆ—ਢੱਡੇ—ਘਰ ਢਾਹੁਣ—।'

ਬੇਬੇ ਨੇ ਉਸਦੀ ਮਸ਼ੀਨ ਤੋੜ ਦਿਤੀ ਸੀ—ਨਕਸ਼ੇ ਵਾਲਾ ਕਾਗਜ਼ ਵੀ ਪਾੜ ਦਿਤਾ।

ਸਰਕਾਰੀ ਹੁਕਮ ਦੀ ਉਲੰਘਣਾ ਤੇ—ਸਰਕਾਰੀ ਮੁਲਾਜ਼ਮ ਦੀ ਬੇਇਜ਼ਤੀ ਦੇ ਜੁਰਮ ਵਿਚ ਉਸਨੂੰ ਜੇਲ੍ਹ ਭੇਜ ਦਿਤਾ ਗਿਆ।

ਤੀਜੇ ਚੌਥੇ ਦਿਨ ਬਾਪੂ ਹੁਰੀਂ ਉਸਨੂੰ ਜ਼ਮਾਨਤ ਤੇ ਲੈ ਆਏ।

ਸਕੂਲਾਂ ਵਿਚ ਉਨ੍ਹੀਂ ਦਿਨੀਂ ਛੁਟੀਆਂ ਸਨ, ਮੈਂ ਨਾਨਕੇ ਗਿਆ ਹੋਇਆ ਸਾਂ ਤੇ ਬਾਪੂ ਹੁਰੀਂ ਪਿੰਡ। ਜਦੋਂ ਮੈਂ ਨਾਨਕਿਓਂ ਪਰਤਿਆ ਤਾਂ ਬੇਬੇ ਮਰੀ ਪਈ ਸੀ, ਕਿੰਨੇ ਈ ਬੰਦੇ-ਤੀਵੀਆਂ ਅਫਸੋਸ ਕਰਨ ਲਈ ਆਏ ਹੋਏ ਸਨ—ਮੇਰਾ ਰੋਣ ਨਿਕਲ ਗਿਆ, ਕਿੰਨਾ ਹੀ ਚਿਰ ਮੈਂ ਰੋਂਦਾ ਰਿਹਾ।

ਸਸਕਾਰ ਆਦਿ ਰਸਮਾਂ ਭੁਗਤਾਉਣ ਮਗਰੋਂ, ਮਾਂ ਨੇ ਮੈਨੂੰ ਦਸਿਆ ਕਿ ਬੇਬੇ ਮਰਨ ਤੋਂ ਪਹਿਲਾਂ ਮੈਨੂੰ ਮਿਲਣਾ ਚਾਹੁੰਦੀ ਸੀ, ਪਰ ਸਾਹਾਂ ਨੇ ਉਸਦਾ ਸਾਥ ਨਾ ਦਿਤਾ।

ਉਹ ਅੰਤ ਸਮੇਂ ਮਾਂ ਨੂੰ ਚਿਤਾ-ਵਨੀ ਕਰਵਾ ਗਈ ਸੀ—

'ਦਿਆਲ ਕੁਰੇ—ਮੇਰੇ ਪੁਤ ਨੂੰ ਆਖੀਂ ਆਪਦੇ ਬਾਬੇ ਦਾ ਕੰਮ ਚਲਦਾ ਰਖੇ, ਮੈਂ ਤਾਂ ਆਵਦੇ ਸਾਹਾਂ ਨਾਲ ਨਿਭਾ-ਉਂਦੀ ਰਹੀ ਆਂ—ਇਨ੍ਹਾਂ ਚਾਮਚੜਿਕਾਂ ਨੂੰ ਜੇ ਤੱਤੇ ਖੁਰਚਣੇ ਨਾ ਲਾਈਏ—ਲਹੂ ਪੀਣੋਂ ਨਹੀਂ ਹਟਦੀਆਂ।'

ਮੈਂ ਕਿੰਨਾਂ ਹੀ ਚਿਰ ਬੇਬੇ ਦੇ ਉਸ ਅਧੂਰੇ ਕੰਮ ਬਾਰੇ ਸੋਚਦਾ ਰਿਹਾ।

# ਅਰਦਲੀ

(ਅਜੀਤ ਸਿੰਘ ਸ਼ਾਹ)

ਦੁਪਹਿਰ ਦਾ ਵੇਲਾ ਹੈ। ਮੈਂ ਆਪਣੀ ਵਹੁਟੀ ਤੇ ਭਾਬੀ ਵਲ ਤੱਕ ਰਿਹਾ ਹਾਂ। ਗੱਲਾਂ ਕਰਦੀਆਂ ਕਰਦੀਆਂ ਉਹ ਸੌਂ ਗਈਆਂ ਹਨ। ਰੂਮ-ਕੂਲਰ ਨੇ ਸਾਰੇ ਕਮਰੇ ਨੂੰ ਠੰਡਾ-ਠਾਰ ਕੀਤਾ ਹੋਇਆ ਹੈ। ਨਾਲ ਦੇ ਕਮਰੇ ਵਿਚ ਨਿਆਣਿਆਂ ਦਾ ਰੌਲਾ ਹੁਣ ਮੁਕ ਗਿਆ ਹੈ।

ਮੈਂ ਪਲੰਘ ਤੋਂ ਅਡੋਲ ਉਠਦਾ ਹਾਂ। ਨਾਲ ਦੇ ਕਮਰੇ ਦੇ ਬੂਹੇ 'ਚੋਂ ਅੰਦਰ ਵੱਲ ਝਾਤੀ ਮਾਰਦਾ ਹਾਂ। ਪਲੰਘਾਂ ਤੇ ਨਿਆਣੇ ਸੁੱਤੇ ਹੋਏ ਹਨ। ਠੰਡੀ ਹਵਾ ਇੱਥੇ ਵੀ ਚਲ ਰਹੀ ਹੈ। ਤੜਕਸਾਰ ਦਰਿਆ ਦੇ ਕੰਢੇ ਤੇ ਵਗਦੀ ਠੰਡੀ ਹਵਾ ਵਾਂਗ।

ਮੈਂ ਅਗਾਂਹ ਵਧ ਜਾਂਦਾ ਹਾਂ। ਹੁਣ ਮੈਂ ਰਸੋਈ ਦੇ ਸਾਮ੍ਹਣੇ ਬੂਹੇ ਵਿਚ ਖੜਾ ਹਾਂ। ਮੈਨੂੰ ਗਰਮੀ ਲੱਗਣ ਲਗ ਪਈ ਹੈ। ਅੰਦਰ ਖੁਰੇ ਦੀ ਬੰਨੀ ਤੇ ਸ਼ੇਰ ਸਿੰਘ ਬੈਠਾ ਭਾਂਡੇ ਮਾਂਜ ਰਿਹਾ ਹੈ। ਉਸ ਦਾ ਨੰਗਾ ਪਿੰਡਾ ਪਸੀਨੇ ਵਿਚ ਨਹਾਤਾ ਹੋਇਆ ਹੈ। ਮੈਂ ਟਿਕਟਿਕੀ ਬੰਨ੍ਹੀ ਉਸ ਵਲ ਤਕ ਰਿਹਾ ਹਾਂ। ਕਲ੍ਹ ਨਾਸ਼ਤੇ ਵੇਲੇ ਦੇ ਕਹੇ ਹੋਏ ਮੇਰੀ ਭਾਬੀ ਦੇ ਸ਼ਬਦ ਮੈਨੂੰ ਚੇਤੇ ਆਉਂਦੇ ਹਨ—'ਭਰਾ ਜੀ, ਇਹ ਬੜਾ ਚੰਗਾ ਏ। ਸਾਰਾ ਦਿਨ ਕੰਮ ਕਰਦਾ ਏ, ਡੰਗਰਾਂ ਨੂੰ ਸਾਂਭਦਾ ਏ, ਰੋਟੀ ਬਣਾਉਂਦਾ ਏ, ਬੱਚਿਆਂ ਨੂੰ ਦੁਧ ਪਲਾਉਂਦਾ ਏ, ਉਨ੍ਹਾਂ ਨੂੰ ਤਿਆਰ ਕਰ ਕੇ ਸਕੂਲ ਭੇਜਦਾ ਏ। ਵਿਚਾਰਾ ਕਿਸੇ ਕੰਮ ਨੂੰ ਨਾਂਹ ਨਹੀਂ ਕਰਦਾ। ਏਥੋਂ ਤਕ ਕਿ ਬੱਚਿਆਂ ਦੇ ਪੋਤੜੇ ਤਕ ਵੀ ਸਾਫ਼ ਕਰ ਦਿੰਦਾ ਏ। ਸਾਨੂੰ ਬੜਾ ਸੁਖ ਦੇਂਦਾ ਏ।' ਲਿਸ਼ਕਦੀ ਬਿਜਲੀ ਦੇ ਝਲਕਾਰੇ ਵਾਂਗ ਮੇਰੇ ਦਿਮਾਗ਼ ਵਿਚ ਮੇਰੇ ਵੱਡੇ ਭਰਾ ਦੇ ਕਹੇ ਬੋਲ ਗੂੰਜਦੇ ਹਨ—'ਹੂੰ! ਸਾਲਾ ਸਾਡੇ ਤੇ ਕੇਹੜਾ ਅਹਿਸਾਨ ਕਰਦਾ ਏ। ਸਰਕਾਰ ਨੇ ਸਾਨੂੰ ਖ਼ਿਦਮਤ ਲਈ ਨਹੀਂ ਤਾਂ ਕੀ ਮੂੰਹ ਵੇਖਣ ਲਈ ਦਿੱਤਾ ਏ।'

ਨਾਲ ਦੇ ਕਮਰੇ 'ਚੋਂ ਮੈਂ ਇਕ ਆਰਾਮ ਕੁਰਸੀ ਲਿਆ ਕੇ ਬਹਿ ਜਾਂਦਾ ਹਾਂ। ਸ਼ੇਰ ਸਿੰਘ ਚੁਕੰਨਾ ਹੋ ਜਾਂਦਾ ਹੈ।

"ਜਨਾਬ, ਕੀ ਚਾਹੀਦਾ ਜੇ?"

"ਕੁਝ ਨਹੀਂ, ਬਹਿ ਜਾ।"

ਰਸੋਈ ਵਿਚ ਸ਼ਮਸ਼ਾਨ ਵਰਗੀ ਚੁੱਪ ਹੈ।

ਮੈਨੂੰ ਬੋ ਆਉਣ ਲਗ ਪਈ ਹੈ। ਭਾਂਡਿਆਂ 'ਚੋਂ ਮੀਟ, ਮੱਛੀ ਤੇ ਫਲਾਂ ਦੀ ਖ਼ੁਸ਼ਬੋ ਵੀ ਆ ਰਹੀ ਹੈ। ਮੈਂ ਹੈਰਾਨ ਹਾਂ ਕਿ ਇਹ ਬੋ ਕਿਥੋਂ?

ਚਵੀਂ ਪਾਸੇ ਵੇਖਦਾ ਹਾਂ। ਰਸੋਈ ਤਾਂ ਬੜੀ ਸਾਫ਼ ਹੈ। ਮੈਨੂੰ ਪਤਾ ਲਗਦਾ ਹੈ ਕਿ ਇਹ ਬੋ ਖੁਰੇ ਵੱਲੋਂ ਆ ਰਹੀ ਹੈ। ਹੋਰ ਨੇੜੇ ਹੋ ਕੇ ਮੈਨੂੰ ਪਤਾ ਲਗਦਾ ਹੈ ਕਿ ਬੋ ਸ਼ੇਰ ਸਿੰਘ ਦੇ ਸ਼ਰੀਰ ਵਿੱਚੋਂ ਆ ਰਹੀ ਹੈ। ਏਨੀ ਬੋ ਇਕ ਮਨੁੱਖ ਦੇ ਜਿਸਮ 'ਚੋਂ! ਆਪ ਮੁਹਾਰੇ ਮੇਰੇ ਮੂੰਹ 'ਚੋਂ ਨਿਕਲਦਾ ਹੈ, "ਸ਼ੇਰ ਸਿੰਘ?"

"ਹਾਂ ਜਨਾਬ।"

"ਤੇਰੇ ਸਰੀਰ 'ਚੋਂ......।"

"ਬੋ! ਸਾਹਿਬ, ਸਾਡੇ ਕੋਲ ਹੋਰ ਹੈ ਹੀ ਕੀ!? ਬਸ ਬੋ ਹੀ ਤਾਂ ਹੋ ਸਕਦੀ ਏ! ਇਹ ਰਸੋਈ ਤੇ ਮੈਂ, ਮੈਂ ਤੇ ਇਹ ਰਸੋਈ, ਬਸ ਹੋਰ ਕੁਝ ਨਹੀਂ।"

"ਸ਼ੇਰ ਸਿੰਘ।"

"ਹਾਂ ਜਨਾਬ"

"ਤੂੰ ਜੀਵਨ ਤੋਂ ਬਹੁਤ ਨਿਰਾਸ਼ ਏਂ।"

"ਜੀਵਨ! ਜੀਵਨ!! ਜੀਵਨ!!!"

ਉਹ ਬੜਾ ਉਦਾਸ ਹੋ ਗਿਆ ਹੈ।

ਹੁਣ ਗੱਲਾਂ ਦੇ ਸਿਲਸਿਲੇ ਵਿਚ ਰੋਕ ਆ ਗਈ ਹੈ। ਮੈਂ ਸੋਚਦਾ ਹਾਂ ਕਿ ਹੁਣ ਫਿਰ ਕਿਵੇਂ ਗੱਲ ਤੋਰਾਂ।

"ਸ਼ੇਰ ਸਿੰਘ।"

"ਹਾਂ ਜਨਾਬ।"

"ਤੇਰੇ ਬੱਚੇ?"

"ਜਨਾਬ, ਮੇਰੇ ਤਿੰਨ ਬੱਚੇ ਹਨ। ਇਕ ਮੁੰਡਾ ਤੇ ਦੋ ਕੁੜੀਆਂ।"

"ਉਹ ਕਿਨ੍ਹਾਂ ਕੋਲ ਰਹਿੰਦੇ ਹਨ ?"

"ਜਨਾਬ, ਮੁੰਡਾ ਤਾਂ ਆਪਣੇ ਦਾਦੇ ਕੋਲ ਪਿੰਡ ਤੇ ਕੁੜੀਆਂ ਨਾਨਕੇ ।"

"ਤੂੰ ਉਨ੍ਹਾਂ ਨੂੰ ਕਦ ਮਿਲਣ ਜਾਂਦਾ ਏਂ ?"

"ਜਦ ਕਦੇ ਜਨਾਬ ਛੁੱਟੀ ਮਿਲ ਜਾਵੇ । ਪੁਲਿਸ ਵਿਚ ਛੁੱਟੀ ਬੜੀ ਮੁਸ਼ਕਿਲ ਨਾਲ ਮਿਲਦੀ ਏ । ਨਾਲੇ ਮਿਲ ਕੇ ਵੀ ......", ਗਰਾਹੀ ਜਿਵੇਂ ਉਸ ਦੇ ਸੰਘ ਵਿਚ ਫਸ ਗਈ ਹੋਵੇ ।

"ਸ਼ੇਰ ਸਿੰਘ ।"

"ਹਾਂ ਜਨਾਬ ।"

"ਮੈਨੂੰ ਤੇਰੇ ਤੇ ਬੜਾ ਤਰਸ ਆਉਂਦਾ ਏ ।"

"ਪਰ ਮੈਨੂੰ ਆਪਣੇ ਆਪ ਤੇ ਨਹੀਂ ਆਉਂਦਾ ।"

"ਕਿਉਂ ?"

"ਮੈਂ ਆਦਮੀ ਨਹੀਂ ਜਨਾਬ !"

"ਕੀ ਏਂ ?"

"ਖੋਤਾ ।"

"ਕੀ ? !"

"ਮੈਂ ਅਜ ਤਕ ਇਹ ਹੀ ਸੁਣਦਾ ਆਇਆ ਹਾਂ । ਦੁਨੀਆਂ ਨੇ ਮੈਨੂੰ ਇਹ ਹੀ ਸਿਖਾਇਆ ਏ ।"

ਕੁਝ ਚਿਰ ਫਿਰ ਮੌਤ ਵਰਗੀ ਚੁਪ ।

"ਸ਼ੇਰ ਸਿੰਘ ।"

"ਹਾਂ ਜਨਾਬ ।"

"ਤੈਨੂੰ ਪਤਾ ਏ ਅਜ ਦੁਨੀਆਂ ਬਦਲ ਗਈ ਏ ।"

"ਕੋਈ ਨਹੀਂ ਬਦਲੀ ਜਨਾਬ ।"

"ਬਦਲ ਗਈ ਏ ।"

"ਜਨਾਬ, ਮੇਰਾ ਬਾਪ ਵੀ ਅਰਦਲੀ ਸੀ ਤੇ ਮੈਂ ਵੀ । ਦੱਸੋ ਫੇਰ ਕਿਵੇਂ ਬਦਲ ਗਈ ?......।

ਮੈਂ ਉਹਨੂੰ ਸੁਤੰਤਰ ਭਾਰਤ ਦੇ ਜਮਹੂਰੀ ਨਿਜ਼ਾਮ ਬਾਰੇ, ਆਪਣੇ ਹੱਕਾਂ ਬਾਰੇ, ਦੱਸਣਾ ਚਾਹੁੰਦਾ ਸੀ, ਪਰ ਉਸ ਦਾ ਜਵਾਬ ਸੁਣ ਕੇ ਮੇਰੇ ਮੂੰਹ ਤੇ ਜਿਵੇਂ ਜੰਦਰਾ ਵਜ ਜਾਂਦਾ ਹੈ । ਮੈਨੂੰ ਇੰਜ ਲਗਦਾ ਹੈ ਜਿਵੇਂ ਮੈਂ ਆਪਣਾ ਗਿਆਨ ਕੁਝ ਮਿੰਟਾਂ ਲਈ ਭੁਲ ਜਾਂਦਾ ਹਾਂ ।

ਮੈਂ ਵੇਖਦਾ ਹਾਂ ਕਿ ਉਹ ਦੇ ਨਿਰਾਸ਼ ਚਿਹਰੇ ਤੇ ਅਜੀਬ ਤਰ੍ਹਾਂ ਦੀਆਂ ਲਹਿਰਾਂ ਫੜਫੜਾ ਰਹੀਆਂ ਹਨ ।

"......ਜਨਾਬ ! ਮੇਰੀ ਮਾਂ, ਮੇਰਾ ਪਿਓ ਕਹਿੰਦਾ ਏ, ਬੜੀ ਚੰਗੀ ਸੀ, ਉਹਨੂੰ ਬਹੁਤ ਪਿਆਰ ਕਰਦੀ ਸੀ, ਬਹੁਤ ਸੇਵਾ । ਪਰ......।"

"ਪਰ ਕੀ ?" ਉਤਾਵਲੇਪਨ ਵਿਚ ਮੈਂ ਬੋਲ ਉਠਦਾ ਹਾਂ ।

ਉਸ ਦਾ ਚਿਹਰਾ ਮੈਨੂੰ ਕੰਬ ਰਿਹਾ ਜਾਪਦਾ ਹੈ । ਇੰਜ ਲਗਦਾ ਹੈ ਜਿਵੇਂ ਕਿਸੇ ਅੰਦਰਲੇ ਦਬਾ ਕਾਰਨ ਫਟ ਜਾਣਾ ਚਾਹੁੰਦਾ ਹੋਵੇ । ਉਹ ਚਿਹਰਾ ਮੈਨੂੰ ਮੇਰੇ ਸਰੀਰ ਵਿਚ ਉਤਰ ਗਿਆ ਜਾਪਦਾ ਹੈ । ਆਪਣਾ ਆਪ ਮੈਨੂੰ ਵੀ ਸੰਭਾਲਣਾ ਔਖਾ ਲਗ ਰਿਹਾ ਹੈ ।

ਮੈਨੂੰ ਆਪਣੇ ਪਰਿਵਾਰ ਸਮੇਤ ਆਪਣੇ ਵੱਡੇ ਭਰਾ ਕੋਲ ਆਇਆਂ ਇਕ ਹਫਤਾ ਹੋ ਗਿਆ ਹੈ, ਗਰਮੀਆਂ ਦੀਆਂ ਕੁਝ ਛੁੱਟੀਆਂ ਕੱਟਣ । ਮੈਨੂੰ ਸ਼ੇਰ ਸਿੰਘ ਦੀਆਂ ਫਜ਼ੂਲ ਖ਼ਰਚੀਆਂ ਅਤੇ ਹੋਰ ਕਈ ਬੁਰਾਈਆਂ ਬਾਰੇ ਪਤਾ ਲੱਗਾ ਹੈ । ਕਿਸੇ ਨੂੰ ਅਕਲ ਦੇਣ ਦੀ ਕੋਸ਼ਿਸ਼ ਕਰਨਾ ਮੈਂ ਆਪਣੇ ਜੀਵਨ ਦਾ ਕਰਤੱਵ ਸਮਝਦਾ ਹਾਂ ਅਤੇ ਇਸੇ ਮਨੋਰਥ ਨੂੰ ਮੁਖ ਰੱਖ ਕੇ ਮੈਂ ਉਸ ਨਾਲ ਅੱਜ ਇਕ ਚੰਗਾ ਮੌਕਾ ਵੇਖ ਕੇ ਗਲ-ਬਾਤ ਦਾ ਸਿਲਸਿਲਾ ਚਲਾਇਆਂ ਹੈ । ਪਰ ਇਸ ਡਰਾਉਣੇ ਚਿਹਰੇ ਨੇ ਮੇਰੇ ਵਿਸ਼ਵਾਸ ਨੂੰ ਪਤਾ ਨਹੀਂ ਕਿੱਥੇ ਉਡਾ ਦਿੱਤਾ ਹੈ । ਮੇਰੇ ਸਾਮ੍ਹਣੇ ਕੇਵਲ ਕੁਝ ਜਾਨਣ ਦੀ ਤਾਂਘ ਰਹਿ ਗਈ ਹੈ ।

"ਸ਼ੇਰ ਸਿੰਘ ।"

"ਜ...ਨਾ...ਬ ।"

"ਜੋ ਕਹਿਣਾ ਏਂ ਕਹਿ ਦੇ ।"

"ਜ...ਨਾ...ਬ ! ਮੇ...ਰੀ ਮਾਂ...ਨਾ...ਲ ਮੇਰੇ ਪਿਓ ਦੇ ਅਫ਼ਸਰ ਨੇ...... ।"

ਉਹਦੀਆਂ ਅੱਖਾਂ ਵਿਚ ਹੰਝੂ ਆ ਜਾਂਦੇ ਹਨ ।

"...ਤੇ ਮੇਰੀ ਮਾਂ ਨੇ ਖ਼ੁਦਕਸ਼ੀ ਕਰ ਲਈ । ਮੇਰਾ ਪਿਓ ਸਾਰੀ ਉਮਰ ਹਉਕੇ ਭਰਦਾ ਰਿਹਾ ਏ । ਨਾ ਉਹਨੂੰ ਵਹੁਟੀ ਦਾ ਪਿਆਰ ਮਿਲਿਆ ਨਾ ਮੈਨੂੰ ਮਾਂ ਦਾ ।"

ਕੁਝ ਮਿੰਟਾਂ ਲਈ ਫਿਰ ਹੌਲਨਾਕ ਚੁਪਚਾਪ ।

"ਸ਼ੇਰ ਸਿੰਘ"

"ਹਾਂ ਜਨਾਬ"

"ਤੇ ਤੇਰੀ ਵਹੁਟੀ ।"

"ਮੇਰੀ ਵਹੁਟੀ !"

ਉਹਦੀਆਂ ਗਿੱਲੀਆਂ ਨਜ਼ਰਾਂ ਤਾਕੀ ਵਿੱਚੋਂ ਬਾਹਰ ਲੰਘ ਜਾਂਦੀਆਂ ਹਨ । ਬਹੁਤ ਦੂਰ । ਸ਼ਾਇਦ ਕੁਝ ਲਭ ਰਹੀਆਂ ਹਨ । ਉਸ ਦਾ ਚਿਹਰਾ ਇਉਂ ਬੋਲ ਰਿਹਾ ਹੈ ਜਿਵੇਂ ਕੋਈ ਜਵਾਲਾ–ਮੁਖੀ ਪਹਾੜ ਫਟਣ ਵਾਲਾ ਹੈ ।

"ਮੇਰੀ...ਵ...ਹੁ...ਟੀ । ਜ...ਨਾ...ਬ । ਇਹੀਓ ਹਾਲ ਮੇਰੀ ਵਹੁਟੀ ਦਾ ਹੋਇਆ । ਉਹ ਹਸਪਤਾਲ ਵਿਚ ਨੌਕਰੀ ਕਰਦੀ ਸੀ । ਮੈਂ ਇਕ ਇੰਨਸਪੈਕਟਰ ਕੋਲ ਅਰਦਲੀ ਸੀ । ਉਹ ਬੜਾ ਸ਼ਰਾਬੀ ਕਬਾਬੀ ਸੀ । ਹਰ ਰਾਤ ਮਹਿਫ਼ਲ ਗਰਮ ਹੁੰਦੀ । ਬਾਅਦ ਵਿਚ ਮੈਨੂੰ ਵੀ ਪੀਣ ਨੂੰ ਮਿਲ ਜਾਂਦੀ । ਮੈਂ ਕਦੀ ਘਰ ਪਹੁੰਚਦਾ, ਕਦੀ ਰਸਤੇ ਵਿਚ ਹੀ ਰਹਿ ਜਾਂਦਾ । ਉਹ ਉਡੀਕ ਉਡੀਕ ਕੇ ਸੌਂ ਜਾਂਦੀ । ਉਹ ਮੇਰੇ ਪਿਆਰ ਲਈ ਤਰਸਦੀ ਰਹਿੰਦੀ । ਫੇਰ ਸਵੇਰੇ ਮੈਨੂੰ ਬਹੁਤ ਤੜਕੇ ਜਾਣਾ ਪੈਂਦਾ । ਉਹ ਕਵਾਟਰ ਦੇ ਬੂਹੇ ਤੇ ਖੜ ਕੇ ਮੈਨੂੰ ਵੇਖਦੀ ਰਹਿੰਦੀ । ਸਾਰਾ ਦਿਨ ਮੇਰਾ ਮਨ ਨਾ ਲਗਦਾ । ਮੈਂ ਉਸ ਬਾਰੇ ਸੋਚਦਾ ਰਹਿੰਦਾ । ਪਰ ਜਦ ਰਾਤ ਪੈਂਦੀ ਤੇ ਬੋਤਲ ਦਾ ਦੌਰ ਸ਼ੁਰੂ ਹੋ ਜਾਂਦਾ, ਮੈਂ ਕਿਸੇ ਹੋਰ ਦੁਨੀਆਂ ਵਿਚ ਪਹੁੰਚ ਜਾਂਦਾ । ਤੇ ਅੰਤ......", ਉਹਦੀ ਜੀਭ ਜਿਵੇਂ ਇਕ ਦਮ ਕੱਟੀ ਗਈ ਹੋਵੇ ।

"ਫੇਰ ਕੀ ਸ਼ੇਰ ਸਿੰਘ ?"

"ਜ...ਨਾ...ਬ, ਫੇਰ ਕੀ ਸੀ ? ਇਕ ਦਿਨ ਉਹ ਕਿਸੇ ਨਾਲ ਨੱਠ ਗਈ ! ਮੇਰੀ ਦੁਨੀਆਂ ਤੋਂ ਦੂਰ ! ਤਿੰਨੇ ਨਿਆਣੇ ਛੱਡ ਕੇ ! ਮੈਂ ਬਹੁਤ ਦੁਖੀ ਹੋਇਆ, ਬਹੁਤ ਰੋਇਆ । ਉਹਨੂੰ ਲੱਭਿਆ, ਪਰ ਉਹਦਾ ਕੋਈ ਪਤਾ ਨਾ ਲੱਗਾ ।"

ਉਹਦੀਆਂ ਭਿੱਜੀਆਂ ਨਜ਼ਰਾਂ ਤਾਕੀ ਵਿੱਚੋਂ ਬਾਹਰ ਵਲ ਨੱਠ ਰਹੀਆਂ ਹਨ ।

# I want you to pay less income tax this year.

There's a section in the Income Tax Act that says you can deduct a substantial amount from your ? earned income if you have an eligible retirement savings plan. All you have to do is register your annuity or permanent life insurance plan. I can show you how. Just call me. Helping people save tax money is one of the services I perform best.

RIASAT
ALI KHAN

Of

SunLife
OF CANADA

500 One Bentall Centre
505 Burrard Street
Vancouver 1, B.C.
Off: 681-5321 Res: 785-2950

ਕੀ ਤੁਸੀਂ ਟੈਕਸ ਦੇਣ ਚਾਹੁੰਦੇ ਹੋ ਜਾਂ ਇਸ ਟੈਕਸ ਦੀ ਰਕਮ ਨੂੰ
ਆਪਣੇ ਭਵਿੱਖ ਲਈ ਬੱਚਤ ਦਾ ਰੂਪ ਦੇਣ ਦੇ ਚਾਹਵਾਨ ਹੋ?
ਸਰਕਾਰ ਦੀਆਂ ਮਨਜ਼ੂਰ-ਸ਼ੁਦਾ ਅਜਿਹੀਆਂ ਬੱਚਤ ਸਕੀਮਾਂ ਦੀ ਜਾਣਕਾਰੀ
ਪ੍ਰਾਪਤ ਕਰਨ ਲਈ ਅਤੇ ਹਰ ਪ੍ਰਕਾਰ ਦੇ ਬੀਮੇ (ਜੀਵਨ-ਬੀਮਾ, ਘਰ
ਜਾਂ ਕਾਰ ਆਦਿ ਲਈ ਲਏ ਹੋਏ ਕਰਜ਼ੇ ਦਾ ਬੀਮਾ, ਬੱਚਿਆਂ ਵਾਸਤੇ
ਵਿੱਦਿਆ ਬੀਮਾ) ਬਾਰੇ ਠੀਕ ਰਾਇ ਹਾਸਲ ਕਰਨ ਲਈ ਖ਼ੁਸ਼ੀ ਨਾਲ
ਫ਼ੋਨ ਕਰੋ:

ਬਾਲ ਸੇਠੀ, ਐੱਮ.ਏ.



BAL SETHI, M.A.
Bus. 683-6905 Res. 594-6447
THE MUTUAL LIFE OF CANADA
977—777 Hornby Street, Vancouver, B.C. V6Z 1S4

ਰਾਮ'ਜ਼ ਇਲੈਕਟ੍ਰਿਕ

RAM'S ELECTRIC

* Commercial
* Industrial
* Residential

Wiring, Rewiring and Repairs
— 24 Hour Service —

PHONE: 733-8274

104—3533 W. 4th Avenue, Vancouver, B.C.

# ਨੜ੍ਹੈ ਵਾਲਾ ਸੌਦਾ

ਗੁਲਜ਼ਾਰ ਨਰੂਲਾ
ਕਾਨਿਆਂ ਵਾਲੀ

ਕਿਸੇ ਦੇ ਚਿੱਤ-ਚੇਤੇ ਵੀ ਨਹੀਂ ਸੀ ਕਿ ਹੋਣੀ ਇੰਜ ਕੁਦਰਤ ਦੀ ਰਚਨਾ ਨਾਲ ਬੇਇਨਸਾਫ਼ੀ ਕਰੇਗੀ ਜਿਸ ਨੇ ਵੀ ਸੁਣਿਆਂ ਹਾਅ ਦਾ ਨਾਹਰਾ ਮਾਰਿਆ। ਹਰ ਇੱਕ ਦੇ ਚਿਹਰੇ ਤੇ ਬੁਲ੍ਹਾਂ ਤੇ ਇਹੋ ਪ੍ਰਸ਼ਨ ਸੀ,"ਬਣਿਆ ਕੀ ? ਕੋਈ ਬਿਮਾਰ ਸ਼ਮਾਰ ਵੀ ਨਹੀਂ ਸੁਣੀ।"

ਦੂਰ-ਨੇੜਿਓਂ ਰਿਸ਼ਤੇਦਾਰੀ ਰਲ-ਰਲਾਕੇ ਚਰਨਜੀਤ ਮੇਰਾ ਚਚੇਰਾ ਭਾਈ ਹੈ। ਉਂਜ ਉਹ ਮੇਰਾ ਹਾਣੀ ਵੀ ਹੈ ਤੇ ਗੁਆਂਢੀ ਵੀ। ਪਰ ਸਾਡੇ ਵਿਚਾਰਾਂ ਵਿੱਚ ਅੰਤਰ ਹੈ। ਅਮੀਰੀ ਵਿੱਚ ਫ਼ਰਕ ਹੈ। ਉਹ ਇਕ ਅਮੀਰ ਦੁਕਾਨਦਾਰ ਦਾ ਅਮੀਰ ਪੁੱਤਰ ਹੈ ਤੇ ਮੈਂ ਜ਼ਿੰਦਗੀ ਦੇ ਹੱਕੋਂ ਝੰਬਿਆ ਕੌੜਾ ਤਜਰਬਾ ਹਾਂ। ਇਸ ਕਰਕੇ ਸਾਡੇ ਵਿਚ ਗਲ-ਕੱਥ, ਘੱਟ-ਵੱਧ ਹੀ ਹੁੰਦੀ ਹੈ।

ਚੰਗਾ-ਚੋਖਾ ਖਾਣ ਕਰਕੇ ਉਮਰ ਦੇ ਸਤਾਰ੍ਹਵੇਂ ਵਰ੍ਹੇ ਵਿਚ ਹੀ ਉਹ ਲੱਠ ਜਿਡਾ ਜੁਆਨ ਦਿੱਸਣ ਲਗ ਪਿਆ ਸੀ। ਸੋਹਣੀ ਡੀਲ ਡੌਲ ਉਸ ਦੇ ਗਾਹਕ ਉਠਣੇ ਸ਼ੁਰੂ ਹੋ ਗਏ। ਚਰਨਜੀਤ ਦੀ ਮਾਂ ਢਿੱਲੀ ਜਿਹੀ ਰਹਿੰਦੀ ਸੀ। ਕੰਮੋਂ-ਕਾਰੋਂ ਆਰੀ। ਇਸ ਕਰਕੇ ਉਸਨੇ ਵੀ ਕਾਹਲ ਕੀਤੀ ਤੇ ਇਕ ਰਿਸ਼ਤਾ ਲੈ ਲਿਆ।

ਗੱਜ-ਵੱਜ ਕੇ ਢੁਕੇ ਉਨ੍ਹਾਂ ਵੀ ਚੰਗਾ ਸੁਆਗਤ ਕੀਤਾ। ਜਿੰਨੀ ਕੁ ਤਾਕਤ ਸੀ-ਦਿੱਤ-ਦਾਜ ਵੀ ਦਿਤਾ ਪਰ ਸ਼ਾਹੂਕਾਰ ਤਕੜੇ ਸਨ। ਇਨ੍ਹਾਂ ਦੇ ਨੱਕ ਹੇਠ ਕੁਝ ਨਾ ਆਇਆ, "ਕੀ ਦੇ ਦਿੱਤਾ-ਆਹ ਦਸ ਤੋਲੇ ਸੋਨਾ ਯੱਧਾ-ਭੁਗੇ ਚੋਂ". ਚਰਨਜੀਤ ਦੀ ਮਾਂ ਕਹਿੰਦੀ ਫਿਰੇ, " ਵੇਖੋ ਨਾ ਭੈਣੇ ਆਪ ਓਡੇ ਨਾ ਹੋਈਏ ਤਾਂ ਵੱਡੇ ਨਾਲ ਮੱਥਾ ਨਾ ਲਾਈਏ।"

ਟੱਬਰ ਨੱਕੋਂ ਠੂੰਹੇਂ ਡੇਗਦਾ ਰਿਹਾ। ਨਵ-ਆਈ ਵਹੁਟੀ ਦਾ ਨਾਂ ਪ੍ਰੇਮ ਰਾਣੀ ਰਖਿਆ ਗਿਆ। ਮੁਕਲਾਵਾ ਨਾਲ ਦਾ ਹੀ ਸੀ। ਤਿਰੌਜੇ ਆਈ। ਦੋ-ਚਾਰ ਦਿਨਾਂ ਬਾਅਦ ਮਿੱਠੀਆਂ ਰੋਟੀਆਂ ਪਕਵਾਕੇ ਚੁਲ੍ਹੇ- ਚੌਕੇ ਵਿੱਚ ਕੰਮ ਕਰਨਾ ਆਰੰਭ ਕਰਵਾਇਆ। ਫਿਰ ਪ੍ਰੇਮ ਰਾਣੀ ਕੁਝ ਕੁੜੀਆਂ-ਚਿੜੀਆਂ ਨਾਲ ਨਵੇਂ ਲੱਗਣੇ ਦੇ ਫੁਲਾਂ ਨਾਲ ਜੜੇ ਈਨੂੰ ਉਤੇ ਘੜਾ ਰੱਖ ਕੇ ਖੂਹ ਤੋਂ ਪਾਣੀ ਭਰ ਲਿਆਈ। ਤੇ ਫਿਰ ............ ਪ੍ਰੇਮ ਰਾਣੀ ਘਰ ਦੇ ਸਾਰੇ ਕੰਮਾਂ 'ਚ ਜੁੱਟ ਪਈ।

ਸਵੇਰੇ ਉੱਠ ਕੇ ਸਭ ਤੋਂ ਪਹਿਲਾਂ ਸੱਤਾਂ ਜੀਆਂ ਜੋਗੀ ਚਾਹ ਧਰਨੀ। ਦੋ ਮਹੀਆ ਨੂੰ ਦਾਣਾ ਰਲਾਉਣਾਂ ਚਾਹ ਪਿਆ ਕੇ ਕੇ ਧਾਰਾਂ ਕੱਢਣੀਆਂ। ਫਿਰ ਪਾਣੀ ਗਰਮ ਕਰਕੇ ਸੱਸ-ਸਹੁਰੇ ਦੇ ਨਹਾਉਣ ਲਈ ਆਸ਼ਾ-ਪੌਸ਼ਾ ਕਰਨਾ। ਚਰਨਜੀਤ ਠੰਡੇ ਪਾਣੀ ਨਾਲ ਨਹਾਉਣ ਦਾ ਆਦੀ ਹੈ ਉਸ ਨੂੰ ਨਲਕੇ ਕੱਲੇ ਬਠਾਕੇ ਨੁਹਾਉਣਾ। ਫਿਰ ਸਾਰੀ ਹਵੇਲੀ ਸੁੰਬਰਨੀ-ਗੋਹਾ-ਕੂੜਾ ਕਰਨਾ। ਪਾਣੀ ਲੈਣ ਜਾਣਾ। ਆ ਕੇ ਆਟਾ ਗੁਨ੍ਹਣਾ ਤੇ ਸਬਜ਼ੀ ਧਰਨੀ। ਸਾਰਾ ਕੁਝ ਕਰ ਕਰਾਕੇ ਸੱਸ ਨੂੰ ਆਖਣਾ,"ਲਓ ਮਾਂ ਜੀ ਰੋਟੀ ,ਵਰਤਾ ਦਿਓ" ਤੇ ਆਪ ਧੋਣ ਵਾਲੇ ਲੀੜੇ ਕੱਠੇ ਕਰਨੇ ਸ਼ੁਰੂ ਕਰ ਦੇਣੇ ਉਧਰੋ ਉਸ ਮੇਹਰਬਾਨ ਮਾਂ ਜੀ ਨੇ ਸਾਰਿਆਂ ਨੂੰ ਰੋਟੀ ਵਰਤਾ ਦੇਣੀ ਤੇ ਅਖੀਰ ਤੇ ਆਖ ਦੇਣਾ," ਪ੍ਰੇਮ ਰਾਣੀਏ ਸਬਜ਼ੀ ਤੇ ਬਚੀ ਕੋਈ ਨਹੀਂ ਚੱਲ ਉਸ਼ਾਣੇ (ਉਹ ਜਾਏ) ਤੂੰ ਖਰ-ਬੂਜ਼ੇ ਦੀ ਫਾੜੀ ਨਾਲ ਖਾ ਲਵੀਂ।

ਮੈਂ ਸੋਚਦਾ ਇਹ ਦਿਨ ਕਿਵੇਂ ਕੱਟ ਰਹੀ ਹੈ। ਪਰ ਉਹ ਵਿਚਾਰੀ ਕਿ ਉੱਚਾ ਕੁਦੀ ਤਕ ਨਾ। ਉਹਦਾ ਸਿਰੜੀ ਵਿਸ਼ਾਲ ਹਿਰਦਾ। ਦ੍ਰਿੜ ਸੰਕਲਪ। ਮੈਂ ਉਸਨੂੰ ਕਦੇ ਵੀ ਕੱਪੜਿਆਂ ਵਿਚ ਜਾਂ ਨਵ-ਵਿਆਹੀਆਂ ਵਾਂਗ ਇਠਲਾਉਂਦੇ ਚਾਅ ਵਿਚ ਨਹੀਂ ਸੀ ਤੱਕਿਆ।

ਦਰੋਜੇ ਆਈ ਨੂੰ ਮਹੀਨਾ ਹੋਇਆ ਕਿ [illegible] ਲੈਣ ਵਾਸਤੇ ਆਇਆ। ਇਨਾਂ ਨੇ ਨਾਂ ਤੋਰਿਆ। "ਹੋਰ ਮਹੀਨੇ ਨੂੰ ਚਰਨਜੀਤ ਮਿਲਾ ਲਿਆਵੇਗਾ"। ਸੱਸ ਨੇ ਇਹ ਕਹਿ ਉਸ ਦਾ ਭਰਾ ਮੋੜ ਦਿਤਾ। ਪਰ ਮਾਂ ਦੀ ਧੀ ਨੇ ਆਖ ਖਾਂ ਭੇਰਾ ਵੀ ਮੈਲ ਮਨ ਤੇ ਲਿਆਂਦੀ ਹੋਵੇ। ਖੰਡ ਦੀ ਬੋਰੀ ਨੂੰ ਬਾਂਦਰਾਂ ਦਾ ਟੱਬਰ ਉਂਜੇ ਹੀ ਨਹੁੰਦਰਾਂ ਮਾਰਦਾ ਰਿਹਾ।

ਤ੍ਰੀਮਤ ਨੂੰ ਕੰਮ-ਕਾਰ ਇਨਾਂ ਜਿਆਦਾ ਤੰਗ ਨਹੀਂ ਕਰਦੇ ਜਿੰਨੀਆਂ ਹਾਣੀ ਮਰਦਾਂ ਦੀਆਂ ਬਦਲਦੀਆਂ ਅੱਖਾਂ। ਉਹ ਸੂਲਾਂ ਦੀ ਸੇਜ ਤੇ ਜ਼ਿੰਦਗੀ ਦੇ ਦਿਨ ਬਹਾਰਾਂ ਭਰੇ ਸਮਝ ਕੇ ਕੱਟ ਸਕਦੀ ਹੈ ਜੇ ਉਸ ਦਾ ਵਫ਼ਾਦਾਰ ਹਾਣੀ ਉਸ ਵਲ ਪਿਆਰ ਭਰੀਆਂ ਨਜ਼ਰਾਂ ਕਰੀ ਰੱਖੇ।

ਚਰਨਜੀਤ ਤਾਂ ਆਪਣੀ ਮਾਂ ਤੋਂ ਵੀ ਚਾਰ ਰੱਤੀਆਂ ਵੱਧ

ਨਿਕਲਿਆ। ਮੈਂ ਉਸ ਦੇ ਮੂੰਹੋਂ ਅਪਣੀ ਪਤਨੀ ਪ੍ਰਤੀ ਕਦੇ ਵਫ਼ਾ, ਪਿਆਰ ਤੇ ਸਤਿਕਾਰ ਦੇ ਸ਼ਬਦ ਨਹੀਂ ਸੀ ਸੁਣੇ। ਦੋ ਮਹੀਨੇ ਹੋਰ ਬੀਤ ਗਏ। ਉਸ ਦਾ ਭਰਾ ਦੁਬਾਰਾ ਆਕੇ ਲੈ ਗਿਆ। ਮਾਂ ਨੇ ਪੁਛਿਆ," ਪਾਰੋ (ਪੇਕਾ ਨਾਂ) ਤੈਨੂੰ ਕੋਈ ਤਕਲੀਫ ?"

"ਨਹੀਂ ਬੇਜੀ ਇੰਨੇ ਵੱਡੇ ਘਰ ਵਿਚ ਮੈਨੂੰ ਕੀ ਤਕ-ਲੀਫ ਹੋ ਸਕਦੀ ਹੈ।" ਇਹ ਕਹਿੰਦਿਆਂ ਉਸ ਦੀਆਂ ਅੱਖਾਂ ਡੁਬਡੁਬਾ ਆਈਆਂ। ਮਾਂ ਤੋਂ ਪਾਸੇ ਮੂੰਹ ਕਰਕੇ ਉਸ ਹੰਝੂ ਪਲੇ ਨਾਲ ਪੂੰਝ ਸੁੱਟੇ ਪਰ ਔਰਤ ਹੀ ਔਰਤ ਨੂੰ ਜ਼ਿਆਦਾ ਸਮਝ ਸਕਦੀ ਹੈ। ਜਦੋਂ ਕਿ ਉਹ ਮਾਂ ਵੀ ਹੋਵੇ। ਕੁਸ਼ੱਲਿਆ (ਪਾਰੋ ਦੀ ਮਾਂ) ਉਸ ਦਾ ਦੁੱਖੜਾ ਤਾੜ ਗਈ। ਚਾਰ ਦਿਨਾਂ ਮਗਰੋਂ ਹੀ ਚਰਨਜੀਤ ਸਹੁਰੀਂ ਚਲਾ ਗਿਆ। ਪਾਰੋ ਦੀ ਮਾਂ ਨੇ ਗੱਲ ਤੋਰਨੀ ਚਾਹੀ ਪਰ ਪਾਰੋ ਨੇ ਘੂਰਕੇ ਗੱਲ ਰੋਕ ਦਿਤੀ, "ਜਦੋਂ ਬੇਜੀ ਮੈਨੂੰ ਕੋਈ ਇਤਰਾਜ਼ ਨਹੀ......ਤੁਹਾਡਾ ਕੀ ਮਤਲਬ ?" ਇਹ ਸੁਣ ਕੇ ਕੁਸ਼ੱਲਿਆ ਚੁੱਪ ਹੋ ਗਈ।

ਪ੍ਰੇਮ ਰਾਣੀ ਚਰਨਜੀਤ ਨਾਲ ਆ ਗਈ।

ਸੇਬ ਵਰਗਾ ਰੰਗ ਕਲਿੱਤਣ ਵਿਚ ਵਟਣਾ ਸ਼ੁਰੂ ਹੋ ਹੋ ਗਿਆ। ਭਖਦਾ ਸੋਨਾਂ ਪਹਿਲਾਂ ਤਾਂਬਾ ਬਣਿਆ ਤੇ ਫਿਰ ਲੋਹੇ ਵਿਚ ਵੱਟਦਾ ਗਿਆ। ਪ੍ਰੇਮ ਰਾਣੀ ਦੇ ਕੰਮਾਂ ਵਿਚ ਨਿਰੰਤਰ ਵਾਧਾ ਹੁੰਦਾ ਗਿਆ। ਉਸ ਪ੍ਰਤਿ ਤ੍ਰਿਸਕਾਰ ਵਧਦਾ ਗਿਆ। ਸੱਸ ਦੇ ਸੜੀਅਲ ਬੋਲ ਹੋਰ ਵੀ ਕੌੜੇ ਹੁੰਦੇ ਗਏ। ਚਰਨਜੀਤ ਦਾ ਰਵੱਈਆ ਵਿਲਕਦੀ ਰੂਹ ਨੂੰ ਰੇਗਿਸਤਾਨ ਵਿਚ ਧੂੰਹਦਾ ਰਿਹਾ। ਸਮੇਂ ਨੇ ਉਸ ਦੀ ਜ਼ਿੰਦਗੀ ਨਾਲ ਕਦੇ ਵਫ਼ਾ ਨਾ ਕੀਤੀ। ਇਥੋਂ ਤਕ ਕਿ ਇਕ ਵਾਰ ਬਿਨਾ ਛਿੱਕਲੀ ਤੋਂ ਊਠ ਨੇ ਬਾਹੋਂ ਰੁੱਗ ਭਰ ਲਿਆ ਪਟਕਾ ਕੇ ਔਹ ਮਾਰੀ। ਪਰ ਪ੍ਰੇਮ ਰਾਣੀ ਨੇ ਕਿਸੇ ਕੋਲ ਭੋਗ ਨਾ ਪਾਇਆ। ਸੋਚਿਆ, ਪੱਥਰਾਂ ਅੱਗੇ ਦਰਦ ਫੋਲਣ ਨਾਲੋਂ ਕਲੇਜੇ ਨਾਲ ਘੁੱਟਕੇ ਲਾ ਲੈਣ ਵਿਚ ਹੀ ਤਸੱਲੀ ਹੈ।"

ਪ੍ਰੇਮ ਰਾਣੀ ਦੇ ਭਰਾ ਦਾ ਵਿਆਹ ਸੀ।

"ਕਿਉਂ ਪ੍ਰੇਮ ਕਿਵੇਂ ਕਰਨੀ ਐਂ। ਮਾਂ ਢਿੱਲੀ ਜਿਹੀ ਐ। ਤੂੰ ਜਾਣਾ ਤਾਂ ਜਾਂਦੀ ਰਹਿ ਮੈਂ ਤਾਂ ਜਮੀਨ ਦੀ ਰਜਿਸਟਰੀ ਕਰਾਉਣ ਜਾਣਾ ਐ।" ਚਰਨਜੀਤ ਨੇ ਵਿਆਹ ਦਾ ਕਾਰਡ ਪੜ੍ਹ ਕੇ ਕਿਹਾ।

"ਜੇ ਤੁਸੀ ਨਹੀਂ ਜਾ ਸਕਦੇ ਤਾਂ ਫਿਰ ਮੈਂ ਕੀ ਲੈਣ ਜਾਣਾ ਹੈ।" ਪ੍ਰੇਮ ਰਾਣੀ ਨੇ ਕਿਹਾ। "ਨਹੀਂ ਤੂੰ ਜਾਂਦੀ ਰਹੁ ਤੈਨੂੰ ਬਾਬਾ ਕਰਮੂੰ ਛਡ ਆਊਗਾ।" ਚਰਨਜੀਤ ਨੇ ਕਿਹਾ ਪਰ ਉਹ ਭਰਾ ਦੇ ਵਿਆਹ ਤੇ ਨਾ ਗਈ।

ਨਣਦਾਂ ਸਾਰਾ ਦਿਨ ਰੱਜੀਆਂ ਮੱਝਾਂ ਵਾਂਗ ਪਈਆਂ ਰਹਿੰਦੀਆਂ ਸੱਸ ਸਾਰਾ ਦਿਨ ਹਿੱਕ ਨੂੰ ਸੇਕ ਕਰਦੀ ਰਹਿੰਦੀ ਇਕ ਉਹਦਾ ਨਿੱਕਾ ਦਿਉਰ ਸੀ ਜੋ ਉਸ ਨਾਲ ਮਾੜੀ ਮੋਟੀ ਹਮਦਰਦੀ ਕਰਦਾ।

ਅੰਤ ਵਿਚਾਰੀ ਦੀ ਸਿਹਤ ਡਿਗਣੀ ਸ਼ੁਰੂ ਹੋ ਗਈ। ਉਸਨੂੰ ਮਿੰਨ੍ਹਾ–ਮਿੰਨ੍ਹਾ ਤਾਪ ਰਹਿਣ ਲਗ ਪਿਆ। ਪਰ ਤਾਪ ਦੀ ਹਾਲਤ ਵਿਚ ਵੀ ਉਸ ਨੇ ਕੰਮ ਕਰਨਾ ਜਾਰੀ ਰੱਖਿਆ। ਤੇ ਤਾਪ ਵਿਗੜਦਾ ਗਿਆ। ਅੰਤ ਵਿਚਾਰੀ ਮੰਜੇ ਤੇ ਡਿਗ ਪਈ ਇਕ ਹਫਤਾ ਕਿਸੇ ਨੇ ਉਸ ਦੀ ਬਾਤ ਤੱਕ ਨਾ ਪੁੱਛੀ। "ਤਾਪ ਏ ਅਕਸਰ ਲਹਿ ਜਾਏਗਾ, ਕਿਤੇ ਠੰਡੇ-ਤੱਤੇ ਪਾਣੀ ਪੀ ਬੈਠੀ ਹੋਣੀ ਏ"। ਸੱਸ ਕਹਿੰਦੀ ਰਹੀ ਤੇ ਸੱਤਵੇਂ ਦਿਨ ਪ੍ਰੇਮ ਰਾਣੀ ਦੀ ਜ਼ਿੰਦਗੀ ਦੇ ਬੂਹੇ ਮੌਤ ਨੇ ਆਣ ਦਸਤਕ ਦਿਤੀ।

ਕਿਸੇ ਦੇ ਚਿੱਤ–ਚੇਤੇ ਵੀ ਨਹੀਂ ਸੀ ਕਿ ਹੋਣੀ ਇੰਜ ਕੁਦਰਤ ਦੀ ਰਚਨਾ ਨਾਲ ਬੇਇਨਸਾਫ਼ੀ ਕਰੇਗੀ। ਜਿਸ ਨੇ ਵੀ ਸੁਣਿਆ ਹਾਅ ਦਾ ਨਾਹਰਾ ਮਾਰਿਆ ਹਰ ਇਕ ਦੇ ਚਿਹਰੇ ਤੇ ਬੁਲ੍ਹਾਂ 'ਤੇ ਇਹੀ ਪ੍ਰਸ਼ਨ ਸੀ", ਬਣਿਆ ਕੀ ? ਕੋਈ ਬਿਮਾਰ ਸ਼ਮਾਰ ਵੀ ਨਹੀਂ ਸੁਣੀ।"

ਪ੍ਰੇਮ ਰਾਣੀ ਨੂੰ ਮਰਿਆਂ ਅਜੇ ਡੇਢ ਮਹੀਨਾ ਹੀ ਹੋਇ-ਆ ਸੀ ਕਿ ਚਰਨਜੀਤ ਦਾ ਵਿਆਹ ਨਿਯਤ ਹੋ ਗਿਆ। ਸਾਰਿਆਂ ਦੇ ਮੂੰਹਾਂ ਤੇ ਇਹੀ ਸ਼ਬਦ ਸੀ,"ਹਾਏ... ਹਾਏ... ਅਜੇ ਤਾਂ ਸਿਵਾ ਵੀ ਠੰਡਾ ਨਹੀਂ ਸੀ ਹੋਇਆ —।"

ਪਰ ਚਰਨਜੀਤ ਬਿਟਰਿਆ ਫਿਰੇ। ਮੈਨੂੰ ਕਹਿਣ ਲਗਾ "ਕੁਲਵੰਤ ਘੱਟੋ ਘੱਟ ਤੀਹ ਤੋਲੇ ਸੋਨਾ ਪਾਉਣਗੇ। ਤੇ ਨਕਦ ਕੈਸ਼ ਦਸ ਹਜ਼ਾਰ।"

"ਹਾਂ ਹਾਂ, ਸੌਦਾ ਮਹਿੰਗਾ ਨਹੀਂ ਬੜਾ ਲਾਹੇਵੰਦ ਦਾ ਏ।" ਮੈਂ ਗੰਭੀਰ ਚੋਟ ਕੀਤੀ।

ਨਵੀਂ ਦੁਲ੍ਹਨ ਆ ਗਈ। ਲੱਤੋਂ ਥੋੜ੍ਹਾ ਜਿਹਾ ਲੰਗ ਮਾਰਦੀ ਹੈ ਅੱਖ ਤੋਂ ਮਾੜਾ ਜਿਹਾ ਟੀਰ ਵੀ ਹੈ।

ਥੋੜੇ ਦਿਨਾਂ ਬਾਅਦ ਅਗਲੀ ਪ੍ਰੇਮ ਰਾਣੀ ਵਾਂਗ ਇਸ 'ਤਰਸੇਮ ਰਾਣੀ' ਤੇ ਵੀ ਘਰਦਿਆਂ ਨੇ ਕਾਠੀ ਪਾਉਣੀ ਚਾਹੀ। ਪਰ ਇਹ ਉਸ ਮਿੱਟੀ ਦੀ ਨਹੀਂ ਸੀ ਬਣੀ ਹੋਈ। ਕੁਝ ਦਿਨਾਂ ਵਿਚ ਹੀ ਨੂੰਹ ਸੱਸ ਦੀਆਂ ਗੁੱਤਾਂ ਇਕ ਦੂਜੀ ਦੇ ਹੱਥ ਵਿਚ ਸਨ। ਨਨਾਣਾਂ ਚੀਕਦੀਆਂ ਘਰ ਵਿਚ ਕੋਲਾਹਲ ਮੱਚਿਆ ਰਹਿੰਦੈ।

ਚਰਨਜੀਤ ਘਰ ਦੀ ਵਿਗੜਦੀ ਹਾਲਤ ਵੇਖਕੇ ਬੜਾ ਉਦਾਸ ਤੇ ਖਿਝਿਆ 2 ਰਹਿਣ ਲੱਗ ਪਿਐ। "ਕਿਉਂ ਸੌਦਾ ਘਾਟੇ ਵੰਦਾ ਰਿਹੈ ?" ਇਕ ਦਿਨ ਮੈਂ ਪੁੱਛਿਆ।

"ਨਹੀਂ ਕੁਲਵੰਤ, ਇਕ ਮਹਾਜਨ ਨੇ ਰੋਟੀ ਪਕਾਈ। ਖਾਣ ਲੱਗਾ ਹੀ ਸੀ ਕਿ ਕੋਈ ਰੋਟੀ ਦਾ ਗਾਹਕ ਆ ਗਿਆ। ਉਨ੍ਹੇ ਨਫੇ ਵਾਲਾ ਸੌਦਾ ਵੇਖਕੇ ਆਪਣੀ ਪੱਕੀ ਅਗਲੇ ਦੇ ਹੱਥ ਫੜਾਈ ਤੇ ਕਹਿਣ ਲਗਿਆ,"ਯਾਰ ਹੋਰ ਪਕਾ ਲੂ।" ਆਪਾਂ ਨੂੰ ਸੌਦਾ ਨਫੇ ਵਾਲਾ ਹੀ ਹੈ।" ਉਹ ਖਸਿਆਨੀ ਹਾਸੀ ਹਸਦਾ ਹੈ।


## THE WATNO DŪR DIRECTORY

**ARE YOU INTERESTED IN PROMOTING YOUR BUSINESS?**
**Enlist yourself in The Watno Dur directory (being re-organized very soon) at very nominal charges which would**

**PROMOTE YOUR BUSINESS AND BENEFIT READERS. CALL WATNO DUR 874-5403**

## TVS-

UNION ELECTRONICS (1974) LTD.

6169 Fraser Street, Vancouver
Phone: 321-0314

## RADIOS-

UNION ELECTDONICS (1974) LTD.

6169 Fraser Street, Vancouver
Phone: 321-0314

## TAPES

UNION ELECTDONICS (1974) LTD.

6169 Fraser Street, Vancouver
Phone: 321-0314

## RADIO CASSETTES

SONY, TOSHIBA

UNION ELECTRONICS (1974) LTD.

6169 Fraser Street, Vancouver
Phone: 321-0314

## STEREOS-

UNION ELECTRONICS (1974) LTD.

6169 Fraser Street, Vancouver
Phone: 321-0314

---

# ਸੰਦੀਪ ਸਟੂਡੀਓ

FOR ANY KIND OF

**Photography**

REMEMBER

SANDEEP
STUDIO

8157 Main Street
at Marine Drive

TELEPHONE: 324-4727 325-9255

---

ਹਰ ਕਿਸਮ ਦੇ ਬੀਮੇ
ਲਈ ਤੁਹਾਡੇ ਸਹਾਇਕ:-

# ਗਿੱਲ ਇਨਸ਼ੋਅਰੈਂਸ ਸਰਵਿਸਜ਼ ਕੰਪਨੀ ਲਿਮਟਿਡ

(ਸੁਰਜੀਤ ਗਿੱਲ)

AUTO — FIRE — LIFE

B—3905 Knight Street
at Kingsway)
Vancouver, B.C.

Off. 879-5522 Res. 434-7757

---

ਤੁਹਾਡਾ ਮਨ-ਪਸੰਦ

# ਨਵਾਂ ਰੇਡੀਓ ਪ੍ਰੋਗਰਾਮ
# ਸਾਜ਼ ਔਰ ਆਵਾਜ਼

KISM (FM 93 BELLINGHAM)

ਬੋਲੀ:
ਹਿੰਦੀ ਤੇ ਪੰਜਾਬੀ
ਦਿਨ:
ਐਤਵਾਰ
ਸਮਾਂ:
10.30 A.M. ਤੋਂ 12 NOON
ਫੋਨ:
872-1824

LISTEN TO

## SAAZ aur AWAZ

Newly featured program of
Hindi and Panjabi music
ON

**KISM** (FM 93 BELLINGHAM)

EVERY SUNDAY
From 10.30 A.M.—12 noon

For further information contact:

872-1824

# ਸ਼ਹੀਦੀ ਰੰਗ

( ਅਮਰ ਸ਼ਹੀਦਾਂ ਬਾਰੇ ਲਿਖਤਾਂ, ਫੋਟੋਆਂ,
ਖ਼ਤ, ਬਿਆਨ ਤੇ ਹੋਰ ਇਤਿਹਾਸਕ-ਪੂੰਜੀ)

## ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦਾ ਭਾਰਤ-ਮਾਤਾ ਨੂੰ ਆਖ਼ਰੀ-ਸੰਦੇਸ਼

(ਬਜ਼ੁਰਗ ਲੋਕ-ਕਵੀ ਬਾਬਾ ਗੁਰਦੇਵ ਸਿੰਘ ਢਿੱਲੋਂ 'ਸਰਦਮ'
(ਵੈਨਕੂਵਰ) ਦੀ ਕਲਮ ਤੋਂ )

ਲੈ ਨੀ ਅੰਮੀਏ ਅਸੀਂ ਤਿਆਰ ਬੈਠੇ, ਸਾਡਾ ਆਖਰੀ ਅਜ ਸਲਾਮ ਤੈਨੂੰ।
ਰਹਿ ਗਏ ਭੰਬੜੇ ਦਿਲਾਂ ਦੇ ਦਿਲਾਂ ਅੰਦਰ, ਛਡ ਚਲੇ ਹਾਂ ਮਾਤਾ ਗੁਲਾਮ ਤੈਨੂੰ।
ਸੀਸ ਬਲੀ ਦਿਤੇ ਕਈ ਸੂਰਿਆਂ ਨੇਂ, ਕਰਨ ਬਦਲੇ ਨੇਕ ਨਾਮ ਤੈਨੂੰ।
'ਭਾਰਤ ਮਾਤਾ' ਨਕਰਮਣੇ ਭਾਗ ਤੇਰੇ, ਕਹਿੰਦੇ ਗਏ ਨੇ ਇਹ ਕਲਾਮ ਤੈਨੂੰ।

———— ————

ਸੱਤਵੰਜਵੇਂ 'ਚ ਆਜ਼ਾਦੀ ਨਾਦ ਵੱਜਾ, ਕੱਟਣ ਲਈ ਗੁਲਾਮੀ ਦੇ ਸੰਗਲਾਂ ਨੂੰ।
ਨਾਨਾ ਫਰਨਵੀਸ ਨੇ ਹੱਥ ਕਮਾਂਡ ਲੈ ਕੇ, ਮਾਤ ਪਾ ਦਿਤਾ ਜੰਗੀ ਦੰਗਲਾਂ ਨੂੰ।
ਜਨਰਲ ਬਣੀ ਆ ਕੇ, ਖੰਡਾ ਫੜ ਝਾਂਸੀ, ਜੰਗਲ ਵਿਚ ਮਨਾਣ ਲਈ ਦੰਗਲਾਂ ਨੂੰ।
ਤਾਤੀ-ਤੋਪੀਆ ਹੋਇਆਂ ਸ਼ਹੀਦ ਇਥੇ, ਭੁਖੇ ਮਰਦਿਆਂ ਦੇਖ ਕੇ ਕੰਗਲਾਂ ਨੂੰ।

———— ———— ————

ਐਪਰ ਤੇਰੀਆਂ ਬੇੜੀਆਂ ਟੁਟੀਆਂ ਨਾ, ਸਾਡਾ ਦੇਸ਼ ਪ੍ਰਦੇਸ਼ ਰੁਲਾ ਦਿਤਾ।
ਤੇਰੇ ਪਰੇਮ ਦੀ ਲਗਨ 'ਕਰਤਾਰ' ਲਗੀ, ਸਾਬ ਪਿੰਗਲੇ ਜਾਮ ਪਿਆ ਦਿਤਾ।
ਬੱਬਰ ਬੰਬ ਮਾਰੇ ਮਾਤਾ ਅਣਖ ਬਦਲੇ, ਮੰਡਲ 'ਦਾਸ' ਦੀ ਭੁਖ ਹਿਲਾ ਦਿਤਾ।
ਲੈ ਹੁਣ ਸੀਸ ਫੀਸ ਹਾਂ ਦੇਣ ਲਗੇ, ਮਤੇ ਕਹੇਗੀ ਮੈਨੂੰ ਭੁਲਾ ਦਿਤਾ।

———— ———— ————

ਵਿਦਾ ਕਰ ਸਾਨੂੰ ਪਿਛੇ ਹੋਰ ਆਉਂਦੇ, ਜਾਗ ਪਏ ਮਾਤਾ ਨੌਜਵਾਨ ਤੇਰੇ।
ਨਹੀਂ ਹੋਈ ਆਸ਼ਕ ਦੂਲੇ ਨੀਂਗਰਾਂ ਤੇ, ਵਰ ਲਿਆਉਣ ਉਸ ਨੂੰ ਗੈਰਤਵਾਨ ਤੇਰੇ।
ਧਰਤੀ ਜਾਊ ਸਿੰਜੀ ਖ਼ੂਨ ਡੋਹਲ ਰੱਤਾ, ਮੇਟ ਦੇਣਗੇ ਕਾਲੇ ਨਿਸ਼ਾਨ ਤੇਰੇ।
ਰਾਤੋ-ਰਾਤ ਪ੍ਰਾਧੀਨਤਾ ਨੱਠ ਜਾਊ, ਪੂਰੇ ਹੋਣਗੇ ਮਾਤਾ ਅਰਮਾਨ ਤੇਰੇ।

———— ———— ————

ਸ਼ੁਕਰ ਹੈ ਫਰਜ਼ ਅਦਾ ਹੋਇਆ, ਜਾਂਦੀ ਵਾਰ ਅਜ ਹੱਸ ਕੇ ਤੋਰ ਮਾਤਾ।
ਤਖਤੇਦਾਰ ਉਤੋਂ ਕਰਦੇ ਬੇਨਤੀ ਹਾਂ, ਐਵੇਂ ਨਹੀਂ ਪਾਇਆ ਫੋਕਾ ਸ਼ੋਰ ਮਾਤਾ।
ਤੇਰੇ ਪਰੇਮ ਖਾਤਰ ਮਾਤਾ ਮਿਲੇ ਝੂਟੇ, ਸੈਂਸੀ, ਧਾੜਵੀ, ਨਹੀਂ ਹਾਂ ਚੋਰ ਮਾਤਾ।
ਲਾਹਕੇ ਆਸ ਉਮੀਦ ਹੁਣ ਰਰਖਿਆਂ ਦੀ, 'ਯਕਦਮ' ਕਰਨ ਸੇਵਾ ਤੇਰੀ ਹੋਰ ਮਾਤਾ।

10.5.1931 (ਹਿੰਦੁਸਤਾਨ ਗਦਰ ਵਿਚੋਂ)

# ਇਤਿਹਾਸ ਦੀ ਅਮਰ-ਯਾਦ

(ਸ਼ਹੀਦ ਭਗਤ ਸਿੰਘ ਅਤੇ ਸ਼ਹੀਦ ਬਟੁਕੇਸ਼ਵਰ ਦੱਤ ਵੱਲੋਂ 22 ਦਸੰਬਰ 1929 ਨੂੰ "ਇਨਕਲਾਬ ਜ਼ਿੰਦਾਬਾਦ" ਦੇ ਅਰਥ ਸਪੱਸ਼ਟ ਕਰਨ ਲਈ, ਸਾਮਰਾਜ ਦੇ ਪਿੱਠੂ ਅਖਬਾਰ 'ਮਾਡਰਨ ਰੀਵੀਊ' ਦੇ ਐਡੀਟਰ ਨੂੰ ਲਿਖੇ ਗਏ ਅਹਿਮ ਇਤਿਹਾਸਕ ਖ਼ਤ ਦਾ ਕਾਵਿ-ਅਨੁਵਾਦ)

"ਕੀ ਹੈ ਇਸ ਨਾਹਰੇ ਦਾ ਮਤਲਬ, ਸਤਰਾਂ ਅੱਗੇ ਰੱਖੀਏ।
ਕਿੰਨੀ ਉੱਚਤਾ ਦਾ ਇਹ ਸੂਚਕ, ਅਸੀਂ ਤੁਹਾਨੂੰ ਦੱਸੀਏ।

ਖ਼ਤਰਨਾਕ ਇਸ ਮੋੜ ਤੇ ਨਾਹਰਾ ਅਸੀਂ ਜੁ ਇਹ ਅਪਣਾਇਐ।
ਅਰਥ ਏਸਦੇ ਦੱਸਣੇ ਸਾਡਾ ਮੂਲ-ਫਰਜ਼ ਬਣ ਆਇਐ।

ਏਸ ਅਰਥ ਨੂੰ ਕੱਢੋ ਦਿਲ 'ਚੋਂ ਗਲਤੀ ਏਹ ਇਕ ਭਾਰੀ—
ਕਿ ਹਥਿਆਰ-ਬੰਦ ਅੰਦੋਲਨ, ਸਦਾ ਰਹੇਗਾ ਜਾਰੀ।

ਨਾਲ ਸਮੇਂ ਦੇ ਨਾਹਰੇ ਦੇ ਅਰਥਾਂ ਨੇ ਪਲਟਾ ਖਾਧਾ।
ਇੰਝ ਇਹਦੀ ਪ੍ਰਤਿਭਾ ਵਿਚ ਹੈ; ਹੋਰ ਹੋ ਗਿਆ ਵਾਧਾ।

ਵਿਆਕਰਣ ਤੇ ਸ਼ਬਦ-ਕੋਸ਼ ਦਾ ਲੈ ਕੇ ਤੁਸੀਂ ਸਹਾਰਾ।
ਬੇਸ਼ੱਕ ਆਖੋ ਠੀਕ ਨਹੀਂ ਜਾਂ ਸੱਚਾ ਨਹੀਂ ਏਹ ਨਾਹਰਾ।

ਪਰ ਜੇ ਤੁਸੀਂ ਧਿਆਨ ਨਾਲ ਇਸ ਨਾਹਰੇ ਤਾਈਂ ਤਕਦੇ।
ਤਾਂ ਇਸਦੇ ਪਿਆਰੇ ਅਰਥਾਂ ਨੂੰ ਵੱਖ ਨਹੀਂ ਕਰ ਸਕਦੇ।

'ਜ਼ਿੰਦਾਬਾਦ ਜਤਿਨ ਦਾਸ' ਜੇ ਕਹਿੰਦੇ ਅਸੀਂ ਪੁਕਾਰ
ਇਸ ਯੋਧੇ ਦੇ ਉਸ ਜਜ਼ਬੇ ਦਾ ਕਰੀਏ ਤਦ ਸਤਿਕਾਰ,

ਜਿਸ ਜਜ਼ਬੇ ਨੇ ਉਸ ਮਾਨਵ ਨੂੰ ਇਸ ਦੇ ਯੋਗ ਬਣਾਇਆ।
ਕਿ ਤਕਲੀਫਾਂ ਸਹਿ ਵੀ ਉਸ ਨੇ ਮੱਥੇ ਵੱਟ ਨਾ ਪਾਇਆ।

ਚਾਹੀਏ, ਉੱਚਾ ਰਹੇ ਹਮੇਸ਼ਾਂ, ਜਜ਼ਬਾ ਓਹੋ ਅਦੁੱਤੀ।
ਜਿਸ ਦੇ ਸਦਕਾ ਉਠ ਖਲੋਤੀ, ਪਈ ਮਨੁੱਖਤਾ ਸੁੱਤੀ।

ਜਜ਼ਬਾ ਏਹ ਅਜਿੱਤ ਏਸ ਦੀ, ਜੈ ਜੈ ਕਾਰ ਬੁਲਾਈਏ।
ਸਦਾ ਬੁਲੰਦ ਰਹੇ ਇਹ ਨਾਹਰਾ, ਏਹੀਓ ਦਿਲ 'ਚੋਂ ਚਾਹੀਏ।

ਇਹ ਜਜ਼ਬਾ ਹੈ ਰੱਖਣਾ ਜੀਉਂਦਾ, ਬੇਸ਼ੱਕ ਜੀਈਏ ਮਰੀਏ।
ਦਿਲ ਦਾ ਸਭ ਸਤਿਕਾਰ ਏਸ ਦੇ, ਅੱਗੇ ਅਰਪਣ ਕਰੀਏ।

'ਇਨਕਲਾਬ' ਦੇ ਅਰਥਾਂ ਵੱਲ ਨੂੰ, ਆਓ ! ਹੁਣ ਹਾਂ ਆਉਂਦੇ।
ਸ਼ਬਦ-ਕੋਸ਼ ਦੇ ਅਰਥ ਨਾ ਕਾਫ਼ੀ, ਥੋਨੂੰ ਹਾਂ ਸਮਝਾਉਂਦੇ।

ਜਿਹੜੇ ਲੋਕੀ ਇਸ ਨਾਹਰੇ ਨਾਲ, ਦਿਲੀ ਪ੍ਰੀਤਾਂ ਪਾਉਂਦੇ।
ਜੋ ਗਾਉਂਦੇ ਉਹ ਅਲਬੇਲੇ ਤਾਂ, 'ਇਨਕਲਾਬ' ਹੀ ਗਾਉਂਦੇ।

ਇੰਝ ਇਸ ਅੱਖਰ ਨਾਲ ਜੁੜਦੀਆਂ, ਉਨ੍ਹਾਂ ਦੀਆਂ ਅਦਾਵਾਂ।
ਉਨ੍ਹਾਂ ਦੇ ਸੰਦੇਸ਼ ਵੰਡਦੀਆਂ, ਯੁੱਗਾਂ ਤੀਕ ਹਵਾਵਾਂ।

ਸਾਡੀ ਨਜ਼ਰੇ ਨਾਹਰਾ ਸਾਡਾ, ਹੈ ਹਮਜੋਲੀ-ਮਿੱਤਰ।
ਆਜ਼ਾਦੀ ਦੇ ਸ਼ਬਦ-ਕੋਸ਼ ਦਾ, ਲਫ਼ਜ਼ ਹੈ ਪਾਕ-ਪਵਿੱਤਰ।

ਜੇਕਰ ਤੁਸੀਂ ਧਿਆਨ ਨਾਲ, ਪੜ੍ਹ ਲੈਂਦੇ ਬਿਆਨ ਅਸਾਂ ਦਾ।
ਇਸ ਨਾਹਰੇ ਦਾ ਅਰਥ ਸੁਨਿਹਰੀ, ਸਮਝ ਤੁਹਾਨੂੰ ਆਂਦਾ।

'ਇਨਕਲਾਬ' ਦੇ ਫੁੱਲ ਦੀ ਆਪਣੀ, ਵੱਖਰੀ ਹੈ ਇਕ ਰੰਗਤ।
ਹਰ ਵੇਲੇ ਹਥਿਆਰਾਂ ਨਾਲ ਨਾ ਏਹ ਹੋ ਸਕੇ ਸੰਬੰਧਤ।

ਬੰਬ, ਪਿਸਤੌਲ ਇਕੱਲੇ ਨਹੀਓਂ 'ਇਨਕਲਾਬ' ਅਖਵਾਉਂਦੇ।
ਬਲਕਿ ਇਹ ਤਾਂ ਉਸ ਟੀਸੀ ਦਾ, ਰਾਹ ਕੇਵਲ ਦਿਖਲਾਉਂਦੇ।

ਕਈ ਲਹਿਰਾਂ ਦੀ ਜਿੱਤ 'ਚ ਭਾਵੇਂ ਖਾਸ ਇਹ ਹਿੱਸਾ ਪਾਵਣ।
ਪਰ ਸਾਧਨ, ਸਾਧਨ ਹੀ ਹੁੰਦੇ, ਮੰਜ਼ਲ ਨਾ ਅਖਵਾਵਣ।

'ਬਗਾਵਤ' ਨੂੰ 'ਇਨਕਲਾਬ' ਆਖਣਾ, ਗਲਤੀ ਇਹ ਤੁਸਾਂ ਦੀ।
ਮੰਨੀਏ ਅਕਸਰ 'ਇਨਕਲਾਬ' 'ਚ, ਬਦਲ ਬਗ਼ਾਵਤ ਜਾਂਦੀ।

ਇਸ ਨਾਹਰੇ ਦੇ ਰਾਹੀਂ ਕਰੀਏ, ਅਸੀਂ ਇਹ ਭਾਵ ਉਜਾਗਰ—
'ਭਾਰਤ ਚੋਂ ਕੁਰਬਾਨੀ ਦਾ ਕੋਈ ਵਹੇ ਅਦੁੱਤੀ-ਸਾਗਰ।

ਤਾਨ ਸੁਰੀਲਾ ਛਿੜੇ ਆਜ਼ਾਦੀ ਜਾਏ ਮਾਨੁੱਖਤਾ ਕੀਲੀ।
ਜਾਗਣ ਹਿੰਦੀ ਨੀਂਦ-ਵਿਗੁੱਤੇ, ਚਾਹੀਏ ਇਹ ਤਬਦੀਲੀ।

ਕਈ ਵਾਰ ਜਦ ਚਲਦਾ ਚਲਦਾ ਰੁਕ ਜਾਏ ਜੀਵਨ-ਪਾਣੀ।
ਬੋ ਆਵੇ ਸੜਿਹਾਂਦ ਦੀ, ਭੁੱਲੇ ਖੁਸ਼ਬੋ-ਜਾਚ-ਸੁਹਾਣੀ।

ਜਾਵਣ ਟੁੱਟ ਮੁਹੱਬਤ-ਤੰਦਾਂ, ਉਲਝੇ ਜੀਵਨ-ਤਾਣੀ।
ਵਿਸਰ ਜਾਵੇ ਲੋਕਾਂ ਤਾਈਂ ਜੀਵਨ ਖਿੜਿਆ ਗਾਣੀ।

ਲੋਕਾਂ ਨੂੰ ਅਟਕਾ ਐਸਾ ਜਦ, ਫਨੀਅਰ ਬਣਕੇ ਡੰਗੇ।
ਤਦੋਂ ਸਮਾਂ ਹਰ ਮਾਨਵ ਪਾਸੋਂ, ਧਾਹੀਂ ਰੋ ਇਹ ਮੰਗੇ—

ਕਿ ਜੀਵਨ ਦੇ ਗਲ ਚਿੰਬੜਿਆ, ਜੰਜਾਲ ਤੋੜਨੇ ਖਾਤਰ ;
ਜੀਵਨ-ਮੰਚ ਉੱਤੇ ਉਸ ਵੇਲੇ, ਲੋੜੀਂਦੇ ਕੁਝ ਪਾਤਰ ;

ਸਮਝਣ ; ਘੋਖਣ ; ਸੁੱਤਿਆਂ, ਤਾਈਂ ਜਿਹੜੇ ਦੇਣ ਹਿਲੂਣਾ।
ਮਹਿਕਣ ਲੱਗੇ ਜਿਸ ਨਾਲ ਵਾਯੂ-ਮੰਡਲ ਪਿਆਰ-ਵਿਹੂਣਾ।

ਜੇਕਰ ਐਸੀ ਹਰਕਤ ਦੀ ਕੋਈ; ਲੋੜ ਨਾ ਸਮਝੀ ਜਾਵੇ।
ਤਾਂ ਮਾਨਵ ਦੇ ਚਿਹਰੇ 'ਤੇ ਬਰਬਾਦੀ ਕਾਲਖ ਛਾਵੇ।

ਬੇਸਮਝੀ ਤੇ ਗੁਮਰਾਹੀ ਦੇ ਬੱਦਲ ਤਦ ਮੰਡਲਾਉਂਦੇ।
ਜੀਵਨ ਦੀਆਂ ਸੂਰਜੀ-ਕਿਰਣਾਂ ਨੂੰ ਜੋ ਡੱਕਾਂ ਲਾਉਂਦੇ।

ਇਸ ਕਾਲਖ਼ ਦੀ ਓਟ 'ਚ ਮੌਕਾ-ਤਾੜੂ ਝਪਟ ਚਲਾਵਣ।
ਉੱਚੇ ਸੁੱਚੇ ਜਜ਼ਬਿਆਂ ਨੂੰ ਜੋ ਪੁੱਠੇ ਰਾਹ ਲੈ ਜਾਵਣ।

ਧੁੰਦਲੇ ਵਾਤਾਵਰਣ 'ਚ ਅਸਲੀ, ਮਾਰਗ ਨਜ਼ਰ ਨਾ ਆਵੇ।
ਐਸਾ ਮੌਕਾ ਜੀਵਨ ਸਾਹਵੇਂ ਪ੍ਰਸ਼ਨ-ਚਿੰਨ ਬਣ ਜਾਵੇ।

ਹਾਲਤ ਵਿੱਚ ਤਬਦੀਲੀ ਓਦੋਂ ਬਣਜੇ ਅੜੀ ਲੁੜੀਂਦੀ।
'ਤਾਂ ਜੁ ਮਾਨਵਤਾ ਦੀ ਰੂਹ ਜੋ ਦੁੱਖਾਂ ਵਿੱਚ ਪੀੜੀਂਦੀ ;

ਜੀਵਨ-ਬਾਗੋਂ ਉਸਦਾ ਰੰਗਲਾ ਬੂਟਾ ਪੁੱਟ ਨਾ ਜਾਵੇ ;
ਕਾਲਖ਼ ਟਿੱਕਾ ਓਸ ਯੁੱਗ ਦੇ, ਮੱਥੇ ਨਾ ਲੱਗ ਜਾਵੇ ;

ਵਹਿੰਦੇ ਜੀਵਨ-ਰੁੱਖ ਦੇ ਅੱਗੇ ਨਾ ਕੋਈ ਰੋੜਾ ਅਟਕੇ,
ਅਰਥ-ਹੀਣ ਹੋ ਜਾਵਣ, ਭੈੜੇ-ਤੱਤ ਤੂਫ਼ਾਨੀ ਝਟਕੇ ;

ਤੇ ਇੰਝ ਮਾਨਵ-ਰਸੀਆਂ ਦਾ ਇਕ ਰਹੇ ਕਾਫ਼ਲਾ ਚਲਦਾ।
ਰਾਹ ਜਿਸਦਾ ਰੁਸ਼ਨਾਉਂਦਾ ਰਹਿਸੀ, ਸੱਚ ਦਾ ਦੀਪਕ ਬਲਦਾ।'

ਵੈਸੇ ਵੀ ਹੈ ਯੁੱਗਾਂ ਤੋਂ, ਇਹ ਚਲਦੀ ਰਹੀ ਕਹਾਣੀ।
ਨਵੀਂ ਸੋਚ ਦੇ ਜਨਮ ਲੈਂਦਿਆ, ਮੁੱਕੇ ਸੋਚ ਪੁਰਾਣੀ।

ਸਮਝ ਗਏ ਹੋਵੋਗੇ ਕਿਉਂ ਇਹ ਨਾਹਰਾ ਅਸੀਂ ਲਗਾਇਆ।
ਮਤਲਬ ਕੱਢਕੇ ਪੁੱਠਾ ਜਿਸਦਾ, ਤੁਸੀਂ ਮਖ਼ੌਲ ਉਡਾਇਆ।

ਇਸ ਨਾਹਰੇ ਦੇ ਅਰਥ ਨੇ ਸੱਚੀ ਜੀਵਨ-ਜਾਚ ਸਿਖਾਉਂਦੇ।
ਤਾਹੀਓਂ ਇਸਦੇ ਹੱਕ 'ਚ ਆਪਣੀ ਅਸੀਂ ਆਵਾਜ਼ ਉਠਾਉਂਦੇ।"

(ਸੁਰਿੰਦਰ ਧੰਜਲ)

# ਹਿੰਦੁਸਤਾਨ ਸੋਸ਼ਲਿਸਟ ਰੀਪਬਲਿਕਨ ਆਰਮੀ ਦੇ ਪੰਜ ਬਹਾਦੁਰ ਇਨਕਲਾਬੀ



ਭਗਤ ਸਿੰਘ



ਸ਼ਿਵਰਾਮ ਰਾਜਗੁਰੂ



ਸੁਖਦੇਵ



ਚੰਦਰ ਸ਼ੇਖਰ ਆਜ਼ਾਦ



ਬੱਟ ਕੇਸ਼ਵਰ ਦੱਤ



# ਸ਼ਹੀਦ ਊਧਮ ਸਿੰਘ

ਜਿਸਨੇ 13 ਮਾਰਚ 1940 ਨੂੰ ਲੰਡਨ ਦੇ ਕੈਕਸਟਨ ਹਾਲ ਵਿੱਚ, ਜਲ੍ਹਿਆਂ ਵਾਲਾ ਬਾਗ, ਅੰਮ੍ਰਿਤਸਰ ਦੇ ਹੱਤਿਆ ਕਾਂਡ (1919) ਦੇ ਬਦਨਾਮ ਹੀਰੋ 'ਸਰ ਮਾਈਕਲ ਓਡਵਾਇਰ' ਨੂੰ ਗੋਲੀਆਂ ਨਾਲ ਉਡਾਕੇ 21 ਸਾਲ ਬਾਅਦ ਕੌਮੀ ਅਪਮਾਨ ਦਾ ਬਦਲਾ ਲਿਆ।

ਸ਼ਹੀਦ ਊਧਮ ਸਿੰਘ 26 ਦਸੰਬਰ 1899 ਨੂੰ ਜਨਮਿਆ ਅਤੇ 31 ਜੁਲਾਈ 1940 ਨੂੰ ਫਾਂਸੀ ਝੂਲ ਗਿਆ।

● ਪੂਰੇ ਇਕੀ ਸਾਲ ਮੈਂ ਬਦਲਾ ਲੈਣ ਦੀ ਕੋਸ਼ਿਸ਼ ਕਰਦਾ ਰਿਹਾ ਹਾਂ। ਮੈਂ ਖ਼ੁਸ਼ ਹਾਂ ਕਿ ਮੈਂ ਆਪਣਾ ਉਦੇਸ਼ ਪੂਰਾ ਕਰ ਲਿਆ ਹੈ। ਮੈਂ ਮੌਤ ਤੋਂ ਡਰਦਾ ਨਹੀਂ। ਮੈਂ ਜੁਆਨੀ ਵਿੱਚ ਮਰਨਾ ਚਾਹੁੰਦਾ ਹਾਂ। ਬੁੱਢੇ ਅਤੇ ਨਕਾਰਾ ਹੋਕੇ ਮਰਨ ਦਾ ਕੀ ਲਾਭ ਹੈ? ਮੈਂ ਆਪਣੇ ਦੇਸ਼ ਲਈ ਅਤੇ ਲੋਕਾਂ ਲਈ ਮਰ ਰਿਹਾ ਹਾਂ... ... ਮੈਨੂੰ ਇਸਤੋਂ ਜਿਆਦਾ ਮਾਣ ਕੀ ਮਿਲ ਸਕਦਾ ਹੈ ਕਿ ਮੈਂ ਆਪਣੀ ਮਾਤ ਭੂਮੀ ਲਈ ਕੁਰਬਾਨ ਹੋ ਰਿਹਾ ਹਾਂ...

( ਸ਼ਹੀਦ ਊਧਮ ਸਿੰਘ ਦੇ ਬਿਆਨ ਦੇ ਕੁਝ ਅੰਸ਼ )

# ਅਸਥੀਆਂ ਦਾ ਸੁਆਗਤ

( ਗੁਰਸ਼ਰਨ ਸਿੰਘ )

ਸਰਕਾਰੀ ਤੌਰ ਤੇ ਸ਼ਹੀਦ ਊਧਮ ਸਿੰਘ ਦੀਆਂ ਅਸਥੀਆਂ ਦੇ ਸੁਆਗਤ ਲਈ ਅੰਮ੍ਰਿਤਸਰ ਵਿਚ ਸ਼ਹਿਰੀਆਂ ਦੀ ਇਕ ਕਮੇਟੀ ਬਣਾਈ ਗਈ ਹੈ, ਉਸ ਕਮੇਟੀ ਦੇ ਮੈਂਬਰਾਂ ਵਿਚੋਂ ਇਕ ਰਾਏ ਬਹਾਦੁਰ ਪਰਕਾਸ਼ ਚੰਦ ਜੀ ਮੇਹਰਾ ਹਨ — ਇਹ ਉਹ ਬਜ਼ੁਰਗ ਹਨ, ਜਿਹਨਾਂ ਨੇ ਜਲ੍ਹਿਆਂ ਵਾਲਾ ਗੋਲੀ ਕਾਂਡ ਵੇਲੇ ਸਾਰਿਆਂ ਨਾਲੋਂ ਪਹਿਲੋਂ ਜਾ ਕੇ ਉਸ ਵੇਲੇ ਦੇ ਅੰਗਰੇਜ਼ ਡਿਪਟੀ ਕਮਿਸ਼ਨਰ ਨੂੰ ਵਧਾਈ ਦਿਤੀ ਸੀ ਤੇ ਕਿਹਾ ਸੀ, 'ਡਾਇਰ ਨੇ ਅੰਮ੍ਰਿਤਸਰ ਸ਼ਹਿਰ ਨੂੰ ਬਚਾਅ ਲਿਆ ਹੈ।' ਇਸ ਕਮੇਟੀ ਦੇ ਇਕ ਹੋਰ ਮੈਂਬਰ ਰਾਇ ਬਹਾਦੁਰ ਜੀ. ਆਰ. ਸੇਠੀ ਹਨ, ਇਹ 1919 ਵਿਚ ਇਕ ਅਖਬਾਰ ਕੱਢਦੇ ਸਨ, ਜਿਸਦੇ ਸੰਪਾਦਕੀ ਵਿਚ ਇਹ ਲਿਖਿਆ ਗਿਆ ਸੀ, 'ਅਮਨ ਪਸੰਦ ਸ਼ਹਿਰੀ ਜਨਰਲ ਡਾਇਰ ਦੇ ਮਸ਼ਕੂਰ ਹਨ'। ਇਸ ਸੇਵਾ ਬਦਲੇ ਇਹਨਾਂ ਨੇ 'ਰਾਇ ਬਹਾਦੁਰੀ' ਲਈ ਸੀ। ਇਕ ਹੋਰ ਵਿਅਕਤੀ ਹਨ, ਜਿਨ੍ਹਾਂ ਦੇ ਪਿਤਾ ਜੀ ਨੇ ਜਨਰਲ ਡਾਇਰ ਨੂੰ ਅਕਾਲ ਤਖਤ ਤੇ ਸਿਰੋਪਾ ਦਿਤਾ ਸੀ — ਇਹੋ ਜਹੇ ਲੋਕਾਂ ਵਲੋਂ ਸ਼ਹੀਦ ਦੀਆਂ ਅਸਥੀਆਂ ਦਾ ਸੁਆਗਤ ਆਪਣੇ ਆਪ ਵਿਚ ਉਹਨਾਂ ਵਡੇ ਮਜ਼ਾਕਾਂ ਵਿਚੋਂ ਇਕ ਹੈ, ਜੋ ਹਿੰਦੁਸਤਾਨ ਤੇ ਆਮ ਸ਼ਹਿਰੀਆਂ ਨਾਲ ਆਏ ਦਿਨ ਕੀਤਾ ਜਾਂਦਾ ਹੈ। (ਅਗਸਤ 1974)

# 1. ਗਵਰਨਰ ਪੰਜਾਬ ਨੂੰ ਖ਼ਤ

( ਭਗਤ ਸਿੰਘ, ਰਾਜਗੁਰੂ, ਸੁਖਦੇਵ - 20 ਮਾਰਚ 1931 )

ਮਿਲੋ

ਗਵਰਨਰ ਪੰਜਾਬ, ਸ਼ਿਮਲਾ ।

ਸ਼੍ਰੀਮਾਨ,

ਉਚਿਤ ਸਨਮਾਨ ਨਾਲ, ਅਸੀਂ ਤੁਹਾਡਾ ਧਿਆਨ ਹੇਠ-ਲਿਖੀਆਂ ਗੱਲਾਂ ਵੱਲ ਦਿਵਾਂਦੇ ਹਾਂ ।

ਭਾਰਤ ਵਿਚ ਅੰਗਰੇਜ਼ੀ ਸਰਕਾਰ ਦੇ ਮੁਖੀ, ਵਾਇਸਰਾਏ ਦੇ ਵਿਸ਼ੇਸ਼ ਲਾਹੌਰ ਸਾਜ਼ਸ਼ ਕੇਸ ਬਾਰੇ ਹੁਕਮ ਦੇ ਮੁਤਾਬਕ, ਸਾਡੇ ਕੇਸ ਦੀ ਸੁਣਵਾਈ ਲਈ ਖਾਸ ਅਦਾਲਤ (ਟ੍ਰੀਬੀਊਨਲ) ਕਾਇਮ ਕੀਤੀ ਗਈ ਸੀ, ਜਿਸ ਨੇ ਸਾਨੂੰ 7 ਅਕਤੂਬਰ 1930 ਵਾਲੇ ਦਿਨ ਫ਼ਾਂਸੀ ਦੀ ਸਜ਼ਾ ਸੁਣਾਈ ਸੀ । ਸਭ ਤੋਂ ਵੱਡਾ ਸਾਡਾ ਦੋਸ਼, ਇੰਗਲੈਂਡ ਦੇ ਰਾਜੇ ਸਮਰਾਟ ਜਾਰਜ ਪੰਚਮ ਵਿਰੁਧ ਜੰਗ ਛੇੜਣ ਦਾ ਸੀ ।

ਇਹ ਫ਼ੈਸਲਾ ਦਿੰਦੇ ਸਮੇਂ ਅਦਾਲਤ ਨੇ ਦੋ ਗੱਲਾਂ ਮਿੱਥੀਆਂ ਹਨ ।

ਪਹਿਲੀ ਇਹ ਕਿ ਅੰਗਰੇਜ਼ਾਂ ਤੇ ਭਾਰਤੀ ਜਨਤਾ ਵਿਚਾਲੇ ਇਕ ਜੰਗ ਚੱਲ ਰਹੀ ਹੈ । ਦੂਸਰਾ ਇਹ ਕਿ ਅਸਾਂ ਨਿਸਚਿਤ ਰੂਪ ਵਿਚ ਇਸ ਜੰਗ ਵਿਚ ਹਿੱਸਾ ਲਿਆ ਹੈ । ਜਿਸ ਕਰਕੇ ਅਸੀਂ ਜੰਗੀ ਕੈਦੀ ਹਾਂ ।

ਭਾਵੇਂ ਦੂਸਰੀ ਗੱਲ ਦੀ ਵਿਆਖਿਆ ਕਰਦੇ ਹੋਏ ਬਹੁਤ ਹੱਦ ਤਕ ਚਲਾਕੀ ਤੋਂ ਕੰਮ ਲਿਆ ਗਿਆ ਹੈ, ਜਿਸ ਕਰਕੇ ਇਸ ਦੇ ਖ਼ਿਲਾਫ਼ ਕੁਝ ਕਹਿਣਾ ਜ਼ਰੂਰੀ ਭਾਸਦਾ ਹੈ; ਪਰ ਫਿਰ ਵੀ ਅਸੀਂ ਇਹ ਕਹੇ ਬਗੈਰ ਨਹੀਂ ਰਹਿ ਸਕਦੇ ਕਿ ਸਾਡੇ ਬਾਰੇ ਇਸ ਤਰ੍ਹਾਂ ਕਹਿ ਕੇ, ਸਾਨੂੰ ਸਨਮਾਨਿਆ ਗਿਆ ਹੈ ।

## ਜੰਗ ਵਾਲੀ ਹਾਲਤ

ਜਿਥੋਂ ਤਕ ਪਹਿਲੀ ਮਿੱਥੀ ਗੱਲ ਦਾ ਸੰਬੰਧ ਹੈ, ਉਸ ਤੇ ਅਸੀਂ ਥੋੜੇ ਵਿਸਥਾਰ ਨਾਲ ਰੋਸ਼ਨੀ ਪਾਉਣਾ ਚਾਹਾਂਗੇ । ਪ੍ਰਤੱਖ ਰੂਪ ਵਿਚ ਐਸੀ ਕੋਈ ਲੜਾਈ ਛਿੜੀ ਹੋਈ ਨਜ਼ਰ ਨਹੀਂ ਆਉਂਦੀ । ਫਿਰ ਵੀ ਇਸ ਦੇ ਲਫ਼ਜ਼ੀ ਅਰਥਾਂ ਵਿਚ ਅਸੀਂ ਇਸ ਵਿਆਖਿਆ ਨੂੰ ਮੰਨਣ ਲਈ ਤਿਆਰ ਹਾਂ । ਪਰ ਅਸੀਂ ਇਸ ਨੂੰ ਹੋਰ ਵਿਸਥਾਰ ਨਾਲ ਦਸਣਾ ਚਾਹਾਂਗੇ, ਤਾਂ ਕਿ ਸਾਨੂੰ ਠੀਕ ਤਰ੍ਹਾਂ ਨਾਲ ਸਮਝਿਆ ਜਾਵੇ । ਅਸੀਂ ਇਹ ਐਲਾਨ ਕਰਦੇ ਹਾਂ ਕਿ ਇਕ ਯੁੱਧ ਚਲ ਰਿਹਾ ਹੈ ਤੇ ਇਹ ਤਦ ਤਕ ਚਲਦਾ ਰਹੇਗਾ, ਜਦ ਤਕ ਕੁਝ ਤਾਕਤਵਰ ਲੋਕ ਭਾਰਤੀ ਜਨਤਾ ਤੇ ਮਿਹਨਤਕਸ਼ ਲੋਕਾਂ ਨੂੰ ਤੇ ਉਨ੍ਹਾਂ ਦੇ ਆਮਦਨ ਦੇ ਵਸੀਲਿਆਂ ਨੂੰ ਲੁਟਦੇ ਰਹਿਣਗੇ । ਉਹ ਲੁਟੇਰੇ ਭਾਵੇਂ ਨਿਰੋਲ ਅੰਗਰੇਜ਼ ਸਰਮਾਏਦਾਰ ਹੋਣ ਜਾਂ ਨਿਰੋਲ ਭਾਰਤੀ ਸਰਮਾਏਦਾਰ ਜਾਂ ਦੋਨੋਂ ਰਲਵੇਂ, ਚਾਹੇ ਉਹ ਜਨਤਾ ਦਾ ਖ਼ੂਨ ਚੂਸਣ ਲਈ ਨਿਰੋਲ ਭਾਰਤੀ ਨੌਕਰਸ਼ਾਹੀ ਜਾਂ ਸਾਂਝੀ ਰਲੀ-ਮਿਲੀ ਨੌਕਰਸ਼ਾਹੀ ਦੀ ਮਸ਼ੀਨ ਨੂੰ ਵਰਤਣ । ਇਹ ਸਭ ਕੁਝ ਨਾਲ ਸਾਨੂੰ ਕੋਈ ਫ਼ਰਕ ਨਹੀਂ ਪਏਗਾ । ਜੇ ਤੁਹਾਡੀ ਸਰਕਾਰ, ਛੋਟੀਆਂ ਛੋਟੀਆਂ ਸਹੂਲਤਾਂ ਦੇ ਕੇ ਜਾਂ ਸਮਝੌਤਾ ਕਰਕੇ ਭਾਰਤੀ ਨੇਤਾਵਾਂ ਤੇ ਇਸ ਸਮਾਜ ਦੇ ਉਚ-ਤਬਕੇ ਦੇ ਮੁੱਖੀਆਂ ਨੂੰ ਆਪਣੇ ਨਾਲ ਗੰਢਣ ਵਿਚ ਕਾਮਯਾਬ ਹੋ ਜਾਂਦੀ ਹੈ, ਤੇ ਕੁਝ ਅਰਸੇ ਲਈ ਜਨਤਾ ਦੀ ਤਾਕਤ ਨੂੰ ਮੱਧਮ ਕਰ ਦੇਂਦੀ ਹੈ, ਤਾਂ ਵੀ ਇਸ ਨਾਲ ਹਾਲਾਤ ਵਿਚ ਕੋਈ ਫ਼ਰਕ ਨਹੀਂ ਆਵੇਗਾ । ਇਸ ਦੀ ਵੀ ਕੋਈ ਚਿੰਤਾ ਨਹੀਂ ਕਿ ਇਕ ਵਾਰ ਫਿਰ ਭਾਰਤੀ ਲਹਿਰ ਦੇ ਮੋਹਰੀ ਦਸਤੇ, ਇਨਕਲਾਬੀ ਪਾਰਟੀ ਨੂੰ ਜ਼ੋਰਾਂ ਦੀ ਲੜਾਈ ਵਿਚ ਖੜਿਆਂ ਨੂੰ ਧੋਖਾ ਦਿੱਤਾ ਗਿਆ ਹੈ । ਇਸ ਦਾ ਵੀ ਕੋਈ ਫ਼ਰਕ ਨਹੀਂ ਪਵੇਗਾ, ਜੇ ਭਾਰਤੀ ਨੇਤਾ, ਜਿਨ੍ਹਾਂ ਦੇ ਅਸੀਂ ਜ਼ਾਤੀ ਤੌਰ ਤੇ ਇਸ ਕਰਕੇ ਧੰਨਵਾਦੀ ਹਾਂ ਕਿ ਉਨ੍ਹਾਂ ਸਾਡੇ ਲਈ ਹਮਦਰਦੀ ਤੇ ਚੰਗੀਆਂ ਭਾਵਨਾਵਾਂ ਪਰਗਟ ਕੀਤੀਆਂ ਹਨ, ਏਨੇ ਬਦਲਾ ਲਊ ਹੋ ਗਏ ਹਨ ਕਿ ਉਨ੍ਹਾਂ ਨੇ ਸ਼ਾਂਤੀ ਸਮਝੌਤਾ ਵਾਰਤਾ ਵਿਚ ਬੇਘਰ ਤੇ ਬੇਸਹਾਰਾ ਇਸਤਰੀ ਰਾਜਨੀਤਕ ਕਾਰਕੁਨਾਂ ਦਾ ਜ਼ਿਕਰ ਤਕ ਵੀ ਨਹੀਂ ਕੀਤਾ । ਕਿਉਂਕਿ ਉਨ੍ਹਾਂ ਨੂੰ ਇਨਕਲਾਬੀ ਪਾਰਟੀ ਦੇ ਮੈਂਬਰ ਸਮਝਿਆ ਗਿਆ ਹੈ । ਤੇ ਨੇਤਾਵਾਂ ਦੀ ਨਜ਼ਰ ਵਿਚ ਇਨਕਲਾਬੀ ਪਾਰਟੀ ਉਨ੍ਹਾਂ ਦੀ ਸ਼ੇਖ ਚਿਲੀ ਵਾਲੀ ਕਲਪਿਤ ਅਹਿੰਸਾ ਦੀ ਵਿਰੋਧੀ ਹੈ । ਭਾਵੇਂ ਇਹ ਅਹਿੰਸਾ ਹੁਣ ਇਕ ਥੋਥੀ ਗੱਲ ਬਣ ਚੁਕੀ ਹੈ । ਇਹ ਉਹ ਭਾਰਤ ਦੀਆਂ ਬਹਾਦਰ ਸਪੁੱਤਰੀਆਂ ਹਨ, ਜਿਨ੍ਹਾਂ ਦੀ ਆਪਣੀ ਕੁਰਬਾਨੀ ਤਾਂ ਬੇ-ਮਿਸਾਲ ਹੈ । ਨਾਲ ਹੀ ਜਿਨ੍ਹਾਂ ਆਪਣੇ ਪਤੀਆਂ ਤੇ ਭਰਾਵਾਂ ਨੂੰ ਜਾਂ ਬਲੀ ਵੇਦੀ ਤੇ ਭੇਂਟ ਚੜ੍ਹਾਇਆ ਹੈ ਜਾਂ ਬਲੀ ਲਈ ਆਪਣੇ ਹੱਥੀਂ ਤੋਰਿਆ ਹੈ । ਇਨ੍ਹਾਂ ਬਹਾਦਰ ਦੇਵੀਆਂ ਨੇ ਆਪਣੀ ਜਾਨ ਸਮੇਤ, ਹਰ ਪਿਆਰੀ ਤੇ ਨਜ਼ਦੀਕੀ ਚੀਜ਼ ਨੂੰ ਕੁਰਬਾਨੀ ਲਈ ਭੇਂਟ ਕੀਤਾ ਹੈ । ਤੇ ਤੁਹਾਡੀ ਸਰਕਾਰ ਨੇ ਇਨ੍ਹਾਂ ਨੂੰ ਵਿਦਰੋਹੀ ਕਰਾਰ ਦਿੱਤਾ ਹੈ । ਜੇ ਤੁਹਾਡੇ ਏਜੰਟ ਏਨੇ ਗਿਰ ਗਏ ਹਨ ਕਿ ਉਨ੍ਹਾਂ ਮਨਘੜਤ ਕਹਾਣੀਆਂ ਘੜ ਕੇ ਇਨ੍ਹਾਂ ਤੇ ਇਨ੍ਹਾਂ ਦੀ ਪਾਰਟੀ ਦੀ ਇੱਜ਼ਤ ਨੂੰ ਨੁਕਸਾਨ ਪਹੁੰਚਾਣ ਦੀ ਕੋਸ਼ਿਸ਼ ਕੀਤੀ ਹੈ, ਤਾਂ ਵੀ ਇਹ ਯੁੱਧ ਚਲਦਾ ਰਹੇਗਾ ।

## ਜੰਗ ਦੇ ਤਰੀਕੇ ਦੀ ਚੋਣ ਤੁਹਾਡੇ 'ਤੇ ਹੈ

ਹੋ ਸਕਦਾ ਹੈ ਕਿ ਇਹ ਲੜਾਈ ਵੱਖ ਵੱਖ ਪੜਾਵਾਂ ਵਿਚ ਵੱਖ ਵੱਖ ਰੂਪ ਧਾਰੇ ।

ਕਿਸੇ ਸਮੇਂ ਇਹ ਲੜਾਈ ਪਰਗਟ ਰੂਪ ਵਿਚ ਹੋਵੇ, ਕਦੀ ਖੁਫੀਆ, ਕਦੀ ਨਿਰੋਲ ਅੰਦੋਲਨਕਾਰੀ ਤੇ ਕਦੇ ਇਹ ਇੰਨੀ ਭਿਆਨਕ ਹੋਵੇ ਕਿ ਜੀਵਨ ਤੇ ਮੌਤ ਦੀ ਬਾਜ਼ੀ ਲਗ ਜਾਵੇ। ਪਰ ਇਹ ਕਿਹੋ ਜਿਹਾ ਰੂਪ ਧਾਰਦੀ ਹੈ, ਖ਼ੂਨੀ ਜਾਂ ਥੋੜਾ ਸ਼ਾਂਤੀ ਪੂਰਨ, ਇਸ ਦੀ ਚੋਣ ਤੁਹਾਡੇ ਤੇ ਨਿਰਭਰ ਹੈ। ਸੋ ਤੁਸੀਂ ਇਸ ਦੇ ਰੂਪ ਦੀ ਚੋਣ ਆਪਣੀ ਮਰਜ਼ੀ ਮੁਤਾਬਕ ਕਰ ਸਕਦੇ ਹੋ। ਪਰ ਇਹ ਜੰਗ, ਐਵੇਂ ਨਿੱਕੀਆਂ ਨਿੱਕੀਆਂ ਗੱਲਾਂ ਵਿਚ ਪਏ ਬਗੈਰ ਤੇ ਬੇ-ਮਤਲਬ ਨੈਤਿਕ ਸਿਧਾਂਤਾਂ ਵਿਚ ਉਲਝੇ ਬਿਨਾਂ ਲਗਾਤਾਰ ਚਲਦੀ ਰਹੇਗੀ।

ਜਦ ਤਕ ਸਮਾਜਵਾਦੀ ਲੋਕ ਰਾਜ ਸਥਾਪਤ ਨਹੀਂ ਹੋ ਜਾਂਦਾ, ਤੇ ਸਮਾਜ ਦਾ ਵਰਤਮਾਨ ਢਾਂਚਾ ਖ਼ਤਮ ਕਰਕੇ ਉਸ ਦੇ ਥਾਂ ਸਮਾਜਕ ਖ਼ੁਸ਼ਹਾਲੀ ਤੇ ਆਧਾਰਤ ਨਵਾਂ ਸਮਾਜਕ ਢਾਂਚਾ ਨਹੀਂ ਉਸਰ ਜਾਂਦਾ, ਜਦ ਤਕ ਹਰ ਕਿਸਮ ਦੀ ਲੁਟ ਖਸੁਟ ਅਸੰਭਵ ਬਣਾ ਕੇ ਮਨੁਖਤਾ ਤੇ ਅਸਲ ਤੇ ਸਥਾਈ ਅਮਨ ਦੀ ਛਾਂ ਨਹੀਂ ਹੁੰਦੀ, ਤਦ ਤਕ ਇਹ ਜੰਗ ਹੋਰ ਨਵੇਂ ਜੋਸ਼, ਹੋਰ ਵਧੇਰੀ ਨਿਡਰਤਾ, ਬਹਾਦਰੀ ਤੇ ਅਟੱਲ ਇਰਾਦੇ ਨਾਲ ਲੜੀ ਜਾਂਦੀ ਰਹੇਗੀ। ਨਿਕਟ ਭਵਿਖ ਵਿਚ ਆਖ਼ਰੀ ਯੁੱਧ ਲੜਿਆ ਜਾਵੇਗਾ ਤੇ ਉਹ ਫ਼ੈਸਲਾ-ਕੁਨ ਹੋਵੇਗਾ।

ਸਾਮਰਾਜੀ ਤੇ ਸਰਮਾਏਦਾਰੀ ਲੁਟ ਕੁਝ ਦਿਨਾਂ ਦੀ ਖੇਡ ਹੈ। ਇਹ ਜੰਗ ਨਾ ਅਸਾਂ ਤੋਂ ਸ਼ੁਰੂ ਹੋਇਆ ਹੈ ਤੇ ਨਾ ਹੀ ਸਾਡੇ ਜੀਵਨ ਨਾਲ ਖ਼ਤਮ ਹੋਵੇਗਾ। ਇਹ ਤਾਂ ਇਤਿਹਾਸਕ ਕਾਰਨਾਂ ਤੇ ਆਲੇ ਦੁਆਲੇ ਪਸਰੇ ਹਾਲਾਤ ਦਾ ਜ਼ਰੂਰੀ ਨਤੀਜਾ ਹੈ। ਸਾਡੀ ਨਿਮਾਣੀ ਜਿਹੀ ਕੁਰਬਾਨੀ ਤਾਂ ਉਸ ਇਤਿਹਾਸਕ ਲੜੀ ਦੀ ਇਕ ਕੜੀ ਹੈ, ਜਿਸ ਨੂੰ ਜਤਿਨ ਦਾਸ ਦੀ ਬੇਮਿਸਾਲ ਕੁਰਬਾਨੀ ਨੇ, ਸ਼ਹੀਦ ਭਗਵਤੀ ਚਰਨ ਜੀ ਦੀ ਅਤੀ ਭਿਆਨਕ ਪਰ ਪਵਿਤਰ ਤੇ ਮਹਾਨ ਕੁਰਬਾਨੀ ਨੇ ਤੇ ਸਾਡੇ ਮਹਿਬੂਬ ਜਰਨੈਲ ਆਜ਼ਾਦ ਦੀ ਸ਼ਾਨਦਾਰ ਸ਼ਹਾਦਤ ਨੇ ਚਾਰ ਚੰਨ ਲਾਏ ਹਨ।

### ਫ਼ਾਂਸੀ ਦੀ ਥਾਂ ਗੋਲੀ

ਜਿਥੋਂ ਤਕ ਸਾਡੀ ਕਿਸਮਤ ਦਾ ਸਵਾਲ ਹੈ, ਅਸੀਂ ਦ੍ਰਿੜ੍ਹ ਇਰਾਦੇ ਨਾਲ ਕਹਿਣਾ ਚਾਹੁੰਦੇ ਹਾਂ ਕਿ ਤੁਸਾਂ ਜਦ ਸਾਨੂੰ ਫ਼ਾਂਸੀ ਦੇਣ ਦਾ ਹੁਕਮ ਦਿੱਤਾ ਹੈ ਤਾਂ ਤੁਸੀਂ ਜ਼ਰੂਰ ਹੀ ਇਸ ਨੂੰ ਪੂਰਾ ਕਰੋਗੇ। ਤੁਹਾਡੇ ਹੱਥ ਵਿਚ ਤਾਕਤ ਹੈ, ਤੇ ਦੁਨੀਆਂ ਵਿਚ ਤਾਕਤ ਨੂੰ ਹਰ ਹੱਕ ਹਾਸਲ ਹੈ। ਅਸੀਂ ਜਾਣਦੇ ਹਾਂ ਕਿ ਤੁਹਾਡਾ ਇਰਾਦਾ ਪੂਰਾ ਕਰਨ ਲਈ 'ਜਿਸ ਦੀ ਲਾਠੀ ਉਸਦੀ ਭੈਂਸ' ਵਾਲਾ ਮੁਹਾਵਰਾ ਕੰਮ ਕਰਦਾ ਹੈ। ਸਾਡੇ ਮੁਕੱਦਮੇ ਦੀ ਸੁਣਵਾਈ ਇਸਦਾ ਇਕ ਸੁਹਣਾ ਸਬੂਤ ਹੈ। ਅਸੀਂ ਤੁਹਾਨੂੰ ਇਹ ਦਸਣਾ ਚਾਹੁੰਦੇ ਹਾਂ ਕਿ ਤੁਹਾਡੀ ਹੀ ਇਕ ਅਦਾਲਤ ਦੇ ਫ਼ੈਸਲੇ ਅਨੁਸਾਰ ਸਾਡੇ ਉੱਤੇ ਯੁੱਧ ਵਿਢਣ ਦਾ ਦੋਸ਼ ਹੈ ਤੇ ਇਸ ਕਰਕੇ ਅਸੀਂ ਜੰਗੀ ਕੈਦੀ ਹਾਂ। ਅਤੇ ਇਸੇ ਕਰਕੇ ਅਸੀਂ ਮੰਗ ਕਰਦੇ ਹਾਂ ਕਿ ਸਾਡੇ ਨਾਲ ਜੰਗੀ ਕੈਦੀਆਂ ਵਾਲਾ ਹੀ ਸਲੂਕ ਕੀਤਾ ਜਾਵੇ। ਯਾਨੀ ਕਿ ਫ਼ਾਂਸੀ ਤੇ ਲਟਕਾਣ ਦੀ ਬਜਾਏ ਸਾਨੂੰ ਗੋਲੀ ਨਾਲ ਉਡਾਇਆ ਜਾਵੇ। ਹੁਣ ਇਹ ਸਿੱਧ ਕਰਨਾ ਤੁਹਾਡਾ ਕੰਮ ਹੈ ਕਿ ਜੋ ਤੁਹਾਡੀ ਅਦਾਲਤ ਨੇ ਕਿਹਾ ਹੈ, ਉਸ ਵਿਚ ਤੁਹਾਡਾ ਪੂਰਾ ਵਿਸ਼ਵਾਸ ਹੈ।

ਸੋ ਅਸੀਂ ਨਿਮਰਤਾ ਪੂਰਵਕ ਤੁਹਾਨੂੰ ਇਹ ਬੇਨਤੀ ਕਰਦੇ ਹਾਂ ਕਿ ਤੁਸੀਂ ਆਪਣੇ ਫ਼ੌਜੀ ਵਿਭਾਗ ਨੂੰ ਹੁਕਮ ਦਿਓ ਕਿ ਸਾਨੂੰ ਗੋਲੀ ਨਾਲ ਉਡਾਣ ਲਈ ਇਕ ਫ਼ੌਜੀ ਟੋਲੀ ਭੇਜ ਦੇਵੇ।

ਤੁਹਾਡੇ,

**ਭਗਤ ਸਿੰਘ, ਰਾਜਗੁਰੂ, ਸੁਖਦੇਵ**



## 2. ਬੱਟਕੇਸ਼ਵਰ ਦੱਤ ਨੂੰ ਖ਼ਤ

*( ਭਗਤ ਸਿੰਘ - ਨਵੰਬਰ 1930 )*

ਮੈਨੂੰ ਸਜ਼ਾ ਸੁਣਾ ਦਿੱਤੀ ਗਈ ਹੈ ਅਤੇ ਫ਼ਾਂਸੀ ਦਾ ਹੁਕਮ ਹੋਇਆ ਹੈ। ਇਨ੍ਹਾਂ ਕੋਠੜੀਆਂ ਵਿਚ ਮੈਥੋਂ ਬਿਨਾਂ ਫ਼ਾਂਸੀ ਦੀ ਉਡੀਕ ਕਰਨ ਵਾਲੇ ਬਹੁਤ ਸਾਰੇ ਮੁਲਜ਼ਮ ਹਨ। ਇਹ ਲੋਕ ਇਹੀ ਅਰਦਾਸ ਕਰ ਰਹੇ ਹਨ ਕਿ ਕਿਸੇ ਤਰ੍ਹਾਂ ਫ਼ਾਂਸੀ ਤੋਂ ਬਚ ਜਾਣ। ਪਰ ਉਨ੍ਹਾਂ ਵਿਚ ਸ਼ਾਇਦ ਮੈਂ ਇਕ ਇਜੇਹਾ ਆਦਮੀ ਹਾਂ, ਜੋ ਬੜੀ ਬੇਸਬਰੀ ਨਾਲ ਉਸ ਦਿਨ ਦੀ ਉਡੀਕ ਕਰ ਰਿਹਾ ਹੈ, ਜਦ ਮੈਨੂੰ ਆਪਣੇ ਆਦਰਸ਼ ਵਾਸਤੇ ਫ਼ਾਂਸੀ ਦੇ ਰੱਸੇ ਤੇ ਝੂਲਣ ਦਾ ਸੁਭਾਗ ਹਾਸਲ ਹੋਏਗਾ। ਮੈਂ ਇਸ ਖੁਸ਼ੀ ਨਾਲ ਫ਼ਾਂਸੀ ਦੇ ਤਖ਼ਤੇ ਉੱਤੇ ਚੜ੍ਹ ਕੇ ਦੁਨੀਆਂ ਨੂੰ ਦਿਖਾ ਦੇਵਾਂਗਾ ਕਿ ਇਨਕਲਾਬੀ ਆਪਣੇ ਆਦਰਸ਼ਾਂ ਲਈ ਕਿੰਨੀ ਬੀਰਤਾ ਨਾਲ ਕੁਰਬਾਨੀ ਦੇ ਸਕਦੇ ਹਨ।

ਮੈਨੂੰ ਫ਼ਾਂਸੀ ਦੀ ਸਜ਼ਾ ਮਿਲੀ ਹੈ, ਪਰ ਤੈਨੂੰ ਉਮਰ ਕੈਦ ਦੀ ਸਜ਼ਾ ਮਿਲੀ ਹੈ। ਤੂੰ ਜੀਉਂਦਾ ਰਹੇਂਗਾ ਅਤੇ ਤੂੰ ਜੀਉਂਦਿਆਂ ਰਹਿ ਕੇ ਦੁਨੀਆਂ ਨੂੰ ਇਹ ਦਿਖਾਉਣਾ ਹੈ ਕਿ ਇਨਕਲਾਬੀ ਆਪਣੇ ਆਦਰਸ਼ਾਂ ਲਈ ਸਿਰਫ਼ ਮਰ ਹੀ ਨਹੀਂ ਸਕਦੇ, ਸਗੋਂ ਜੀਉਂਦੇ ਰਹਿ ਕੇ ਹਰ ਮੁਸੀਬਤ ਦਾ ਮੁਕਾਬਲਾ ਵੀ ਕਰ ਸਕਦੇ ਹਨ। ਮੌਤ ਦੁਨਿਆਵੀ ਔਖਿਆਈਆਂ ਤੋਂ ਛੁਟਕਾਰਾ ਹਾਸਲ ਕਰਨ ਦਾ ਸਾਧਨ ਨਹੀਂ ਬਣਨੀ ਚਾਹੀਦੀ; ਸਗੋਂ ਜੋ ਇਨਕਲਾਬੀ ਇਤਫ਼ਾਕ ਨਾਲ ਫ਼ਾਂਸੀ ਦੇ ਰੱਸੇ ਤੋਂ ਬਚ ਗਏ ਹਨ, ਉਨ੍ਹਾਂ ਨੂੰ ਜੀਉਂਦਿਆਂ ਰਹਿ ਕੇ ਦੁਨੀਆਂ ਨੂੰ ਇਹ ਦਿਖਾ ਦੇਣਾ ਚਾਹੀਦਾ ਹੈ ਕਿ ਉਹ ਨਾ ਸਿਰਫ਼ ਆਪਣੇ ਆਦਰਸ਼ਾਂ ਲਈ ਫ਼ਾਂਸੀ ਉਤੇ ਚੜ੍ਹ ਸਕਦੇ ਹਨ, ਜੇਲਾਂ ਦੀਆਂ ਅਨ੍ਹੇਰੀਆਂ ਛੋਟੀਆਂ ਕੋਠੜੀਆਂ ਵਿਚ ਘੁਲ ਘੁਲ ਕੇ ਹੱਦ ਦਰਜੇ ਦੇ ਭੈੜੇ ਜ਼ੁਲਮਾਂ ਨੂੰ ਸਹਾਰ ਵੀ ਸਕਦੇ ਹਨ।

**ਭਗਤ ਸਿੰਘ**

# 3. ਸ਼ਹੀਦ ਸੁਖਦੇਵ ਨੂੰ ਖ਼ਤ

(ਭਗਤ ਸਿੰਘ - 1930)

ਪਿਆਰੇ ਵੀਰ,

ਮੈਂ ਤੇਰੀ ਚਿੱਠੀ ਨੂੰ ਕਈ ਵਾਰ ਧਿਆਨ ਨਾਲ ਪੜ੍ਹਿਆ। ਮੈਂ ਮਹਿਸੂਸ ਕਰਦਾ ਹਾਂ ਕਿ ਬਦਲਦੇ ਹੋਏ ਹਾਲਾਤ ਨੇ ਸਾਡੇ ਦੋਨਾਂ 'ਤੇ ਵੱਖ ਵੱਖ ਅਸਰ ਕੀਤਾ ਹੈ। ਜਿਨ੍ਹਾਂ ਗੱਲਾਂ ਤੋਂ ਤੁਸੀਂ ਬਾਹਰ ਨਫ਼ਰਤ ਕਰਦੇ ਸਓ, ਉਹ ਤੁਹਾਡੇ ਲਈ ਜਾਇਜ਼ ਹੋ ਚੁਕੀਆਂ ਹਨ। ਇਸ ਤਰ੍ਹਾਂ ਜੇਲ੍ਹ ਤੋਂ ਬਾਹਰ ਮੈਂ ਜਿਨ੍ਹਾਂ ਗੱਲਾਂ ਦੀ ਸਖ਼ਤ ਗੰਭੀਰਤਾ ਨਾਲ ਹਮਾਇਤ ਕਰਦਾ ਸੀ, ਹੁਣ ਉਹ ਮੇਰੇ ਲਈ ਖਾਸ ਅਹਿਮੀਅਤ ਨਹੀਂ ਰਖਦੀਆਂ। ਮਿਸਾਲ ਦੇ ਤੌਰ ਤੇ ਮੇਰੇ ਲਈ ਜ਼ਾਤੀ ਜਾਂ ਇਕ ਮਨੁਖ ਦੇ ਪਿਆਰ ਦਾ ਖ਼ਾਸ ਮਕਸਦ ਸੀ। ਪਰ ਹੁਣ ਇਸ ਜਜ਼ਬੇ ਦਾ ਮੇਰੇ ਦਿਲ ਦਿਮਾਗ ਤੇ ਰਿਦਾਂ ਦਾ ਗਲਬਾ ਨਹੀਂ ਰਿਹਾ। ਬਾਹਰ ਤੁਸੀਂ ਇਸ ਦੇ ਬਹੁਤ ਖ਼ਿਲਾਫ਼ ਸੀ, ਪਰ ਹੁਣ ਤੁਹਾਡੀ ਰਾਏ ਵਿਚ ਭਾਰੀ ਤਬਦੀਲੀ ਆ ਚੁਕੀ ਹੈ। ਤੁਸੀਂ ਇਸ ਨੂੰ ਇਨਸਾਨੀ ਜ਼ਿੰਦਗੀ ਦਾ ਬਹੁਤ ਜ਼ਰੂਰੀ ਤੇ ਲਾਜ਼ਮੀ ਹਿੱਸਾ ਮਹਿਸੂਸ ਕਰਦੇ ਹੋ ਅਤੇ ਇਸ ਦੇ ਅਹਿਸਾਸ ਨਾਲ ਤੁਹਾਨੂੰ ਇਕ ਕਿਸਮ ਦੀ ਖੁਸ਼ੀ ਵੀ ਹੋਈ ਹੈ।

## ਖ਼ੁਦਕਸ਼ੀ

ਖ਼ੁਦਕਸ਼ੀ ਸੰਬੰਧੀ ਤੁਹਾਨੂੰ ਯਾਦ ਹੋਵੇਗਾ। ਇਕ ਦਿਨ ਇਸ ਵਿਸ਼ੇ ਤੇ ਮੈਂ ਤੁਹਾਡੇ ਨਾਲ ਬਹਿਸ ਕੀਤੀ ਸੀ। ਉਦੋਂ ਮੈਂ ਤੁਹਾਨੂੰ ਦਸਿਆ ਸੀ ਕਿ ਕਈਆਂ ਹਾਲਤਾਂ ਵਿਚ ਖ਼ੁਦਕਸ਼ੀ ਜਾਇਜ਼ ਹੋ ਸਕਦੀ ਹੈ। ਪਰ ਤੁਸੀਂ ਮੇਰੇ ਇਸ ਵਿਚਾਰ ਦੀ ਭਾਰੀ ਮੁਖ਼ਾਲਫ਼ਤ ਕੀਤੀ ਸੀ। ਮੈਨੂੰ ਉਹ ਵਕਤ, ਉਹ ਥਾਂ ਅੱਜ ਵੀ ਚੰਗੀ ਤਰ੍ਹਾਂ ਯਾਦ ਹੈ। ਸਾਡੀ ਇਹ ਗੱਲ ਸ਼ਹਿਨਸ਼ਾਹੀ ਕੁਟੀਆ ਵਿਚ ਸ਼ਾਮ ਦੇ ਸਮੇਂ ਹੋਈ ਸੀ। ਆਪ ਨੇ ਹੱਸਦਿਆਂ ਕਿਹਾ ਸੀ—"ਭਲੇ ਆਦਮੀ, ਇਸ ਕਿਸਮ ਦੀ ਬੁਜ਼ਦਿਲੀ ਦਾ ਕੰਮ ਕਦੀ ਜਾਇਜ਼ ਨਹੀਂ ਹੋ ਸਕਦਾ।"

ਆਪ ਨੇ ਕਿਹਾ ਕਿ ਇਸ ਕਿਸਮ ਦਾ ਕੰਮ ਭਿਆਨਕ ਅਤੇ ਨਫ਼ਰਤ-ਭਰਿਆ ਹੈ। ਪਰ ਇਸ ਵਿਸ਼ੇ ਤੇ ਵੀ ਮੈਂ ਵੇਖਦਾ ਹਾਂ ਕਿ ਤੁਹਾਡੀ ਰਾਏ ਬਿਲਕੁਲ ਤਬਦੀਲ ਹੋ ਚੁਕੀ ਹੈ। ਤੁਸੀਂ ਇਸ ਨੂੰ ਕੁਝ ਹਾਲਤ ਵਿਚ ਨਾ ਸਿਰਫ਼ ਜਾਇਜ਼ ਸਮਝਦੇ ਹੋ, ਸਗੋਂ ਲਾਜ਼ਮੀ ਤੇ ਜ਼ਰੂਰੀ ਸਮਝਦੇ ਹੋ। ਮੇਰੀ ਇਸ ਸੰਬੰਧੀ ਹੁਣ ਵੀ ਓਹੀ ਰਾਏ ਹੈ ਕਿ ਖ਼ੁਦਕਸ਼ੀ ਇਕ ਕਾਬਲੇ-ਨਫ਼ਰਤ ਜੁਰਮ ਹੈ। ਇਹ ਸਰਾਸਰ ਬੁਜ਼ਦਿਲੀ ਦਾ ਕੰਮ ਹੈ।

ਕਿਸੇ ਇਨਕਲਾਬ-ਪਸੰਦ ਦੀ ਗੱਲ ਤਾਂ ਵੱਖਰੀ ਰਹੀ, ਕੋਈ ਵੀ ਆਦਮੀ ਇਜੇਹੇ ਕੰਮ ਨੂੰ ਜਾਇਜ਼ ਕਰਾਰ ਨਹੀਂ ਦੇ ਸਕਦਾ। ਤੁਸੀਂ ਇਹ ਕਹਿੰਦੇ ਹੋ ਕਿ ਮੈਂ ਇਹ ਨਹੀਂ ਸਮਝਦਾ ਕਿ ਸਿਰਫ਼ ਮੁਸੀਬਤ ਝਲਣ ਨਾਲ ਮੈਂ ਆਪਣੇ ਦੇਸ਼ ਦੀ ਸੇਵਾ ਕਿਵੇਂ ਕਰ ਸਕਦਾ ਹਾਂ। ਤੁਹਾਡੇ ਵਰਗੇ ਆਦਮੀ ਵਲੋਂ ਇਜੇਹਾ ਸਵਾਲ ਬੜੀ ਹੈਰਾਨੀ ਵਾਲੀ ਗੱਲ ਹੈ। ਤੁਹਾਨੂੰ ਪਤਾ ਹੈ ਕਿ ਨੌਜਵਾਨ ਭਾਰਤ ਸਭਾ ਦੇ ਮੁਸੀਬਤਾਂ ਸਹਿਣ ਤੇ ਕੁਰਬਾਨੀਆਂ ਕਰਨ ਦੇ ਮੰਤਵ ਨੂੰ ਅਸੀਂ ਕਿਵੇਂ ਪਸੰਦ ਕੀਤਾ ਸੀ। ਮੈਂ ਇਹ ਸਮਝਦਾ ਹਾਂ ਕਿ ਤੁਸਾਂ ਜਿਸ ਕਦਰ ਸੰਭਵ ਸੀ, ਆਪਣੀ ਖ਼ਿਦਮਤ ਪੇਸ਼ ਕੀਤੀ। ਹੁਣ ਵਕਤ ਹੈ ਕਿ ਜੋ ਕੁਝ ਤੁਸਾਂ ਕੀਤਾ ਹੈ ਉਸ ਦੇ ਬਦਲੇ ਮੁਸੀਬਤਾਂ ਝਲੋ। ਇਹ ਦੂਜਾ ਪੜਾਅ ਹੈ। ਏਹੀ ਉਹ ਪੜਾਅ ਹੈ, ਜਿਥੇ ਤੁਸਾਂ ਸਾਰੇ ਲੋਕਾਂ ਦੀ ਅਗਵਾਈ ਕਰਨੀ ਹੈ। ਇਨਸਾਨ ਕੋਈ ਕੰਮ ਉਸ ਨੂੰ ਜਾਇਜ਼ ਠਹਿਰਾਉਣ ਪਿਛੋਂ ਹੀ ਕਰਦਾ ਹੈ, ਜਿਵੇਂ ਕਿ ਅਸੀਂ ਅਸੰਬਲੀ ਵਿਚ ਬੰਬ ਸੁੱਟਣ ਦਾ ਕੀਤਾ ਸੀ। ਇਸ ਤੋਂ ਪਿਛੋਂ ਕੰਮ ਦੇ ਸਿੱਟੇ ਕਿ ਇਸ ਦੀ ਹਰ ਸਜ਼ਾ ਭੁਗਤਣ ਦੀ ਵਾਰੀ ਆਉਂਦੀ ਹੈ। ਕੀ ਤੁਹਾਡਾ ਇਹ ਖ਼ਿਆਲ ਹੈ ਕਿ ਜੇ ਅਸੀਂ ਰਹਿਮ ਲਈ ਗੜਗੜਾਉਂਦਿਆਂ ਹੋਇਆਂ ਸਜ਼ਾ ਤੋਂ ਬਚਣ ਦੀ ਕੋਸ਼ਿਸ਼ ਕੀਤੀ ਹੁੰਦੀ ਤਾਂ ਸਾਡਾ ਇਹ ਕੰਮ ਜਾਇਜ਼ ਹੁੰਦਾ? ਨਹੀਂ, ਇਸ ਦਾ ਲੋਕਾਂ ਤੇ ਉਲਟ ਅਸਰ ਹੁੰਦਾ। ਹਾਲਾਂ ਕਿ ਹੁਣ ਅਸੀਂ ਆਪਣੇ ਮੰਤਵ ਵਿਚ ਪੂਰੀ ਤਰ੍ਹਾਂ ਕਾਮਯਾਬ ਹੋਏ ਹਾਂ। ਸਜ਼ਾ ਖਾਣ ਤੋਂ ਪਿਛੋਂ ਅਸੀਂ ਵੇਖਿਆ ਕਿ ਸਾਡੀ ਜਮਾਤ ਦੇ ਸਿਆਸੀ ਕੈਦੀਆਂ ਦੀ ਹਾਲਤ ਬਹੁਤ ਭੈੜੀ ਸੀ, ਅਸੀਂ ਜਦੋਜਹਿਦ ਅਰੰਭ ਕੀਤੀ। ਮੈਂ ਤੁਹਾਨੂੰ ਪੂਰੀ ਸੰਜੀਦਗੀ ਨਾਲ ਦਸਦਾ ਹਾਂ ਕਿ ਸਾਨੂੰ ਇਹ ਯਕੀਨ ਸੀ ਕਿ ਅਸੀਂ ਬਹੁਤ ਥੋੜੇ ਸਮੇਂ ਅੰਦਰ ਹੀ ਮਰ ਜਾਵਾਂਗੇ। ਸਾਨੂੰ ਬਣਾਉਟੀ ਖ਼ੁਰਾਕ ਦਿੱਤੇ ਜਾਣ ਦਾ ਨਾ ਤਾਂ ਕੋਈ ਤਜਰਬਾ ਸੀ, ਨਾ ਹੀ ਸਾਨੂੰ ਇਹ ਖ਼ਿਆਲ ਸੁਝਦਾ ਸੀ ਅਤੇ ਅਸੀਂ ਮਰਨ ਲਈ ਤਿਆਰ ਸਾਂ। ਕੀ ਤੁਹਾਡਾ ਇਹ ਮਤਲਬ ਸੀ ਕਿ ਅਸੀਂ ਖ਼ੁਦਕਸ਼ੀ ਕਰਨਾ ਚਾਹੁੰਦੇ ਸਾਂ—ਨਹੀਂ, ਜਦੋਜਹਿਦ ਅਤੇ ਉੱਚੇ ਮਕਸਦ ਲਈ ਜਾਨ ਦੇਣਾ ਹਰਗਿਜ਼ ਖ਼ੁਦਕਸ਼ੀ ਨਹੀਂ ਕਹੀ ਜਾ ਸਕਦੀ।

ਸਾਡਾ ਮੁਸੀਬਤਾਂ ਬਰਦਾਸ਼ਤ ਕਰਨਾ ਫਲ ਲਾਇਆ। ਸਾਰੇ ਦੇਸ਼ ਵਿਚ ਇਕ ਵਸੀਹ ਤਹਿਰੀਕ ਸ਼ੁਰੂ ਹੋ ਗਈ। ਅਸੀਂ ਆਪਣੇ ਮੰਤਵ ਵਿਚ ਕਾਮਯਾਬ ਹੋਏ। ਇਸ ਕਿਸਮ ਦੀ ਜਦੋਜਹਿਦ ਵਿਚ ਮਰਨਾ ਇਕ ਸ਼ਾਨਦਾਰ ਮੌਤ ਹੈ।

## ਖ਼ੂਬਸੂਰਤ ਮੌਤ

ਇਸ ਤੋਂ ਇਲਾਵਾ ਸਾਡੇ ਸੰਬੰਧੀ ਜਿਨ੍ਹਾਂ ਲੋਕਾਂ ਨੂੰ ਇਹ ਯਕੀਨ ਹੈ ਕਿ ਇਨ੍ਹਾਂ ਨੂੰ

ਮੌਤ ਦੀ ਸਜ਼ਾ ਦਿੱਤੀ ਜਾਵੇਗੀ, ਉਹਨਾਂ ਨੂੰ ਬੜੇ ਸਬਰ ਨਾਲ ਇਸ ਦਿਨ ਦੀ ਉਡੀਕ ਕਰਨੀ ਚਾਹੀਦੀ ਹੈ, ਜਦੋਂ ਇਹ ਸਜ਼ਾ ਸੁਣਾਈ ਜਾਵੇਗੀ ਅਤੇ ਇਸ ਤੋਂ ਪਿਛੋਂ ਫ਼ਾਂਸੀ ਦਿੱਤੀ ਜਾਵੇਗੀ। ਇਹ ਮੌਤ ਵੀ ਬੜੀ ਖ਼ੂਬਸੂਰਤ ਹੋਵੇਗੀ। ਪਰ ਖ਼ੁਦਕਸ਼ੀ ਕਰਨਾ, ਸਿਰਫ਼ ਕੁਝ ਮੁਸੀਬਤਾਂ ਤੋਂ ਬਚਣ ਲਈ ਆਪ ਨੂੰ ਮਾਰ ਦੇਣਾ ਤਾਂ ਬੁਜ਼ਦਿਲੀ ਹੈ। ਮੈਂ ਤੁਹਾਨੂੰ ਦਸ ਦੇਣਾ ਚਾਹੁੰਦਾ ਹਾਂ ਕਿ ਮੁਸੀਬਤਾਂ ਇਨਸਾਨ ਨੂੰ ਮੁਕੰਮਲ ਬਣਾਉਣ ਵਾਲੀਆਂ ਹੁੰਦੀਆਂ ਹਨ।

## ਰੂਸੀ ਸਾਹਿਤ

ਤੁਹਾਨੂੰ ਇਹ ਯਾਦ ਹੋਵੇਗਾ ਕਿ ਕਈ ਵਾਰ ਅਸੀਂ ਇਸ ਵਿਸ਼ੇ ਤੇ ਬਹੁਤ ਜ਼ਿਆਦਾ ਗਲਬਾਤ ਕੀਤੀ ਹੈ। ਰੂਸੀ ਸਾਹਿਤ ਵਿਚ ਜਿਹੜੀ ਗੰਭੀਰਤਾ ਤੇ ਡੂੰਘਾਈ ਹਰ ਥਾਂ ਪ੍ਰਗਟ ਹੈ, ਉਹ ਸਾਡੇ ਸਾਹਿਤ ਵਿਚ ਹਰਗਿਜ਼ ਮੌਜੂਦ ਨਹੀਂ ਹੈ। ਅਸੀਂ ਉਨ੍ਹਾਂ ਦੀਆਂ ਕਹਾਣੀਆਂ ਵਿਚ ਮੁਸੀਬਤਾਂ ਅਤੇ ਦਰਦਨਾਕ ਹਾਲਾਤ ਨੂੰ ਬਹੁਤ ਪਸੰਦ ਕੀਤਾ ਹੈ। ਪਰ ਇਸ ਜਜ਼ਬੇ ਨੂੰ ਪੈਦਾ ਕਰਨ ਵਾਲੇ ਇਸ ਗੱਲ ਨੂੰ ਮਹਿਸੂਸ ਨਹੀਂ ਕਰਦੇ। ਅਸੀਂ ਉਨ੍ਹਾਂ ਦੇ ਜੋਸ਼ ਅਤੇ ਉਨ੍ਹਾਂ ਦੇ ਚਾਲਚਲਣ ਦੀਆਂ ਗ਼ੈਰ-ਮਾਮੂਲੀ ਬੁਲੰਦੀਆਂ ਦੇ ਪ੍ਰਸ਼ੰਸਕ ਹਾਂ। ਪਰ ਇਸ ਦੇ ਸਬੱਬਾਂ ਤੇ ਗ਼ੌਰ ਕਰਨ ਦੀ ਕਦੀ ਪ੍ਰਵਾਹ ਨਹੀਂ ਕਰਦੇ। ਮੈਂ ਕਹਾਂਗਾ ਕਿ ਸਿਰਫ਼ ਮੁਸੀਬਤਾਂ ਬਰਦਾਸ਼ਤ ਕਰਨ ਦੇ ਜ਼ਿਕਰ ਨੇ ਇਨ੍ਹਾਂ ਕਹਾਣੀਆਂ ਵਿਚ ਸੰਜੀਦਗੀ ਅਤੇ ਗਹਿਰੀ ਦਰਦ ਦੀ ਚੀਸ ਅਤੇ ਇਨ੍ਹਾਂ ਦੇ ਚਾਲ-ਚਲਣ ਅਤੇ ਸਾਹਿਤ ਵਿਚ ਬੁਲੰਦੀਆਂ ਪੈਦਾ ਕੀਤੀਆਂ ਹਨ। ਪਰ ਸਾਡੀ ਹਾਲਤ ਉਸ ਵੇਲੇ ਕਾਬਲੇ ਰਹਿਮ ਅਤੇ ਹਾਸੋ-ਹੀਣੀ ਹੋ ਜਾਂਦੀ ਹੈ, ਜਦੋਂ ਅਸੀਂ ਆਪਣੇ ਜੀਵਨ ਵਿਚ ਛਾਇਆਵਾਦ ਖਾਹ-ਮਖਾਹ ਦਾਖਲ ਕਰ ਲੈਂਦੇ ਹਾਂ, ਹਾਲਾਂਕਿ ਇਸ ਲਈ ਕੋਈ ਕੁਦਰਤੀ ਜਾਂ ਪੱਕੀ ਬੁਨਿਆਦ ਨਹੀਂ ਹੁੰਦੀ। ਸਾਡੇ ਵਰਗੇ ਆਦਮੀਆਂ ਨੂੰ, ਜਿਹੜੇ ਹਰ ਪਹਿਲੂ ਵਿਚ ਇਨਕਲਾਬੀ ਹੋਣ ਦਾ ਦਾਅਵਾ ਕਰਦੇ ਹਨ, ਤਾਂ ਹਮੇਸ਼ਾਂ ਹਰ ਕਿਸਮ ਦੀਆਂ ਇਨ੍ਹਾਂ ਮੁਸੀਬਤਾਂ ਨੂੰ ਬਰਦਾਸ਼ਤ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ, ਜਿਨ੍ਹਾਂ ਨੂੰ ਕਿ ਆਪਣੀ ਪੈਦਾ ਕੀਤੀ ਜਦੋਜਹਿਦ ਲਈ ਦਾਅਵਤ ਦਿੰਦੇ ਹਾਂ ਅਤੇ ਜਿਨ੍ਹਾਂ ਕਾਰਨ ਅਸੀਂ ਆਪਣੇ ਆਪ ਨੂੰ ਇਨਕਲਾਬ-ਪਸੰਦ ਕਹਿੰਦੇ ਹਾਂ।

## ਜੁਰਮ ਤੇ ਗੁਨਾਹ

ਮੈਂ ਤੁਹਾਨੂੰ ਦਸਦਾ ਹਾਂ ਕਿ ਜੇਲਾਂ ਵਿਚ ਅਤੇ ਸਿਰਫ਼ ਜੇਲਾਂ ਵਿਚ ਹੀ ਕਿਸੇ ਆਦਮੀ ਨੂੰ "ਜੁਰਮ ਤੇ ਗੁਨਾਹ" ਵਰਗੇ ਅਹਿਮ ਸਮਾਜਿਕ ਮਸਲੇ ਦਾ ਅਮਲੀ ਮੁਤਾਲਿਆ ਕਰਨ ਦਾ ਮੌਕਾ ਹਾਸਲ ਹੁੰਦਾ ਹੈ। ਮੈਂ ਇਹ ਮਜ਼ਮੂਨ ਤੇ ਸਾਹਿਤ ਪੜ੍ਹਿਆ ਅਤੇ ਜੇਲ ਹੀ ਇਜੇਹੇ ਮਜ਼ਮੂਨ ਦਾ ਮੁਤਾਲਿਆ ਕਰਨ ਦੀ ਬਿਹਤਰੀਨ ਥਾਂ ਹੈ। ਮੁਤਾਲਿਆ ਦਾ ਬਿਹਤਰ ਭਾਗ ਹੈ ਖ਼ੁਦ ਮੁਸੀਬਤਾਂ ਸਹਿਣਾ। ਤੁਸੀਂ ਚੰਗੀ ਤਰ੍ਹਾਂ ਜਾਣਦੇ ਹੋ ਕਿ ਰੂਸ ਵਿਚ ਕੈਦੀਆਂ ਦਾ ਜੇਲਾਂ ਵਿਚ ਮੁਸੀਬਤਾਂ ਝਲਣਾ ਹੀ ਜ਼ਾਰ-ਸ਼ਾਹੀ ਦਾ ਤਖ਼ਤਾ ਉਲਟਣ ਤੋਂ ਪਿਛੋਂ ਉਹਨਾ ਦੇ ਜੇਲਾਂ ਦੇ ਨਿਜ਼ਾਮ ਵਿਚ ਇਨਕਲਾਬ ਪੈਦਾ ਕਰਨ ਦਾ ਸਭ ਤੋਂ ਵੱਡਾ ਕਾਰਨ ਬਣਿਆ ਸੀ। ਕੀ ਭਾਰਤ ਨੂੰ ਇਜੇਹੇ ਆਦਮੀਆਂ ਦੀ ਲੋੜ ਨਹੀਂ; ਜਿਹੜੇ ਇਸ ਮਾਮਲੇ ਤੋਂ ਚੰਗੀ ਤਰ੍ਹਾਂ ਵਾਕਫ਼ ਹੋਣ ਅਤੇ ਇਸ ਮਸਲੇ ਦਾ ਜ਼ਾਤੀ ਤਜਰਬਾ ਰੱਖਦੇ ਹੋਣ? ਸਿਰਫ਼ ਇਹ ਕਹਿ ਦੇਣਾ ਕਿ ਦੂਜਾ ਕੋਈ ਇਹ ਕੰਮ ਕਰੇਗਾ ਜਾਂ ਇਸ ਕੰਮ ਨੂੰ ਕਰਨ ਲਈ ਹੋਰ ਬਹੁਤ ਲੋਕ ਹਨ, ਕਿਸੇ ਤਰ੍ਹਾਂ ਵੀ ਜਾਇਜ਼ ਨਹੀਂ ਕਿਹਾ ਜਾ ਸਕਦਾ। ਇਸ ਲਈ ਇਜੇਹੀਆਂ ਗੱਲਾਂ ਕਰਨੀਆਂ ਫ਼ਜ਼ੂਲ ਹਨ। ਜਿਸ ਕਦਰ ਤਹਿਰੀਕਾਂ ਹੁਣ ਤਕ ਆਰੰਭ ਹੋਈਆਂ ਹਨ, ਇਨ੍ਹਾਂ ਸਾਰੀਆਂ ਤੋਂ ਵੱਖ ਰਹਿਣ ਵਾਲੇ ਨੂੰ ਜਾਇਜ਼ ਠਹਿਰਾਉਣ ਲਈ ਜਿਹੜੇ ਦਲੀਲਾਂ ਪੇਸ਼ ਕਰਦੇ ਹਨ, ਮੈਂ ਉਹਨਾਂ ਨੂੰ ਸਮਝਣ ਤੋਂ ਅਸਮਰਥ ਹਾਂ। ਇਸ ਲਈ ਸਖ਼ਤੀਆਂ ਝੱਲਣਾ ਹੀ ਤਾਂ ਇਨਕਲਾਬ ਦੀ ਨੀਂਹ ਰੱਖਣਾ ਹੈ।

## ਮੁੱਠੀਭਰ ਵਰਕਰਾਂ ਦੀ ਟੋਲੀ

ਜੇ ਤੁਸੀਂ ਵਾਕਈ ਇਹ ਮਹਿਸੂਸ ਕਰਦੇ ਹੋ ਕਿ ਜੇਲ ਦੀ ਜ਼ਿੰਦਗੀ ਦਰਹਕੀਕਤ ਜ਼ਲੀਲਕੁਨ ਹੈ ਤਾਂ ਇਸ ਦੇ ਖ਼ਿਲਾਫ਼ ਜਦੋਜਹਿਦ ਕਰਕੇ ਇਸ ਨੂੰ ਚੰਗੇਰੀ ਬਨਾਉਣ ਦੀ ਕੋਸ਼ਿਸ਼ ਕਿਉਂ ਨਹੀਂ ਕਰਦੇ? ਸ਼ਾਇਦ ਤੁਸੀਂ ਇਹ ਕਹੋ ਕਿ ਜਦੋਜਹਿਦ ਕਾਮਯਾਬ ਨਹੀਂ ਹੋ ਸਕਦੀ। ਪਰ ਇਹ ਤਾਂ ਉਹੀ ਦਲੀਲਬਾਜ਼ੀ ਹੈ, ਜਿਸ ਦੀ ਆੜ ਲੈ ਕੇ ਆਮ ਤੌਰ ਤੇ ਕਮਜ਼ੋਰ ਲੋਕ ਹਰ ਜਦੋਜਹਿਦ ਤੋਂ ਬਚਣਾ ਚਾਹੁੰਦੇ ਹਨ। ਇਹ ਉਹ ਜਵਾਬ ਹੈ ਜਿਹੜਾ ਅਸੀਂ ਉਹਨਾਂ ਲੋਕਾਂ ਤੋਂ ਸੁਣਨ ਦੇ ਆਦੀ ਹਾਂ, ਜਿਹੜੇ ਜੇਲ ਤੋਂ ਬਾਹਰ ਇਨਕਲਾਬੀ ਸਰਗਰਮੀਆਂ ਵਿਚ ਸ਼ਾਮਲ ਹੋਣ ਤੋਂ ਕੰਨੀ ਕਤਰਾਉਣਾ ਚਾਹੁੰਦੇ ਹਨ। ਕੀ ਮੈਂ ਇਹ ਜਵਾਬ ਅੱਜ ਤੁਹਾਡੇ ਮੂੰਹ ਤੋਂ ਸੁਣਾਂਗਾ? ਕੁਝ ਮੁੱਠੀਭਰ ਇਨਕਲਾਬੀ ਵਰਕਰਾਂ ਦੀ ਸਾਡੀ ਪਾਰਟੀ ਆਪਣੇ ਮੰਤਵਾਂ ਤੇ ਆਦਰਸ਼ਾਂ ਦੇ ਮੁਕਾਬਲੇ ਵਿਚ ਕੀ ਕਰ ਸਕਦੀ ਸੀ? ਤਾਂ ਅਸੀਂ ਇਹ ਨਤੀਜਾ ਕੱਢੀਏ ਕਿ ਅਸੀਂ ਇਹ ਕੰਮ ਸ਼ੁਰੂ ਕਰਨ ਵਿਚ ਸਰਾਸਰ ਗ਼ਲਤੀ ਕੀਤੀ ਹੈ? ਨਹੀਂ, ਇਸ ਦਾ ਇਹ ਨਤੀਜਾ ਕੱਢਣਾ ਬੇ-ਬੁਨਿਆਦ ਹੋਵੇਗਾ। ਸਗੋਂ ਇਸ ਨਾਲ ਤਾਂ ਉਸ ਆਦਮੀ ਦੀ ਅੰਦਰੂਨੀ ਕਮਜ਼ੋਰੀ ਦਾ ਰਾਜ਼ ਫ਼ਾਸ਼ ਹੁੰਦਾ ਹੈ, ਜਿਹੜਾ ਕਿ ਇਸ ਤਰੀਕੇ ਨਾਲ ਸੋਚਦਾ ਹੈ।

## ਚੌਦਾਂ ਵਰ੍ਹੇ ਪਿਛੋਂ

ਅੱਗੇ ਚਲ ਕੇ ਤੁਸੀਂ ਲਿਖਦੇ ਹੋ ਕਿ ਚੌਦਾਂ ਵਰ੍ਹਿਆਂ ਤਕ ਜੇਲ ਦੀਆਂ ਸਖ਼ਤੀਆਂ ਨਾਲ ਭਰਪੂਰ ਜ਼ਿੰਦਗੀ ਬਸਰ ਕਰਨ ਪਿਛੋਂ ਕਿਸੇ ਆਦਮੀ ਤੋਂ ਇਹ ਆਸ ਨਹੀਂ ਰੱਖੀ ਜਾ ਸਕਦੀ ਕਿ ਉਸ ਵਕਤ ਵੀ ਉਸ ਦੇ ਖ਼ਿਆਲ ਓਹੀ ਹੋਣਗੇ ਜਿਹੜੇ ਜੇਲ ਜਾਣ ਤੋਂ ਪਹਿਲਾਂ ਸਨ, ਕਿਉਂਕਿ ਜੇਲ ਦੇ ਕਾਇਦੇ ਉਸ ਦੇ ਸਾਰੇ ਖ਼ਿਆਲਾਂ ਨੂੰ ਰੌਂਦ ਕੇ ਕੁਚਲ ਦੇਣਗੇ। ਕੀ ਮੈਂ ਆਪ ਤੋਂ ਇਹ ਪੁੱਛ ਸਕਦਾ ਹਾਂ ਕਿ ਜੇਲ ਤੋਂ ਬਾਹਰ ਦੇ ਹਾਲਾਤ ਕਿਸੇ ਹਾਲਤ ਵਿਚ ਵੀ ਸਾਡੇ ਖ਼ਿਆਲਾਂ ਦੇ ਕਿਵੇਂ ਅਨੁਸਾਰ ਸਨ? ਕੀ ਤੁਹਾਡਾ ਮਤਲਬ ਇਹ ਹੈ ਕਿ ਜੇ ਅਸੀਂ ਇਸ ਮੈਦਾਨ ਵਿਚ ਕਦਮ ਨਾ ਰਖਿਆ ਹੁੰਦਾ ਤਾਂ ਕੋਈ

ਇਨਕਲਾਬੀ ਕੰਮ ਹਰਗਿਜ਼ ਨਾ ਹੁੰਦਾ। ਜੇ ਇਜੇਹਾ ਹੈ ਤਾਂ ਤੁਸੀਂ ਗਲਤੀ 'ਤੇ ਹੋ। ਅਸੀਂ ਤਾਂ ਸਿਰਫ ਵਕਤ ਦੀ ਪੈਦਾਵਾਰ ਹਾਂ। ਅਥਵਾ ਇਹ ਸਹੀ ਹੈ ਕਿ ਅਸੀਂ ਵੀ ਹਾਲਾਤ ਨੂੰ ਬਦਲਣ ਵਿਚ ਬੜੀ ਹੱਦ ਤਕ ਮਦਦਗਾਰ ਸਾਬਤ ਹੁੰਦੇ ਹਾਂ।

ਮੈਂ ਤਾਂ ਇਹ ਵੀ ਕਹਾਂਗਾ ਕਿ ਕਮਿਊਨਿਜ਼ਮ ਦਾ ਜਨਮ ਦਾਤਾ ਮਾਰਕਸ ਦਰ ਹਕੀਕਤ ਇਸ ਖ਼ਿਆਲ ਨੂੰ ਪੈਦਾ ਕਰਨ ਵਾਲਾ ਨਹੀਂ ਸੀ, ਬਲਕਿ ਯੂਰਪ ਦੀਆਂ ਸਨਅਤੀ ਤਬਦੀਲੀਆਂ ਨੇ ਹੀ ਇਕ ਖ਼ਾਸ ਕਿਸਮ ਦੇ ਵਿਚਾਰਾਂ ਵਾਲੇ ਲੋਕ ਪੈਦਾ ਕੀਤੇ ਸਨ, ਜਿਨ੍ਹਾਂ ਵਿਚੋਂ ਮਾਰਕਸ ਵੀ ਬਿਲਾ ਸ਼ੁਭਾ ਕਿਸੇ ਹੱਦ ਤਕ ਜ਼ਮਾਨੇ ਦੇ ਚੱਕਰ ਨੂੰ ਇਕ ਖਾਸ ਆਵਾਜ਼ 'ਚ ਹਰਕਤ ਦੇਣ ਵਿਚ ਮਦਦਗਾਰ ਜ਼ਰੂਰ ਸਾਬਤ ਹੋਇਆ। ਮੈਂ ਤੇ ਤੁਸਾਂ ਨੇ ਇਸ ਦੇਸ਼ ਵਿਚ ਸੋਸ਼ਲਿਜ਼ਮ ਤੇ ਕਮਿਊਨਿਜ਼ਮ ਦੇ ਖ਼ਿਆਲਾਂ ਨੂੰ ਜਨਮ ਨਹੀਂ ਦਿਤਾ ਹੈ, ਬਲਕਿ ਇਹ ਤਾਂ ਵਕਤ ਅਤੇ ਹਾਲਾਤ ਦੇ ਸਾਡੇ ਤੇ ਅਸਰ ਦਾ ਨਤੀਜਾ ਹੈ। ਬਿਲਾ ਸ਼ੁਭਾ ਅਸੀਂ ਇਹਨਾਂ ਖ਼ਿਆਲਾਂ ਦਾ ਪ੍ਰਚਾਰ ਕਰਨ ਲਈ ਕੁਝ ਨਾਚੀਜ਼ ਅਤੇ ਬੇ-ਕੀਮਤ ਕੰਮ ਜ਼ਰੂਰ ਕੀਤਾ ਹੈ। ਇਸ ਲਈ ਮੈਂ ਇਹ ਕਹਿੰਦਾ ਹਾਂ ਕਿ ਜਦ ਅਸੀਂ ਇਸ ਕਿਸਮ ਦੇ ਮੁਸ਼ਕਲ ਕੰਮ ਨੂੰ ਹੱਥ ਵਿਚ ਲੈ ਲਿਆ ਹੈ ਤਾਂ ਸਾਨੂੰ ਇਸ ਨੂੰ ਜਾਰੀ ਰਖਣਾ ਚਾਹੀਦਾ ਹੈ ਅਤੇ ਅੱਗੇ ਵਧਾਣਾ ਚਾਹੀਦਾ ਹੈ। ਮੁਸੀਬਤਾਂ ਤੋਂ ਬਚਣ ਲਈ ਖ਼ੁਦਕਸ਼ੀ ਕਰ ਲੈਣਾ ਲੋਕਾਂ ਦੀ ਅਗਵਾਈ ਕਰਨਾ ਨਹੀਂ ਹੋਵੇਗਾ, ਸਗੋਂ ਇਹ ਤਾਂ ਇਕ ਪਿਛੇ-ਖਿਚੂ ਕਦਮ ਹੋਵੇਗਾ।

## ਜਦੋਜਹਿਦ ਸ਼ੁਰੂ ਕਰੋ

ਜੇਲ ਦੇ ਕਾਇਦਿਆਂ ਅਨੁਸਾਰ ਅਸੀ ਅਤੀ ਔਕੜਾਂ ਦਾ ਟਾਕਰਾ ਕਰਦੇ ਹੋਏ ਕੰਮ ਕਰਦੇ ਰਹੇ। ਹਰ ਤਰ੍ਹਾਂ ਨਾਲ ਸਾਨੂੰ ਮੁਖ਼ਾਲਫਤ ਦਾ ਨਿਸ਼ਾਨਾ ਬਣਾਇਆ ਜਾਂਦਾ ਸੀ। ਜਿਹੜੇ ਲੋਕ ਆਪਣੇ ਆਪ ਨੂੰ ਬੜੇ ਇਨਕਲਾਬੀ ਸਮਝਦੇ ਸਨ, ਉਹ ਵੀ ਸਾਡਾ ਸਾਥ ਛੱਡ ਗਏ। ਕੀ ਉਹ ਹਾਲਾਤ ਅੰਤ ਕਿਸਮ ਦੇ ਅਜ਼ਮਾਇਸ਼ੀ ਨਹੀਂ ਸਨ ? ਫੇਰ ਆਪਣੀ ਤਹਿਰੀਕ ਅਤੇ ਜਦੋਜਹਿਦ ਨੂੰ ਜਾਰੀ ਰੱਖਣ ਲਈ ਸਾਡੇ ਪਾਸ ਕੀ ਕਾਰਨ ਸਨ ? ਕੀ ਖ਼ੁਦ ਇਹੀ ਦਲੀਲ ਹੀ ਸਾਡੇ ਖਿਆਲਾਂ ਨੂੰ ਤਰਬੀਅਤ ਨਹੀਂ ਪਹੁੰਚਾਉਂਦੀ ਹੈ ਅਤੇ ਕੀ ਇਜੇਹੇ ਇਨਕਲਾਬੀ ਕਾਰਕੁਨਾਂ ਦੀਆਂ ਮਿਸਾਲਾਂ ਮੌਜੂਦ ਨਹੀਂ ਹਨ, ਜਿਹੜੇ ਜੇਲਾਂ ਤੋਂ ਸਜ਼ਾ ਕੱਟ ਕੇ ਆਏ ਅਤੇ ਹੁਣ ਵੀ ਕੰਮ ਕਰ ਰਹੇ ਹਨ ? ਅੱਜ ਆਪ ਨੂੰ ਬੇਸ਼ੁਮਾਰ ਇਜੇਹੇ ਇਨਕਲਾਬੀ ਨਜ਼ਰ ਆਉਂਦੇ ਹਨ, ਜਿਹੜੇ ਰੂਸੀ ਹਕੂਮਤ ਵਿਚ ਜ਼ੁਮੇਂਵਾਰ ਅਹੁਦਿਆਂ 'ਤੇ ਹਨ ਅਤੇ ਜਿਨ੍ਹਾਂ ਨੇ ਆਪਣੀ ਜ਼ਿੰਦਗੀ ਦਾ ਵੱਡਾ ਭਾਗ ਸਜ਼ਾਵਾਂ ਕੱਟਦਿਆਂ ਹੋਇਆਂ ਜੇਲਾਂ ਵਿਚ ਗੁਜ਼ਾਰਿਆ ਹੈ। ਇਨਸਾਨ ਨੂੰ ਆਪਣੇ ਅਸੂਲਾਂ ਤੇ ਮਜ਼ਬੂਤੀ ਨਾਲ ਡਟੇ ਰਹਿਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਕੋਈ ਨਹੀਂ ਕਹਿ ਸਕਦਾ ਕਿ ਅੱਗੇਂ ਕੀ ਵਾਪਰੇਗਾ।

## ਖ਼ੁਫ਼ੀਆ ਪੁਲਸ ਦੇ ਅਫ਼ਸਰਾਂ ਨੂੰ ਜਵਾਬ

ਇਕ ਹੋਰ ਨੁਕਤਾਚੀਨੀ ਜਿਸ ਤੇ ਮੈਂ ਆਪ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ, ਇਹ ਹੈ ਕਿ ਅਸੀਂ ਲੋਕ ਖ਼ੁਦਾ, ਪੁਨਰ-ਜਨਮ, ਜਹਨਮ ਅਤੇ ਸਵਰਗ ਆਦਿ ਵਿਚ ਯਕੀਨ ਨਹੀਂ ਰੱਖਦੇ। ਇਸ ਲਈ ਸਾਨੂੰ ਜ਼ਿੰਦਗੀ ਅਤੇ ਮੌਤ ਦੇ ਮਾਮਲਿਆਂ ਵਿਚ ਵੀ ਬਿਲਕੁਲ ਕਾਰੋਬਾਰੀ ਆਦਮੀਆਂ ਵਾਂਗ ਸੋਚਣਾ ਚਾਹੀਦਾ ਹੈ। ਇਕ ਦਿਨ ਜਦੋਂ ਮੈਨੂੰ ਸ਼ਨਾਖ਼ਤ ਪਰੇਡ ਲਈ ਦਿੱਲੀ ਤੋਂ ਏਥੇ ਲਿਆਂਦਾ ਗਿਆ ਸੀ ਤਾਂ ਕੁਝ ਇਕ ਸੀ. ਆਈ. ਡੀ. ਅਫਸਰਾਂ ਨੇ ਇਸ ਵਿਸ਼ੇ ਤੇ ਮੇਰੇ ਬਾਪ ਦੀ ਮੌਜੂਦਗੀ ਵਿਚ ਮੇਰੇ ਨਾਲ ਗਲ ਬਾਤ ਕੀਤੀ ਸੀ। ਉਹਨਾਂ ਨੇ ਕਿਹਾ ਸੀ ਕਿ ਮੈਂ ਉਹਨਾਂ ਨੂੰ ਕੋਈ ਭੇਤ ਦੱਸਣ ਅਤੇ ਇਸ ਤਰ੍ਹਾਂ ਆਪਣੀ ਜਾਨ ਬਚਾਉਣ ਵਿਚ ਰਜ਼ਾਮੰਦ ਨਹੀਂ ਹਾਂ। ਇਸ ਲਈ ਮੈਂ ਬੜੀ ਬੇਦਰਦੀ ਨਾਲ ਜ਼ਿੰਦਗੀ ਤੋਂ ਬੇਜ਼ਾਰ ਹਾਂ। ਅਤੇ ਕਿਹਾ ਕਿ ਮੈਂ ਜ਼ਿੰਦਾ ਰਹਿਣਾ ਹੀ ਨਹੀਂ ਚਾਹੁੰਦਾ, ਮਰਨਾ ਚਾਹੁੰਦਾ ਹਾਂ। ਇਹ ਮੌਤ ਤਾਂ ਖ਼ੁਦਕਸ਼ੀ ਦੇ ਬਰਾਬਰ ਹੋਵੇਗੀ। ਪਰ ਮੈਂ ਉਹਨਾਂ ਨੂੰ ਜਵਾਬ ਦਿੱਤਾ ਸੀ ਕਿ ਮੇਰੇ ਅਸੂਲਾਂ ਦਾ ਪਾਬੰਦ ਆਦਮੀ ਇਵੇਂ ਮਰਨਾ ਹਰਗਿਜ਼ ਪਸੰਦ ਨਹੀਂ ਕਰ ਸਕਦਾ। ਅਸੀਂ ਤਾਂ ਆਪਣੀ ਜ਼ਿੰਦਗੀ ਦੀ ਵਧ ਤੋਂ ਵਧ ਕੀਮਤ ਹਾਸਲ ਕਰਨਾ ਚਾਹੁੰਦੇ ਹਾਂ। ਲੋਕਾਂ ਦੀ ਵਧ ਤੋਂ ਵਧ ਖ਼ਿਦਮਤ ਕਰਨਾ ਚਾਹੁੰਦੇ ਹਾਂ। ਖ਼ਾਸ ਕਰ ਮੇਰੇ ਵਰਗਾ ਇਨਸਾਨ ਜਿਸ ਦੀ ਜ਼ਿੰਦਗੀ ਗ਼ਮਜ਼ਦਾ ਨਹੀਂ ਹੈ। ਕਿਸੇ ਵੇਲੇ ਵੀ ਖ਼ੁਦਕਸ਼ੀ ਕਰਨੀ ਤਾਂ ਇਕ ਪਾਸੇ, ਇਸ ਦਾ ਖ਼ਿਆਲ ਵੀ ਦਿਲ ਵਿਚ ਲਿਆਉਣਾ ਪਸੰਦ ਨਹੀਂ ਕਰ ਸਕਦਾ। ਇਜੇਹੀ ਗੱਲ ਮੈਂ ਆਪ ਨੂੰ ਕਹਿਣੀ ਚਾਹੁੰਦਾ ਹਾਂ।

ਤੁਸੀਂ ਮੈਨੂੰ ਆਗਿਆ ਦਿਉ ਕਿ ਮੈਂ ਆਪ ਨੂੰ ਇਹ ਦੱਸਾਂ ਕਿ ਮੈਂ ਆਪਣੇ ਸੰਬੰਧੀ ਕੀ ਸੋਚਦਾ ਹਾਂ। ਮੈਨੂੰ ਆਪਣੇ ਲਈ ਮੌਤ ਦੀ ਸਜ਼ਾ ਸੁਣਾਏ ਜਾਣ ਦਾ ਐਸਾ ਹੀ ਯਕੀਨ ਹੈ, ਜਿਵੇਂ ਕਿ ਖ਼ੁਦ ਮੌਤ ਯਕੀਨੀ ਹੈ। ਮੈਨੂੰ ਕਿਸੇ ਕਿਸੇ ਕਿਸਮ ਦੀ ਮੁਆਫ਼ੀ ਜਾਂ ਰਿਆਇਤਾਂ ਦੀ ਕੋਈ ਉਮੀਦ ਨਹੀਂ ਹੈ। ਜੇ ਕੋਈ ਮੁਆਫੀ ਹੋਈ ਵੀ ਤਾਂ ਉਹ ਵੀ ਕਈ ਪਾਬੰਦੀਆਂ ਨਾਲ ਹੋਵੇਗੀ। ਪਰ ਸਾਡੇ ਸੰਬੰਧੀ ਨਾ ਕੁਝ ਹੋ ਸਕਦਾ ਹੈ ਤੇ ਨਾ ਹੀ ਕੋਈ ਮੁਆਫ਼ੀ ਹੋਵੇਗੀ। ਇਸ ਦੇ ਬਾਵਜੂਦ ਮੇਰੀ ਇਹ ਚਾਹ ਹੈ ਕਿ ਜਦੋਂ ਇਹ ਤਹਿਰੀਕ ਆਪਣੀਆਂ ਇੰਤਹਾਈ ਬੁਲੰਦੀਆਂ ਤੇ ਪਹੁੰਚੀ ਹੋਵੇ ਤਾਂ ਐਨ ਉਸ ਸਮੇਂ ਸਾਨੂੰ ਫ਼ਾਂਸੀ ਤੇ ਟੰਗ ਦਿੱਤਾ ਜਾਵੇ। ਮੇਰੀ ਇਹ ਚਾਹ ਹੈ ਕਿ ਜੇ ਕੋਈ ਬਾਇਜ਼ਤ ਤੇ ਮੁਨਾਸਬ ਸਮਝੌਤਾ ਕਦੀ ਸੰਭਵ ਹੋ ਜਾਵੇ ਤਾਂ ਸਾਡੇ ਵਰਗੇ ਆਦਮੀਆਂ ਦਾ ਮਾਮਲਾ ਇਸ ਦੀ ਰਾਹ ਵਿਚ ਰੁਕਾਵਟ ਪੈਦਾ ਕਰਨ ਦਾ ਕਾਰਨ ਨਾ ਹੋਵੇ। ਜਦੋਂ ਕੌਮਾਂ ਦੀ ਕਿਸਮਤ ਦਾ ਫ਼ੈਸਲਾ ਹੋ ਰਿਹਾ ਹੋਵੇ ਤਾਂ ਵਿਅਕਤੀ ਦੀ ਕਿਸਮਤ ਨੂੰ ਬਿਲਕੁਲ ਨਜ਼ਰ-ਅੰਦਾਜ਼ ਕਰ ਦਿੱਤਾ ਜਾਣਾ ਚਾਹੀਦਾ ਹੈ। ਅਸੀਂ ਇਨਕਲਾਬ-ਪਸੰਦ ਹੋਣ ਕਾਰਨ ਸਾਰੇ ਸਾਬਕ ਤਜਰਬਿਆਂ ਤੋਂ ਪੂਰੀ ਤਰ੍ਹਾਂ ਬਾਖ਼ਬਰ ਹਾਂ। ਇਸ ਲਈ ਅਸੀਂ ਮੰਨ ਨਹੀਂ ਸਕਦੇ ਕਿ ਸਾਡੇ ਹੁਕਮਰਾਨਾਂ ਖ਼ਾਸ ਕਰ ਬਰਤਾਨਵੀ ਕੌਮ ਦੀ ਜ਼ਹਿਨੀਅਤ ਵਿਚ ਇਸ ਕਿਸਮ ਦੀ ਨਾਟਕੀ ਤਬਦੀਲੀ ਪੈਦਾ ਹੋ ਸਕਦੀ ਹੈ। ਇਸ ਕਿਸਮ ਦੀ ਤਬਦੀਲੀ ਇਨਕਲਾਬ ਤੋਂ ਬਿਨਾਂ ਸੰਭਵ ਨਹੀਂ। ਇਨਕਲਾਬ ਤਾਂ ਸਿਰਫ ਲਗਾਤਾਰ ਕੰਮ ਕਰਨ, ਕੁਰਬਾਨੀਆਂ ਕਰਨ ਤੇ ਲਗਾਤਾਰ ਮੁਸੀਬਤਾਂ ਝੱਲਣ ਨਾਲ

(ਬਾਕੀ ਸਫ਼ਾ 39)

# 4. ਸਿਆਸੀ ਕਾਰਕੁਨ ਨੌਜੁਆਨਾਂ ਨੂੰ ਸੰਦੇਸ਼

( ਭਗਤ ਸਿੰਘ- 2 ਫਰਵਰੀ 1931 )

ਪਿਆਰੇ ਸਾਥੀਓ,

ਇਸ ਸਮੇਂ ਸਾਡਾ ਅੰਦੋਲਨ ਬਹੁਤ ਅਹਿਮ ਹਾਲਤਾਂ ਵਿਚੋਂ ਦੀ ਲੰਘ ਰਿਹਾ ਹੈ। ਇਕ ਸਾਲ ਦੇ ਸਖ਼ਤ ਸੰਗਰਾਮ ਬਾਅਦ ਗੋਲ ਮੇਜ਼ ਕਾਨਫਰੰਸ ਨੇ ਸਾਡੇ ਸਾਹਮਣੇ ਵਿਧਾਨ ਵਿਚ ਕੁਝ ਨਿਸਚਿਤ ਗੱਲਾਂ ਪੇਸ਼ ਕੀਤੀਆਂ ਹਨ ਅਤੇ ਕਾਂਗਰਸੀ ਨੇਤਾਵਾਂ ਨੂੰ ਸੱਦਾ ਦਿੱਤਾ ਹੈ ਕਿ ਉਹ ਵਿਧਾਨ ਦੀ ਤਿਆਰੀ ਵਿਚ ਹੱਥ ਵਟਾਉਣ। ਇਹ ਗੱਲ ਸਾਡੇ ਲਈ ਬਹੁਤ ਅਹਿਮ ਨਹੀਂ ਹੈ ਕਿ ਕਾਂਗਰਸ ਦੇ ਆਗੂ ਇਸ ਹਾਲਾਤ ਵਿਚ ਅੰਦੋਲਨ ਨੂੰ ਬੰਦ ਕਰਨ ਦੇ ਹੱਕ ਵਿਚ ਫ਼ੈਸਲਾ ਕਰਦੇ ਹਨ ਜਾਂ ਉਸ ਦੇ ਉਲਟ। ਇਹ ਤਾਂ ਨਿਸਚਿਤ ਹੈ ਕਿ ਵਰਤਮਾਨ ਅੰਦੋਲਨ ਦਾ ਅੰਤ ਕਿਸੇ ਨਾ ਕਿਸੇ ਤਰ੍ਹਾਂ ਦੇ ਸਮਝੌਤੇ ਦੇ ਰੂਪ ਵਿਚ ਹੋਵੇਗਾ। ਇਹ ਦੂਸਰੀ ਗੱਲ ਹੈ ਕਿ ਸਮਝੌਤਾ ਜਲਦੀ ਹੀ ਹੋ ਜਾਵੇ ਜਾਂ ਦੇਰ ਨਾਲ ਹੋਵੇ।

## ਸਮਝੌਤਾ ਕੀ ਹੈ ?

ਅਸਲ ਵਿਚ ਸਮਝੌਤਾ ਕੋਈ ਇਜੇਹੀ ਨਫਰਤ ਜਾਂ ਨਿੰਦਣ ਯੋਗ ਚੀਜ਼ ਨਹੀਂ, ਜਿਸ ਤਰ੍ਹਾਂ ਕਿ ਅਸੀਂ ਆਮ ਤੌਰ ਤੇ ਸਮਝਦੇ ਹਾਂ। ਇਹ ਰਾਜਨੀਤਕ ਸੰਗਰਾਮਾਂ ਦਾ ਇਕ ਅਤਿ ਜ਼ਰੂਰੀ ਅੰਗ ਹੈ। ਕੋਈ ਵੀ ਜਾਤੀ ਜੋ ਕਿਸੇ ਅਤਿਆਚਾਰੀ ਰਾਜ ਦੇ ਵਿਰੁਧ ਖੜੀ ਹੋਵੇ, ਆਪਣੀ ਲੰਮੀ ਜਦੋਜਹਿਦ ਦੇ ਮਧਕਾਲ ਵਿਚ ਇਸ ਤਰ੍ਹਾਂ ਦੇ ਸਮਝੌਤੇ ਨਾਲ ਸਿਆਸੀ ਸੁਧਾਰ ਕਰ ਲਵੇ ਅਤੇ ਆਪਣੀ ਜਦੋਜਹਿਦ ਦੀ ਆਖ਼ਰੀ ਮੰਜ਼ਿਲ ਤਕ ਪਹੁੰਚਦੇ ਪਹੁੰਚਦੇ ਆਪਣੀ ਤਾਕਤ ਨੂੰ ਇਕਮੁੱਠ ਤੇ ਪੱਕਾ ਕਰ ਲਵੇ ਕਿ ਦੁਸ਼ਮਨ ਉੱਤੇ ਉਸ ਦਾ ਆਖ਼ਰੀ ਹਮਲਾ ਇੰਨਾ ਜ਼ੋਰਦਾਰ ਹੋਵੇ ਕਿ ਰਾਜ ਪਰਬੰਧਾਂ ਦੀਆਂ ਤਾਕਤਾਂ ਉਨ੍ਹਾਂ ਦੀ ਇਸ ਕਾਂਗ ਸਾਹਮਣੇ ਖੇਰੂੰ ਖੇਰੂੰ ਹੋ ਜਾਣ। ਇਸ ਤਰ੍ਹਾਂ ਵੀ ਹੋ ਸਕਦਾ ਹੈ ਕਿ ਉਸ ਵੇਲੇ ਵੀ ਦੁਸ਼ਮਣ ਨਾਲ ਕੋਈ ਸਮਝੌਤਾ ਕਰ ਲੈਣਾ ਪਏ, ਇਹ ਗੱਲ ਰੂਸ ਦੀ ਮਿਸਾਲ ਤੋਂ ਚੰਗੀ ਤਰ੍ਹਾਂ ਸਪੱਸ਼ਟ ਹੋ ਜਾਂਦੀ ਹੈ।

1905 ਵਿਚ ਰੂਸ ਵਿਚ ਕ੍ਰਾਂਤੀ ਦੀ ਲਹਿਰ ਉੱਠੀ ਤਾਂ ਕ੍ਰਾਂਤੀਕਾਰੀ ਨੇਤਾਵਾਂ ਨੂੰ ਢੇਰ ਸਾਰੀਆਂ ਉਮੀਦਾਂ ਸਨ। ਲੈਨਿਨ ਉਸ ਵੇਲੇ ਵਿਦੇਸ਼ ਤੋਂ ਵਾਪਸ ਆਏ ਸਨ। ਜਿਥੇ ਉਹ ਪਹਿਲਾਂ ਦੌੜ ਕੇ ਚਲੇ ਗਏ ਸਨ ਅਤੇ ਸਾਰੇ ਅੰਦੋਲਨ ਨੂੰ ਚਲਾ ਰਹੇ ਸਨ। ਲੋਕਾਂ ਨੇ ਕੋਈ ਦਰਜਨ ਕੁ ਜ਼ਿਮੀਦਾਰਾਂ ਨੂੰ ਮਾਰ ਦਿਤਾ ਸੀ। ਪਰ ਇਹ ਕ੍ਰਾਂਤੀ ਸਫਲ ਨਾ ਹੋਈ। ਉਸ ਦਾ ਇਹ ਨਤੀਜਾ ਜ਼ਰੂਰ ਹੋਇਆ ਕਿ ਸਰਕਾਰ ਕੁਝ ਸੁਧਾਰ ਕਰਨ ਲਈ ਮਜਬੂਰ ਹੋ ਗਈ ਅਤੇ ਡੀਊਮਾਂ (ਰੂਸੀ ਪਾਰਲੀਮੈਂਟ) ਦੀ ਸਥਾਪਨਾ ਕੀਤੀ ਗਈ। ਉਸ ਸਮੇਂ ਲੈਨਿਨ ਨੇ ਡੀਊਮਾਂ ਵਿਚ ਜਾਣ ਦੀ ਹਮਾਇਤ ਕੀਤੀ, ਜਿਸ ਦੇ ਅਧਿਕਾਰ ਬਹੁਤ ਘੱਟ ਕਰ ਦਿਤੇ ਗਏ ਸਨ। ਇਸ ਦਾ ਕਾਰਨ ਇਹ ਸੀ ਕਿ ਉਹ ਡੀਊਮਾ ਨੂੰ ਆਪਣੇ ਅੰਦੋਲਨ ਦਾ ਇਕ ਪਲੇਟ ਫਾਰਮ ਬਨਾਉਣਾ ਚਾਹੁੰਦੇ ਸਨ।

ਇਸ ਤਰ੍ਹਾਂ 1917 ਤੋਂ ਬਾਅਦ ਜਦ ਜਰਮਨੀ ਨਾਲ ਰੂਸ ਦੀ ਸੰਧੀ ਦਾ ਸਵਾਲ ਪੈਦਾ ਹੋਇਆ ਤਾਂ ਲੈਨਿਨ ਤੋਂ ਬਿਨਾਂ ਸਾਰੇ ਇਸ ਸੰਧੀ ਦੇ ਵਿਰੁਧ ਸਨ। ਪਰ ਲੈਨਿਨ ਨੇ ਕਿਹਾ, 'ਅਮਨ, ਅਮਨ ਤੇ ਫੇਰ ਅਮਨ, ਕਿਸੇ ਵੀ ਕੀਮਤ ਤੇ ਹੋਵੇ, ਅਮਨ ਹੋਣਾ ਚਾਹੀਦਾ ਹੈ। ਇਥੋਂ ਤਕ ਕਿ ਜੇ ਸਾਨੂੰ ਰੂਸ ਦੇ ਕੁਝ ਹਿੱਸੇ ਜਰਮਨ ਜੰਗਬਾਜ਼ਾਂ ਨੂੰ ਦੇਣੇ ਪੈਣ ਤਾਂ ਵੀ ਕਰ ਲੈਣਾ ਚਾਹੀਦਾ ਹੈ।' ਉਸ ਵੇਲੇ ਕੁਝ ਬਾਲਸ਼ਵਿਕ ਆਗੂਆਂ ਨੇ ਵੀ ਉਹਨਾਂ ਦੀ ਇਸ ਨੀਤੀ ਦਾ ਵਿਰੋਧ ਕੀਤਾ ਤੇ ਉਨ੍ਹਾਂ ਸਾਫ਼ ਕਹਿ ਦਿਤਾ ਕਿ ਇਸ ਵਕਤ ਬਾਲਸ਼ਵਿਕ ਸਰਕਾਰ ਜਰਮਨੀ ਦਾ ਮੁਕਾਬਲਾ ਕਰਨ ਦੇ ਅਯੋਗ ਹੈ ਅਤੇ ਇਸ ਵਕਤ ਸਾਡਾ ਪਹਿਲਾ ਕੰਮ ਲੜਾਈ ਤੋਂ ਲਾਂਭੇ ਹੋ ਕੇ ਆਪਣੀ ਸਰਕਾਰ ਨੂੰ ਮਜ਼ਬੂਤ ਕਰਨਾ ਹੈ।

ਜਿਸ ਗੱਲ ਨੂੰ ਮੈਂ ਸਪੱਸ਼ਟ ਕਰਨਾ ਚਾਹੁੰਦਾ ਹਾਂ, ਉਹ ਇਹ ਹੈ ਕਿ ਸਮਝੌਤਾ ਵੀ ਇਕ ਐਸਾ ਹਥਿਆਰ ਹੈ, ਜਿਸ ਨੂੰ ਸਿਆਸੀ ਜਦੋਜਹਿਦ ਵਿਚ ਪਲ ਪਲ ਤੇ ਵਰਤਣਾ ਬਹੁਤ ਜ਼ਰੂਰੀ ਹੋ ਜਾਂਦਾ ਹੈ। ਜਿਸ ਨਾਲ ਇਕ ਸਖ਼ਤ ਲੜਾਈ ਤੋਂ ਥੱਕੀ ਹੋਈ ਕੌਮ ਨੂੰ ਥੋੜੀ ਦੇਰ ਲਈ ਅਰਾਮ ਮਿਲ ਸਕੇ ਅਤੇ ਅਗਾਂਹ ਜੰਗ ਲਈ ਹੋਰ ਵਧੇਰੇ ਤਾਕਤ ਨਾਲ ਤਿਆਰ ਹੋ ਸਕਣ।

ਪਰ ਇਸ ਸਾਰੇ ਸਮਝੌਤੇ ਦੇ ਇਲਾਵਾ ਜਿਸ ਚੀਜ਼ ਨੂੰ ਸਾਨੂੰ ਭੁਲਣਾ ਨਹੀਂ ਚਾਹੀਦਾ—ਉਹ ਹੈ ਸਾਡਾ ਆਦਰਸ਼! ਆਦਰਸ਼ ਹਮੇਸ਼ਾ ਸਾਡੇ ਸਾਹਮਣੇ ਰਹਿਣਾ ਚਾਹੀਦਾ ਹੈ। ਜਿਸ ਮੰਤਵ ਲਈ ਅਸੀਂ ਲੜ ਰਹੇ ਹਾਂ, ਜੇ ਉਸਦਾ ਇਕ ਆਨਾ ਮਿਲ ਜਾਂਦਾ ਹੈ ਤਾਂ ਉਹ ਇਕ ਆਨਾ ਜੇਬ ਵਿਚ ਪਾ ਕੇ ਬਾਕੀ ਪੰਦਰਾਂ ਆਨਿਆਂ ਲਈ ਫਿਰ ਲੜਾਈ ਛੇੜ ਦੇਣੀ ਚਾਹੀਦੀ ਹੈ। ਹਿੰਦੁਸਤਾਨ ਦੇ ਨਰਮ-ਦਲੀਆਂ (ਮਾਡਰੇਟਾਂ) ਦੀ ਜਿਸ ਗਲ ਤੋਂ ਸਾਨੂੰ ਨਫ਼ਰਤ ਹੈ, ਉਹ ਹੈ ਕਿ ਉਨ੍ਹਾਂ ਦਾ ਮੰਤਵ ਕੁਝ ਵੀ ਨਹੀਂ ਹੈ। ਉਹ ਇਕ ਆਨੇ ਲਈ ਹੀ ਲੜਦੇ ਹਨ ਅਤੇ ਇਸ ਲਈ ਉਨ੍ਹਾਂ ਨੂੰ ਕੁਝ ਵੀ ਨਹੀਂ ਮਿਲ ਸਕਦਾ।

## ਕਾਂਗਰਸ ਦਾ ਉਦੇਸ਼ ਕੀ ਹੈ ?

ਭਾਰਤ ਦਾ ਮੌਜੂਦਾ ਘੋਲ ਦਰਮਿਆਨੇ ਤਬਕੇ ਦੇ ਸਿਰ ਤੇ ਲੜਿਆ ਜਾ ਰਿਹਾ ਹੈ। ਇਸ ਦਰਮਿਆਨੇ ਤਬਕੇ ਦਾ ਆਦਰਸ਼ ਬੜਾ ਮਾਮੂਲੀ ਜਿਹਾ ਹੈ, ਕਾਂਗਰਸ ਸਰਮਾਏਦਾਰਾਂ ਤੇ ਦੁਕਾਨਦਾਰਾਂ ਰਾਹੀਂ ਸਰਕਾਰ ਤੇ ਆਰਥਕ ਦਬਾਅ ਪਾ ਕੇ ਕੁਝ ਅਖ਼ਤਿਆਰ ਲੈ ਲੈਣਾ

ਚਾਹੁੰਦੀ ਹੈ। ਪਰ ਜਿਥੋਂ ਤਕ ਦੇਸ਼ ਦੇ ਕਰੋੜਾਂ ਮਜ਼ਦੂਰਾਂ, ਕਿਸਾਨਾਂ ਦਾ ਸੰਬੰਧ ਹੈ, ਇਹਨਾਂ ਦੀ ਬਿਹਤਰੀ ਨਹੀਂ ਹੋ ਸਕਦੀ। ਜੇ ਦਰਮਿਆਨੇ ਤਬਕੇ ਦੀ ਬਜਾਏ ਸਾਰੇ ਦੇਸ਼ ਦੀ ਲੜਾਈ ਲੜਨੀ ਹੈ ਤਾਂ ਮਜ਼ਦੂਰਾਂ, ਕਿਸਾਨਾਂ ਤੇ ਆਮ ਜਨਤਾ ਨੂੰ ਅਗੇ ਲਿਆਉਣਾ ਹੋਵੇਗਾ ਤੇ ਇਨ੍ਹਾਂ ਨੂੰ ਲੜਾਈ ਲਈ ਜਥੇਬੰਦ ਕਰਨਾ ਹੋਵੇਗਾ। ਪਰ ਕਾਂਗਰਸੀ ਲੀਡਰ ਇਹਨਾਂ ਨੂੰ ਅਗੇ ਲਿਜਾਣ ਲਈ ਕੁਝ ਨਹੀਂ ਕਰਦੇ ਤੇ ਨਾ ਹੀ ਕਰ ਸਕਦੇ ਹਨ। ਕਿਸਾਨਾਂ ਨੂੰ ਬਦੇਸ਼ੀ ਜੂਲੇ ਤੋਂ ਬਿਨਾਂ ਜਗੀਰਦਾਰਾਂ ਦੇ ਜੂਲੇ ਤੋਂ ਵੀ ਮੁਕਤ ਕਰਾਉਣਾ ਹੈ, ਪਰ ਇਹ ਕਾਂਗਰਸ ਦਾ ਆਦਰਸ਼ ਨਹੀਂ। ਇਸ ਲਈ ਮੈਂ ਕਹਿੰਦਾ ਹਾਂ ਕਿ ਕਾਂਗਰਸੀ ਲੀਡਰ ਮੁਕੰਮਲ ਇਨਕਲਾਬ ਨਹੀਂ ਚਾਹੁੰਦੇ, ਬਲਕਿ ਸਰਕਾਰ ਤੇ ਦਬਾਅ ਪਾ ਕੇ ਭਾਰਤ ਦੇ ਸਰਮਾਏਦਾਰਾਂ ਲਈ ਕੁਝ ਰਿਆਇਤਾਂ ਚਾਹੁੰਦੇ ਹਨ। ਸੋ ਕਾਂਗਰਸ ਦੀ ਲਹਿਰ ਕਿਸੇ ਨਾ ਕਿਸੇ ਸਮਝੌਤੇ ਦੀ ਸ਼ਕਲ ਵਿਚ ਖ਼ਤਮ ਹੋਵੇਗੀ।

### ਨੌਜਵਾਨਾਂ ਦਾ ਫ਼ਰਜ਼

ਇਸ ਹਾਲਤ ਵਿਚ ਨੌਜਵਾਨਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਉਹਨਾਂ ਲਈ ਸਮਾਂ ਹੋਰ ਵੀ ਸਖ਼ਤ ਆ ਰਿਹਾ ਹੈ। ਉਹਨਾਂ ਨੂੰ ਖ਼ਬਰਦਾਰ ਹੋ ਜਾਣਾ ਚਾਹੀਦਾ ਹੈ—ਕਿਤੇ ਉਹਨਾਂ ਦੀ ਅਕਲ ਚਕਰਾ ਨਾ ਜਾਏ ਜਾਂ ਉਹ ਨਰਾਜ਼ ਨਾ ਹੋ ਬੈਠਣ। ਗਾਂਧੀ ਦੀਆਂ ਦੋ ਲੜਾਈਆਂ ਦਾ ਤਜਰਬਾ ਪ੍ਰਾਪਤ ਕਰ ਲੈਣ ਦੇ ਬਾਅਦ ਮੌਜੂਦਾ ਹਾਲਾਤ ਅਤੇ ਆਪਣੇ ਭਵਿਖ ਦੇ ਪ੍ਰੋਗਰਾਮ ਦੇ ਸੰਬੰਧ ਵਿਚ ਸਾਡੇ ਲਈ ਸਾਫ਼ ਨੀਤੀ ਅਪਨਾਉਣਾ ਬਹੁਤ ਜ਼ਰੂਰੀ ਹੋ ਗਿਆ ਹੈ।

### ਇਨਕਲਾਬ ਜ਼ਿੰਦਾਬਾਦ

ਇਤਨੀ ਵਿਚਾਰ ਕਰ ਲੈਣ ਮਗਰੋਂ ਮੈਂ ਆਪਣੀ ਗੱਲ ਬਿਲਕੁਲ ਸਾਫ਼ ਸ਼ਬਦਾਂ ਵਿਚ ਕਹਿਣਾ ਚਾਹਾਂਗਾ।

ਅਸੀਂ ਲੋਕ (Long live revolution) ਭਾਵ ਇਨਕਲਾਬ ਜ਼ਿੰਦਾਬਾਦ ਦਾ ਨਾਅਰਾ ਲਾਉਂਦੇ ਹਾਂ। ਇਹ ਨਾਅਰਾ ਸਾਡੇ ਵਾਸਤੇ ਬਹੁਤ ਪਵਿੱਤਰ ਹੈ ਅਤੇ ਇਸ ਦੀ ਵਰਤੋਂ ਬਹੁਤ ਹੀ ਸੋਚ ਸਮਝ ਕੇ ਕਰਨੀ ਚਾਹੀਦੀ ਹੈ।

ਜਦ ਤੁਸੀਂ ਨਾਅਰਾ ਲਾਉਂਦੇ ਹੋ, ਤਾਂ ਮੈਂ ਸਮਝਦਾ ਹਾਂ, ਤੁਸੀਂ ਅਸਲ ਵਿਚ ਜੋ ਨਾਅਰਾ ਮਾਰਦੇ ਹੋ—ਉਸ ਤੇ ਅਮਲ ਵੀ ਕਰਨਾ ਚਾਹੀਦਾ ਹੈ। ਅਸੈਂਬਲੀ ਬੰਬ ਕੇਸ ਸਮੇਂ ਇਨਕਲਾਬ ਦੀ ਵਿਆਖਿਆ ਕੀਤੀ ਸੀ ਕਿ ਕਰਾਂਤੀ ਤੋਂ ਸਾਡਾ ਭਾਵ ਸਮਾਜ ਦੇ ਮੌਜੂਦਾ ਢੰਗ ਨੂੰ ਅਤੇ ਪ੍ਰਬੰਧ ਨੂੰ ਪੂਰੀ ਤਰ੍ਹਾਂ ਉਖਾੜ ਸੁਟਣਾ ਹੈ। ਇਸ ਉਦੇਸ਼ ਲਈ ਪਹਿਲਾਂ ਅਸੀਂ ਸਰਕਾਰ ਦੀ ਤਾਕਤ ਨੂੰ ਆਪਣੇ ਹੱਥਾਂ ਵਿਚ ਲੈਣਾ ਚਾਹੁੰਦੇ ਹਾਂ। ਇਸ ਵੇਲੇ ਰਾਜ-ਪ੍ਰਬੰਧ ਦੀ ਮਸ਼ੀਨ ਅਮੀਰਾਂ ਦੇ ਹੱਥ ਵਿਚ ਹੈ। ਆਮ ਜਨਤਾ ਦੇ ਹਿੱਤਾਂ ਦੀ ਰਖਿਆ ਲਈ ਅਤੇ ਆਪਣੇ ਆਦਰਸ਼ਾਂ ਨੂੰ ਅਮਲੀ ਰੂਪ ਦੇਣ ਲਈ ਅਰਥਾਤ ਸਮਾਜ ਨੂੰ ਨਵੇਂ ਸਿਰੇ ਤੋਂ ਕਾਰਲ ਮਾਰਕਸ ਦੇ ਸਿਧਾਂਤਾਂ ਅਨੁਸਾਰ ਜਥੇਬੰਦ ਕਰਨ ਲਈ ਅਸੀਂ ਸਰਕਾਰ ਦੀ ਮਸ਼ੀਨ ਨੂੰ ਆਪਣੇ ਹੱਥਾਂ ਵਿਚ ਲੈਣਾ ਚਾਹੁੰਦੇ ਹਾਂ। ਅਸੀਂ ਇਸੇ ਆਦਰਸ਼ ਲਈ ਲੜ ਰਹੇ ਹਾਂ। ਪਰ ਇਸ ਲਈ ਸਾਨੂੰ ਆਮ ਜਨਤਾ ਨੂੰ ਪੜ੍ਹਾਉਣਾ ਚਾਹੀਦਾ ਹੈ।

### ਵਿਧਾਨ ਦੀ ਕਸੌਟੀ—

ਸਾਡੇ ਲਈ ਹੇਠ ਲਿਖੀਆਂ ਤਿੰਨ ਗੱਲਾਂ ਕਿਸੇ ਵੀ ਰਾਜਨੀਤਿਕ ਵਿਧਾਨ ਦੀ ਪਰਖ ਲਈ ਜ਼ਰੂਰੀ ਹਨ :

(1) ਰਾਜ-ਪ੍ਰਬੰਧ ਦੀ ਜ਼ਿੰਮੇਵਾਰੀ ਕਿਸ ਹੱਦ ਤਕ ਭਾਰਤਵਾਸੀਆਂ ਦੇ ਸਪੁਰਦ ਕੀਤੀ ਜਾਂਦੀ ਹੈ ?

(2) ਰਾਜ-ਪ੍ਰਬੰਧ ਚਲਾਉਣ ਵਾਸਤੇ ਕਿਸ ਤਰ੍ਹਾਂ ਦੀ ਸਰਕਾਰ ਬਣਾਈ ਜਾਂਦੀ ਹੈ ਅਤੇ ਇਸ ਵਿਚ ਹਿੱਸਾ ਲੈਣ ਦਾ ਆਮ ਜਨਤਾ ਨੂੰ ਕਿਥੋਂ ਕੁ ਤਕ ਮੌਕਾ ਮਿਲਦਾ ਹੈ ?

(3) ਭਵਿਖ ਵਿਚ ਉਸ ਤੋਂ ਕੀ ਆਸ ਕੀਤੀ ਜਾ ਸਕਦੀ ਹੈ ? ਉਸ ਤੇ ਕਿਥੋਂ ਤਕ ਰੋਕ ਲਾਈ ਜਾਂਦੀ ਹੈ ?

ਕਿਉਂਕਿ ਭਾਰਤ ਸਰਕਾਰ ਦੀ ਰਾਜ-ਸਭਾ ਅਮੀਰਾਂ ਦੀ ਹੋੜ ਹੈ ਅਤੇ ਲੋਕਾਂ ਨੂੰ ਫਾਹੁਣ ਦਾ ਇਕ ਪਿੰਜਰਾ ਹੈ, ਇਸ ਲਈ ਇਸ ਨੂੰ ਖ਼ਤਮ ਕਰਕੇ ਇਕ ਹੀ ਸਭਾ, ਜਿਸ ਵਿਚ ਜਨਤਾ ਦੇ ਨੁਮਾਇੰਦੇ ਹੋਣ, ਰਖਣੀ ਚਾਹੀਦੀ ਹੈ।

### ਸੂਬਾਈ ਸਵਰਾਜ ਜਾਂ ਸੂਬਾਈ ਜ਼ੁਲਮ ?

ਜਿਸ ਤਰ੍ਹਾਂ ਦੇ ਲੋਕਾਂ ਨੂੰ ਸਾਰੀਆਂ ਤਾਕਤਾਂ ਦਿਤੀਆਂ ਜਾ ਰਹੀਆਂ ਹਨ, ਉਸ ਨਾਲ ਤਾਂ ਸੂਬਾਈ ਸਵਰਾਜ ਨਾਂ ਹੋ ਕੇ ਜ਼ੁਲਮ ਹੋ ਜਾਏਗਾ।

ਇਹਨਾਂ ਸਾਰੀਆਂ ਹਾਲਤਾਂ ਤੇ ਵਿਚਾਰ ਕਰਕੇ ,ਅਸੀਂ ਇਸ ਨਤੀਜੇ ਤੇ ਪਹੁੰਚਦੇ ਹਾਂ ਕਿ ਸਭ ਤੋਂ ਪਹਿਲਾਂ ਸਾਨੂੰ ਸਾਡੀਆਂ ਹਾਲਤਾਂ ਦਾ ਚਿੱਤਰ ਸਪਸ਼ਟ ਤੌਰ ਤੇ ਵੇਖਣਾ ਚਾਹੀਦਾ ਹੈ। ਭਾਵੇਂ ਅਸੀਂ ਮੰਨਦੇ ਹਾਂ ਕਿ ਸਮਝੌਤੇ ਦਾ ਅਰਥ ਕਦੇ ਆਤਮ-ਸਮਰਪਣ ਜਾਂ ਬਦੇਸ਼ੀ ਰਾਜ ਸਵੀਕਾਰ ਕਰਨਾ ਨਹੀਂ, "ਪਰ ਇਕ ਕਦਮ ਅਗੇ ਤੇ ਫਿਰ ਕੁਝ ਅਰਾਮ ਹੈ!" ਪਰ ਨਾਲ ਹੀ ਸਾਨੂੰ ਇਹ ਵੀ ਸਮਝ ਲੈਣਾ ਚਾਹੀਦਾ ਹੈ ਕਿ ਸਮਝੌਤਾ ਇਸ ਤੋਂ ਵਧ ਹੋਰ ਹੈ ਵੀ ਕੁਝ ਨਹੀਂ। ਇਹ ਆਖ਼ਰੀ ਮੰਤਵ ਅਤੇ ਆਖ਼ਰੀ ਆਰਾਮ ਦੀ ਥਾਂ ਨਹੀਂ ਹੈ।

### ਸਾਡੇ ਆਦਰਸ਼ ਤੇ ਸਾਧਨ—

ਦਲ ਦਾ ਨਾਂ ਸੋਸ਼ਲਿਸਟ ਰੀਪਬਲਿਕਨ ਆਰਮੀ ਹੈ। ਇਸ ਲਈ ਇਸ ਦਾ ਮਕਸਦ ਇਕ ਸੋਸ਼ਲਿਸਟ ਜਾਂ ਕਮਿਊਨਿਸਟ ਸਮਾਜਕ ਸੰਗਠਨ ਦੀ ਸਥਾਪਨਾ ਹੈ। ਕਾਂਗਰਸ ਅਤੇ ਇਸ ਦਲ ਦੇ ਮੰਤਵ ਵਿਚ ਇਹ ਹੀ ਫ਼ਰਕ ਹੈ ਕਿ ਜਦ ਰਾਜਨੀਤਕ ਕਰਾਂਤੀ ਨਾਲ ਰਾਜ ਪ੍ਰਬੰਧ ਦੀ ਸ਼ਕਤੀ ਅੰਗਰੇਜ਼ਾਂ ਦੇ ਹੱਥਾਂ ਵਿਚੋਂ ਨਿਕਲ ਕੇ ਭਾਰਤ ਵਾਸੀਆਂ ਦੇ ਹੱਥ

ਵਿਚ ਆ ਜਾਵੇਗੀ ਤਾਂ ਸਾਡਾ ਮੰਤਵ ਰਾਜ ਪ੍ਰਬੰਧ ਨੂੰ ਉਹਨਾਂ ਹੱਥਾਂ ਦੇ ਸਪੁਰਦ ਕਰਨਾ ਹੈ, ਜਿਹਨਾਂ ਦੀ ਮੰਜ਼ਲ ਕਮਿਊਨਿਜ਼ਮ ਹੈ। ਇਸ ਲਈ ਮਜ਼ਦੂਰਾਂ ਤੇ ਕਿਸਾਨਾਂ ਨੂੰ ਜਥੇਬੰਦ ਕਰਨਾ ਜ਼ਰੂਰੀ ਹੈ। ਕਿਉਂਕਿ ਇਨ੍ਹਾਂ ਲੋਕਾਂ ਲਈ ਲਾਰਡ ਰੀਡਿੰਗ ਜਾਂ ਲਾਰਡ ਇਰਵਨ ਦੀ ਥਾਂ ਤੇਜ ਬਹਾਦਰ ਜਾਂ ਪਰਸ਼ੋਤਮ ਦਾਸ ਠਾਕਰ ਦਾਸ ਦੇ ਆ ਜਾਣ ਨਾਲ ਕੋਈ ਫ਼ਰਕ ਨਹੀਂ ਪਵੇਗਾ।

**ਪੂਰਨ ਆਜ਼ਾਦੀ—**

ਜਦ ਲਾਹੌਰ ਕਾਂਗਰਸ ਨੇ ਪੂਰਨ ਆਜ਼ਾਦੀ ਦਾ ਮਤਾ ਪਾਸ ਕੀਤਾ ਸੀ ਤਾਂ ਅਸੀਂ ਇਸ ਨੂੰ ਪੂਰੇ ਦਿਲ ਨਾਲ ਚਾਹੁੰਦੇ ਸਾਂ। ਪਰ ਕਾਂਗਰਸ ਦੇ ਉਸੇ ਇਜਲਾਸ ਵਿਚ ਗਾਂਧੀ ਨੇ ਕਿਹਾ ਸੀ ਕਿ ਸਮਝੌਤੇ ਦਾ ਦਰਵਾਜ਼ਾ ਹੁਣ ਵੀ ਖੁਲ੍ਹਾ ਹੈ। ਇਸ ਦਾ ਮਤਲਬ ਇਹ ਸੀ ਕਿ ਉਹ ਪਹਿਲਾਂ ਜਾਣਦੇ ਸਨ ਕਿ ਉਨ੍ਹਾਂ ਦੀ ਲੜਾਈ ਦਾ ਅੰਤ ਕਿਸੇ ਨਾ ਕਿਸੇ ਤਰ੍ਹਾਂ ਦੇ ਸਮਝੌਤੇ ਵਿਚ ਹੋਵੇਗਾ। ਉਹ ਪੂਰੇ ਦਿਲ ਨਾਲ ਆਜ਼ਾਦੀ ਦੀ ਘੋਸ਼ਣਾ ਨਹੀਂ ਕਰ ਰਹੇ ਸਨ। ਅਸੀਂ ਇਸ ਨੂੰ ਦਿਲੋਂ ਨਫ਼ਰਤ ਕਰਦੇ ਹਾਂ।

ਇਸ ਮਕਸਦ ਲਈ ਸਮਾਜਕ ਤਬਦੀਲੀ ਲਿਆਉਣ ਲਈ ਨੌਜਵਾਨਾਂ ਨੂੰ ਮੈਦਾਨ ਵਿਚ ਨਿਤਰਨਾ ਚਾਹੀਦਾ ਹੈ। ਲੀਡਰ ਤਾਂ ਦੇਸ਼ ਵਿਚ ਪਹਿਲਾਂ ਹੀ ਬਹੁਤ ਹਨ, ਸਾਡੇ ਦਲ ਨੂੰ ਲੀਡਰਾਂ ਦੀ ਜ਼ਰੂਰਤ ਨਹੀਂ। ਜੇ ਤੁਸੀਂ ਦੁਨੀਆਦਾਰ ਹੋ, ਬਾਲ ਬੱਚਿਆਂ ਵਾਲੇ ਹੋ ਤੇ ਗ੍ਰਹਿਸਤ ਵਿਚ ਫਸੇ ਹੋਏ ਹੋ ਤਾਂ ਸਾਡੇ ਰਾਹ ਤੇ ਨਾ ਆਉਣਾ। ਤੁਸੀਂ ਸਾਡੇ ਉਦੇਸ਼ ਨਾਲ ਹਮਦਰਦੀ ਰਖਦੇ ਹੋ ਤਾਂ ਹੋਰ ਤਰੀਕਿਆਂ ਨਾਲ ਸਾਨੂੰ ਮਦਦ ਦਿਉ, ਸਖ਼ਤ ਮੁਸ਼ਕਲਾਂ ਵਿਚ ਰਹਿ ਸਕਣ ਵਾਲੇ ਸਾਥੀ ਹੀ ਇਸ ਅੰਦੋਲਨ ਨੂੰ ਅਗਾਂਹ ਖੜ ਸਕਦੇ ਹਨ। ਇਹ ਜ਼ਰੂਰੀ ਨਹੀਂ ਕਿ ਸਾਡੀ ਪਾਰਟੀ ਚੋਰੀ ਛਿਪੇ ਹੀ ਕੰਮ ਕਰੇ। ਸਾਨੂੰ ਨੌਜਵਾਨਾਂ ਲਈ ਅਧਿਅਨ ਕੇਂਦਰ (Study Circle) ਖੋਹਲਣੇ ਚਾਹੀਦੇ ਹਨ। ਪੈਂਫ਼ਲਿਟ, ਕਿਤਾਬਚੇ, ਭਾਸ਼ਨਾਂ ਤੇ ਗਲਬਾਤ ਰਾਹੀਂ ਹਰ ਇਕ ਥਾਂ ਤੇ ਸਾਨੂੰ ਆਪਣੇ ਖਿਆਲਾਂ ਦਾ ਪ੍ਰਚਾਰ ਕਰਨਾ ਚਾਹੀਦਾ ਹੈ।

**ਸੈਨਿਕ ਵਿਭਾਗ—**

ਸਾਡੇ ਦਲ ਦਾ ਇਕ ਸੈਨਿਕ ਵਿਭਾਗ ਜਥੇਬੰਦ ਹੋਣਾ ਚਾਹੀਦਾ ਹੈ। ਕਦੀ ਕਦੀ ਇਸ ਦੀ ਬਹੁਤ ਜ਼ਰੂਰਤ ਪੈ ਜਾਂਦੀ ਹੈ। ਇਸ ਬਾਰੇ ਮੈਂ ਆਪਣਾ ਖਿਆਲ ਜ਼ਿਆਦਾ ਸਾਫ਼ ਕਰ ਦੇਣਾ ਚਾਹੁੰਦਾ ਹਾਂ। ਮੈਂ ਜੋ ਕੁਝ ਕਹਿਣਾ ਚਾਹੁੰਦਾ ਹਾਂ, ਉਸ ਵਿਚ ਗ਼ਲਤ ਫ਼ਹਿਮੀ ਲਈ ਥਾਂ ਨਹੀਂ ਹੈ। ਪਰ ਤੁਸਾਂ ਮੇਰੇ ਸ਼ਬਦਾਂ ਅਤੇ ਵਾਕਾਂ ਦਾ ਕੋਈ ਡੂੰਘਾ ਅਰਥ ਨਾ ਕੱਢਣਾ।

ਇਹ ਗੱਲ ਪ੍ਰਸਿੱਧ ਹੈ ਕਿ ਮੈਂ ਤਸ਼ਦਦ ਪਸੰਦ (Terrorist) ਰਿਹਾ ਹਾਂ। ਪਰ ਮੈਂ ਤਸ਼ਦਦ ਪਸੰਦ ਨਹੀਂ ਹਾਂ। ਮੈਂ ਇਕ ਕ੍ਰਾਂਤੀਕਾਰੀ ਹਾਂ, ਜਿਸ ਦੇ ਕੁਝ ਨਿਸ਼ਚਿਤ ਵਿਚਾਰ ਅਤੇ ਆਦਰਸ਼ ਹੁੰਦੇ ਹਨ। ਜਿਸ ਦੇ ਸਾਹਮਣੇ ਇਕ ਲੰਮਾ ਪਰੋਗਰਾਮ ਹੈ। ਮੈਨੂੰ ਇਹ ਦੋਸ਼ ਦਿਤਾ ਜਾਵੇਗਾ, ਜਿਵੇਂ ਕਿ ਰਾਮ ਪ੍ਰਸਾਦ ਬਿਸਮਲ ਨੂੰ ਦਿੰਦੇ ਹਨ ਕਿ ਫ਼ਾਂਸੀ ਦੀ ਕਾਲ ਕੋਠੜੀ ਵਿਚ ਪਏ ਰਹਿਣ ਨਾਲ ਮੇਰੇ ਵਿਚਾਰਾਂ ਵਿਚ ਵੀ ਕੋਈ ਤਬਦੀਲੀ ਆ ਗਈ ਹੈ. ਪਰ ਇਜੇਹੀ ਗੱਲ ਨਹੀਂ ਹੈ, ਮੇਰੇ ਵਿਚਾਰ ਹੁਣ ਵੀ ਉਹੀ ਹਨ। ਮੇਰੇ ਦਿਲ ਵਿਚ ਹੁਣ ਵੀ ਉਸੇ ਤਰ੍ਹਾਂ ਉਤਸ਼ਾਹ ਹੈ ਅਤੇ ਉਹੀ ਆਦਰਸ਼ ਹੈ ਜੋ ਜੇਲ ਤੋਂ ਬਾਹਰ ਸੀ। ਮੇਰਾ ਇਹ ਪੱਕਾ ਵਿਸ਼ਵਾਸ ਹੈ ਕਿ ਅਸੀਂ ਬੰਬ ਨਾਲ ਕੋਈ ਲਾਭ ਨਹੀਂ ਪ੍ਰਾਪਤ ਕਰ ਸਕਦੇ। ਇਹ ਗੱਲ ਹਿੰਦੁਸਤਾਨ ਸੋਸ਼ਲਿਸਟ ਰੀਪਬਲਿਕਨ ਆਰਮੀ ਦੇ ਇਤਿਹਾਸ ਤੋਂ ਸੌਖ ਨਾਲ ਮਲੂਮ ਹੋ ਜਾਂਦੀ ਹੈ। ਬੰਬ ਸੁਟਣਾ ਨਾ ਸਿਰਫ਼ ਬੇਫ਼ਾਇਦਾ ਹੈ, ਸਗੋਂ ਬਹੁਤ ਵਾਰੀ ਨੁਕਸਾਨਦੇਹ ਵੀ ਹੈ। ਇਸ ਦੀ ਜ਼ਰੂਰਤ ਕਿਸੇ ਹਾਲਤ ਵਿਚ ਵੀ ਪੈਂਦੀ ਹੈ, ਸਾਡਾ ਮਕਸਦ ਮਜ਼ਦੂਰਾਂ ਅਤੇ ਕਿਸਾਨਾਂ ਨੂੰ ਇਕ-ਮੁੱਠ ਕਰਨਾ ਹੈ, ਸੈਨਿਕ ਵਿਭਾਗ ਯੁੱਧ ਦੇ ਸਮਾਨ ਨੂੰ ਕਿਸੇ ਖ਼ਾਸ ਮੌਕੇ ਲਈ ਇਕੱਠਾ ਕਰਦਾ ਰਹੇਗਾ।

ਹਾਂ! ਜੇ ਇਸ ਤਰ੍ਹਾਂ ਹੀ ਕੋਸ਼ਿਸ਼ ਕਰਦੇ ਜਾਵਾਂਗੇ, ਤਾਂ ਕਿਤੇ ਜਾ ਕੇ ਸਵਰਾਜ ਦੀ ਪ੍ਰਾਪਤੀ ਜੇ ਇਕ ਸਾਲ ਵਿਚ ਨਹੀਂ ਤਾਂ ਇਕ ਦਿਨ ਮਹਾਨ ਕੁਰਬਾਨੀ ਅਤੇ ਤਿਆਗ ਦੀ ਸਖ਼ਤ ਪਰੀਖਿਆ 'ਚੋਂ ਲੰਘਣ ਬਾਅਦ ਜ਼ਰੂਰ ਜੇਤੂ ਹੋਵਾਂਗੇ।

"ਇਨਕਲਾਬ ਜ਼ਿੰਦਾਬਾਦ!"

**ਭਗਤ ਸਿਘ**


**WATNO DUR SPECIAL REPRESETATIVES BOARD**

Manitoba:
Ramesh Saffri (Winnipeg)

B.C.:
Sukhpal Tallewalla (Burnaby)
Balbir Dhaliwal (Burnaby)
Gurcharan Tallewalia (N.W.M.)
Latt Bhinder (Kamloops)
Harnek Mann (Prince George)
Joginder Aulakh (Prince George)
Surdev Jatana (Prince Rupert)

Quebec:
Rupinder Singh (Montreal)

# 5. ਨਿੱਕੇ ਵੀਰ ਕੁਲਤਾਰ ਸਿੰਘ ਨੂੰ ਖ਼ਤ

ਭਗਤ ਸਿੰਘ

( 3 ਮਾਰਚ 1931 – ਸੈਂਟਰਲ ਜੇਲ, ਲਾਹੌਰ )



ਅਜ਼ੀਜ਼ ਕੁਲਤਾਰ,

ਅਜ ਤੇਰੀਆਂ ਅੱਖਾਂ ਵਿਚ ਹੰਝੂ ਦੇਖ ਕੇ ਬਹੁਤ ਬਧੁਤ ਦੁੱਖ ਹੋਇਆ । ਅਜ ਤੇਰੀਆਂ ਗੱਲਾਂ ਵਿਚ ਘਹੁਤ ਦਰਦ ਸੀ; ਤੇਰੇ ਹੰਝੂ ਮੈਥੋਂ ਦੇਖੇ ਨਹੀਂ ਜਾਂਦੇ । ਬਰਖ਼ੁਰਦਾਰ ਹਿਮਤ ਨਾਲ ਵਿਦਿਆ ਪ੍ਰਾਪਤ ਕਰਨੀ ਅਤੇ ਸਿਹਤ ਦਾ ਖ਼ਿਆਲ ਰਖਣਾ । ਹੌਂਸਲਾ ਰਖਣਾ, ਹੋਰ ਕੀ ਆਖਾਂ—

ਉਸੇ ਫ਼ਿਕਰ ਹੈ ਹਰਦਮ ਨਯਾ ਤਰਜ਼-ਏ-ਜਫ਼ਾ ਕਿਆ ਹੈ,
ਹਮੇਂ ਯਹ ਸ਼ੌਕ ਦੇਖੇਂ ਸਿੱਤਮ ਕੀ ਇੰਤਹਾ ਕਿਆ ਹੈ ।
ਦਹਰ ਸੇ ਕਿਉਂ ਖ਼ਫ਼ਾ ਰਹੇਂ, ਚਰਖ਼ ਕਾ ਕਿਉਂ ਗ਼ਿਲਾ ਕਰੇਂ,
ਸਾਰਾ ਜਹਾਂ ਅਦੂ ਸਹੀ, ਆਓ ਮੁਕਾਬਲਾ ਕਰੇਂ ।
ਕੋਈ ਦਮ ਕਾ ਮਹਿਮਾਂ ਹੂੰ, ਐ ਅਹਲੇ ਮਹਫ਼ਲ
ਚਰਾਗ਼ੇ-ਸਹਰ ਹੂੰ, ਬੁਝਾ ਚਾਹਤਾ ਹੂੰ ।
ਮੇਰੀ ਹਵਾ ਮੇਂ ਰਹੇਗੀ ਖ਼ਿਆਲ ਕੀ ਬਿਜਲੀ
ਯਹ ਮੁਸ਼ਤ-ਏ-ਖ਼ਾਕ ਹੈ ਫ਼ਾਨੀ, ਰਹੇ ਨਾ ਰਹੇ ।

ਚੰਗਾ ਰੁਖ਼ਸਤ । ਖ਼ੁਸ਼ ਰਹੋ ਅਹਲੇ ਵਤਨ, ਹਮ ਤੋ ਸਫ਼ਰ ਕਰਤੇ ਹੈਂ ।
ਹੌਂਸਲੇ ਨਾਲ ਰਹਿਣਾ । ਨਮਸਤੇ ।

ਤੇਰਾ ਵੀਰ,

**ਭਗਤ ਸਿੰਘ**

# 6. ਕੈਦੀ ਸਾਥੀਆਂ ਨੂੰ ਖ਼ਤ

ਭਗਤ ਸਿੰਘ

( ਸ਼ਹੀਦੀ ਤੋਂ ਕੁਛ ਦਿਨ ਪਹਿਲਾਂ )

ਜੀਉਂਦਿਆਂ ਰਹਿਣ ਦੀ ਖ਼ਾਹਸ਼ ਕੁਦਰਤੀ ਤੌਰ ਤੇ ਮੈਨੂੰ ਵੀ ਹੋਣੀ ਚਾਹੀਦੀ ਹੈ। ਮੈਂ ਇਸ ਨੂੰ ਲੁਕਾਉਣਾ ਨਹੀਂ ਚਾਹੁੰਦਾ। ਪਰ ਮੇਰਾ ਜੀਉਂਦਿਆਂ ਰਹਿਣਾ ਇਕ ਸ਼ਰਤ 'ਤੇ ਹੈ। ਮੈਂ ਕੈਦ ਹੋ ਕੇ ਜਾਂ ਪਾਬੰਦ ਹੋ ਕੇ ਜੀਉਂਦਾ ਨਹੀਂ ਰਹਿਣਾ ਚਾਹੁੰਦਾ।

ਮੇਰਾ ਨਾਂ ਹਿੰਦੁਸਤਾਨੀ ਇਨਕਲਾਬ ਪਾਰਟੀ (ਭਾਰਤੀ ਇਨਕਲਾਬ) ਦਾ ਨਿਸ਼ਾਨ ਬਣ ਚੁਕਿਆ ਹੈ ਅਤੇ ਇਨਕਲਾਬ ਪਸੰਦ ਪਾਰਟੀ ਦੇ ਆਦਰਸ਼ਾਂ ਅਤੇ ਕੁਰਬਾਨੀਆਂ ਨੇ ਮੈਨੂੰ ਬਹੁਤ ਉੱਚਿਆਂ ਕਰ ਦਿੱਤਾ ਹੈ। ਏਨਾ ਉੱਚਾ ਕਿ ਜੀਉਂਦਿਆਂ ਰਹਿਣ ਦੀ ਸੂਰਤ ਵਿਚ ਇਸ ਨਾਲੋਂ ਉੱਚਾ ਮੈਂ ਕਦੇ ਵੀ ਨਹੀਂ ਹੋ ਸਕਦਾ।

ਅੱਜ ਮੇਰੀਆਂ ਕਮਜ਼ੋਰੀਆਂ ਲੋਕਾਂ ਸਾਹਮਣੇ ਨਹੀਂ ਹਨ। ਜੇ ਮੈਂ ਫ਼ਾਂਸੀ ਤੋਂ ਬਚ ਗਿਆ ਤਾਂ ਉਹ ਜ਼ਾਹਿਰ ਹੋ ਜਾਣਗੀਆਂ ਅਤੇ ਇਨਕਲਾਬ ਦਾ ਨਿਸ਼ਾਨ ਮੱਧਮ ਪੈ ਜਾਏਗਾ ਜਾਂ ਸ਼ਾਇਦ ਮਿਟ ਹੀ ਜਾਵੇ। ਪਰ ਮੇਰੇ ਦਲੇਰੀ ਭਰੇ ਢੰਗ ਨਾਲ ਹੱਸਦਿਆਂ ਹੱਸਦਿਆਂ ਫ਼ਾਂਸੀ ਚੜ੍ਹਨ ਦੀ ਸੂਰਤ ਵਿਚ ਹਿੰਦੁਸਤਾਨੀ ਮਾਵਾਂ ਆਪਣਿਆਂ ਬੱਚਿਆਂ ਦੇ ਭਗਤ ਸਿੰਘ ਬਣਨ ਦੀ ਆਰਜ਼ੂ ਕੀਤਾ ਕਰਨਗੀਆਂ ਅਤੇ ਦੇਸ਼ ਦੀ ਆਜ਼ਾਦੀ ਲਈ ਕੁਰਬਾਨ ਹੋਣ ਵਾਲਿਆਂ ਦੀ ਗਿਣਤੀ ਏਨੀ ਵਧ ਜਾਏਗੀ ਕਿ ਇਨਕਲਾਬ ਨੂੰ ਰੋਕਣਾ ਸਾਮਰਾਜਵਾਦ ਦੀਆਂ ਸਭ ਦੀਆਂ ਸਭ ਸ਼ੈਤਾਨੀ ਤਾਕਤਾਂ ਦੇ ਵਸ ਦੀ ਗੱਲ ਨਹੀਂ ਰਹੇਗੀ।

ਹਾਂ, ਇਕ ਖ਼ਿਆਲ ਅਜ ਵੀ ਆਉਂਦਾ ਹੈ। ਦੇਸ਼ ਅਤੇ ਇਨਸਾਨੀਅਤ ਲਈ ਜੋ ਕੁਝ ਕਰਨ ਦੀਆਂ ਹਸਰਤਾਂ ਮੇਰੇ ਦਿਲ ਵਿਚ ਸਨ, ਉਹਨਾਂ ਦਾ ਹਜ਼ਾਰਵਾਂ ਹਿੱਸਾ ਵੀ ਪੂਰਾ ਨਹੀਂ ਕਰ ਸਕਿਆ। ਜੇ ਜੀਉਂਦਾ ਰਹਿ ਸਕਦਾ, ਤਾਂ ਸ਼ਾਇਦ ਇਨ੍ਹਾਂ ਨੂੰ ਪੂਰਾ ਕਰਨ ਦਾ ਮੌਕਾ ਮਿਲਦਾ ਅਤੇ ਮੈਂ ਆਪਣੀਆਂ ਹਸਰਤਾਂ ਪੂਰੀਆਂ ਕਰ ਸਕਦਾ।

ਇਹਦੇ ਬਿਨਾਂ ਕੋਈ ਲਾਲਚ ਮੇਰੇ ਦਿਲ ਵਿਚ ਫ਼ਾਂਸੀ ਤੋਂ ਬਚ ਰਹਿਣ ਲਈ ਕਦੇ ਨਹੀਂ ਆਇਆ। ਮੈਥੋਂ ਵਧ ਖ਼ੁਸ਼ਕਿਸਮਤ ਕੌਣ ਹੋਏਗਾ ? ਮੈਨੂੰ ਅਜ ਕਲ ਆਪਣੇ ਆਪ ਉੱਤੇ ਬਹੁਤ ਨਾਜ਼ ਹੈ। ਮੇਰੇ ਵਿਚ ਹੁਣ ਕੋਈ ਵੀ ਖ਼ਾਹਸ਼ ਬਾਕੀ ਨਹੀਂ ਹੈ। ਹੁਣ ਤਾਂ ਬੜੀ ਬੇਤਾਬੀ ਨਾਲ ਆਖ਼ਰੀ ਇਮਤਿਹਾਨ ਦੀ ਉਡੀਕ ਹੈ। ਆਰਜ਼ੂ ਹੈ ਕਿ ਇਹ ਹੋਰ ਨੇੜੇ ਹੋ ਜਾਏ।

ਤੁਹਾਡਾ ਸਾਥੀ,

**ਭਗਤ ਸਿੰਘ**

( ਸ਼ਹੀਦ ਸੁਖਦੇਵ ਨੂੰ ਖ਼ਤ ਦੀ ਬਾਕੀ )

-ਸਫ਼ਾ 34 ਤੋਂ ਅੱਗੇ-

ਹੀ ਪੈਦਾ ਕੀਤਾ ਜਾ ਸਕਦਾ ਹੈ ਅਤੇ ਕੀਤਾ ਜਾਵੇਗਾ। ਜਿਥੋਂ ਤਕ ਮੇਰੇ ਨੁਕਤਾ-ਨਜ਼ਰ ਦਾ ਸੰਬੰਧ ਹੈ, ਮੈਂ ਤਾਂ ਇਸ ਸੂਰਤ ਵਿਚ ਹੀ ਆਮ ਰਿਹਾਈਆਂ ਤੇ ਮੁਆਫ਼ੀਆਂ ਨੂੰ ਜੀ ਆਇਆਂ ਕਹਿ ਸਕਦਾ ਹਾਂ, ਜਦ ਇਸ ਦਾ ਅਸਰ ਪੱਕਾ ਹੋਵੇ ਅਤੇ ਦੇਸ਼ ਦੇ ਲੋਕਾਂ ਦੇ ਦਿਲਾਂ ਵਿਚ ਸਾਡੀਆਂ ਫ਼ਾਂਸੀਆਂ ਨਾਲ ਬਹੁਤ ਡੂੰਘੇ ਨਕਸ਼ ਪੈ ਜਾਣ। ਬਸ ਏਹੋ ਕੁਝ, ਹੋਰ ਇਸ ਤੋਂ ਕੁਝ ਵਧ ਨਹੀਂ।

ਮੇਰਾ ਖ਼ਿਆਲ ਹੈ ਕਿ ਮੈਂ ਉਨ੍ਹਾਂ ਸਾਰੀਆਂ ਗੱਲਾਂ ਬਾਰੇ ਆਪ ਨੂੰ ਆਪਣੀ ਰਾਏ ਦੱਸ ਦਿਤੀ ਹੈ, ਜਿਨ੍ਹਾਂ ਬਾਰੇ ਤੁਸਾਂ ਆਪਣੀ ਚਿੱਠੀ ਵਿਚ ਲਿਖਿਆ ਸੀ। ਪਰ ਇਸ ਨੂੰ ਖ਼ਤਮ ਕਰਨ ਤੋਂ ਪਹਿਲਾਂ ਮੈਂ ਕੁਝ ਸ਼ਬਦ ਸੂਫ਼ੀ ਜੀ ਦੀ ਖ਼ੁਦਕਸ਼ੀ ਬਾਰੇ ਵੀ ਕਹਿਣਾ ਚਾਹੁੰਦਾ ਹਾਂ। ਆਪ ਨੂੰ ਦੱਸਾਂ ਕਿ ਸ਼ੁਰੂ ਤੋਂ ਹੀ ਮੈਨੂੰ ਇਸ ਖ਼ੁਦਕਸ਼ੀ ਨੇ ਕਦੀ ਅਪੀਲ ਨਹੀਂ ਕੀਤਾ, ਪਰ ਇਸ ਮਹਾਨ ਇਨਕਲਾਬੀ ਅੰਧਵਿਸ਼ਵਾਸੀ ਚੇਲੇ ਤੇ ਭਗਤ ਹੋਣ ਕਰਕੇ, ਆਪਣੇ ਦਿਲ ਵਿਚ ਇਸ ਬਾਰੇ ਕਮਜ਼ੋਰੀ ਮਹਿਸੂਸ ਕਰਦੇ ਹੋਏ ਵੀ, ਸੂਫ਼ੀ ਜੀ ਦੇ ਇਸ ਆਖ਼ਰੀ ਕੰਮ ਦੀ ਤਾਰੀਫ਼ ਕਰਦਾ ਹਾਂ। ਕਿਸੇ ਖੰਬੇ ਨਾਲ ਬੰਨ੍ਹ ਕੇ ਗੋਲੀ ਮਾਰ ਕੇ ਮਾਰ ਦੇਣਾ, ਫ਼ਾਂਸੀ ਦਿਤੇ ਜਾਣਾ ਜਾਂ ਜਲਾਦ ਦੇ ਹੱਥੀਂ ਬਿਜਲੀ ਨਾਲ ਸਜ਼ਾਏ ਮੌਤ ਪਾਉਣਾ ਹੋਰ ਚੀਜ਼ ਹੈ ਅਤੇ ਜ਼ਹਿਰ ਖਾ ਕੇ ਜਾਂ ਕਿਸੇ ਹੋਰ ਤਰੀਕੇ ਨਾਲ ਖ਼ੁਦਕਸ਼ੀ ਕਰਨਾ ਬਿਲਕੁਲ ਵੱਖਰੀ ਚੀਜ਼ ਹੈ। ਖ਼ੁਦਕਸ਼ੀ ਤਾਂ ਸਿਰਫ਼ ਕੁਝ ਇਕ ਗਿਣੇ-ਗਿਣੇ ਹਾਲਤਾਂ ਵਿਚ ਹੀ ਜਦ ਕਿ ਇਹ ਇਨਸਾਨੀਅਤ ਵਾਸਤੇ ਜ਼ਿਆਦਾ ਫ਼ੈਦੇਮੰਦ ਹੋ ਸਕਦੀ ਹੋਵੇ, ਜਾਇਜ਼ ਸਮਝੀ ਜਾ ਸਕਦੀ ਹੈ। ਇਰਾਕ ਦੇ ਵਜ਼ੀਰ ਦੀ ਖ਼ੁਦਕਸ਼ੀ ਵਾਕਿਆ ਹੀ ਬਹੁਤ ਦਰਦਨਾਕ ਹੈ ਅਤੇ ਜਾਇਜ਼ ਹੈ, ਕਿਉਂਕਿ ਉਸ ਨੇ ਆਪਣੀ ਕੌਮ ਨੂੰ ਜਗਾਣ ਤੇ ਉਨ੍ਹਾਂ ਨੂੰ ਆਪਣੇ ਫ਼ਰਜ਼ ਨੂੰ ਮਹਿਸੂਸ ਕਰਾਣ ਲਈ ਜਾਨ ਦਿਤੀ ਸੀ। ਉਹ ਇਸ ਦੇ ਇਲਾਵਾ ਹੋਰ ਕਰ ਵੀ ਕੀ ਸਕਦਾ ਸੀ, ਕਿਉਂਕਿ ਉਸ ਦੇ ਦੇਸ਼ ਦੇ ਲੋਕ ਆਮ ਤੌਰ ਤੇ ਵਿਸ਼ਵਾਸ ਨਹੀਂ ਕਰਦੇ ਸਨ। ਪਰ ਏਥੇ ਤਾਂ ਇਹੋ ਜਿਹੇ ਪੇਚੀਦਾ ਤੇ ਗੁੰਝਲਦਾਰ ਹਾਲਾਤ ਬਿਲਕੁਲ ਨਹੀਂ ਹਨ। ਇਸ ਕਰਕੇ ਇਸ ਕਿਸਮ ਦੇ ਖ਼ਿਆਲ ਤੇ ਸਿਰਫ਼ ਵਿਚਾਰ ਕਰਨਾ ਵੀ ਮੈਨੂੰ ਨਫ਼ਰਤ ਦੇ ਕਾਬਲ ਲਗਦਾ ਹੈ।

**ਭਗਤ ਸਿੰਘ**

# 1. ਭਰਾ/ ਦੋਸਤ ਨੂੰ ਖ਼ਤ ( ਸ਼ਹੀਦ ਸੁਖਦੇਵ)

(7 ਅਕਤੂਬਰ 1930 ਨੂੰ ਤਲਾਸ਼ੀ ਵਿੱਚ ਫੜੀ ਗਈ ਚਿੱਠੀ ਜੋ 26 ਮਾਰਚ 1931 ਨੂੰ ਪੰਜਾਬ ਸਰਕਾਰ ਦੇ ਪ੍ਰੈੱਸ ਕਮਨਿਕ 'ਚ ਛਪੀ)

ਮੇਰੇ ਵੀਰ,

ਦੇਰ ਤੋਂ ਕੁਝ ਭਾਵਨਾਵਾਂ ਦਿਲ ਵਿਚ ਉਠ ਰਹੀਆਂ ਸਨ, ਜਿਨ੍ਹਾਂ ਨੂੰ ਕੁਝ ਕਾਰਣਾਂ ਕਰਕੇ ਹੁਣ ਤਕ ਮੈਂ ਦਬਾਈ ਰਖਿਆ ਸੀ। ਪਰ ਹੁਣ ਜ਼ਿਆਦਾ ਨਹੀਂ ਦਬਾ ਸਕਦਾ। ਦਬਾ ਸਕਦਾ ਹੀ ਨਹੀਂ, ਸਗੋਂ ਉਨ੍ਹਾਂ ਨੂੰ ਦਬਾਉਣਾ ਉਚਿਤ ਵੀ ਨਹੀਂ ਸਮਝਦਾ। ਕਹਿ ਨਹੀਂ ਸਕਦਾ ਮੇਰੇ ਇਸ ਤਰ੍ਹਾਂ ਭਾਵ ਪਰਗਟ ਕਰਨ ਨੂੰ ਤੁਸੀਂ ਚੰਗਾ ਸਮਝੋ ਜਾਂ ਬੁਰਾ। ਇਨ੍ਹਾਂ ਨੂੰ ਕੁਝ ਮਹੱਤਵ ਦਿਓਗੇ ਜਾਂ ਨਹੀਂ, ਇਹ ਤੁਹਾਡੇ ਅਨੁਕੂਲ ਹੋਣ ਜਾਂ ਨਹੀਂ। ਤੁਸੀਂ ਇਨ੍ਹਾਂ ਨਾਲ ਸਹਿਮਤ ਹੋਵੋਗੇ ਜਾਂ ਨਹੀਂ। ਪਰ ਮੈਂ ਤਾਂ ਉਹੀ ਕਰ ਰਿਹਾ ਹਾਂ, ਜੋ ਮੈਨੂੰ ਠੀਕ ਲਗ ਰਿਹਾ ਹੈ। ਤੁਸੀਂ ਇਨ੍ਹਾਂ ਨੂੰ ਗ੍ਰਹਿਣ ਕਰਨਾ ਚਾਹੋ, ਕਰੋ, ਇਹ ਤੁਹਾਡੀ ਇੱਛਾ ਹੈ। ਅਤੇ ਜੇ ਤੁਸੀਂ ਇਹਦਾ ਜਵਾਬ ਦੇਣਾ ਚਾਹੋ, ਤਾਂ ਬੜੀ ਚੰਗੀ ਗੱਲ ਹੋਵੇ। ਇਸ ਨਾਲ ਇਹ ਲਾਭ ਹੋਵੇਗਾ ਕਿ ਮੇਰੇ ਵਿਚਾਰ ਵੀ ਕੁਝ ਸਾਫ਼ ਹੋ ਜਾਣਗੇ ਅਤੇ ਮੈਨੂੰ ਇਸ ਗੱਲ ਦੀ ਤਸੱਲੀ ਵੀ ਹੋ ਜਾਏਗੀ ਕਿ ਜੇਲ ਦੀ ਚਾਰ-ਦੀਵਾਰੀ ਨੇ ਮੇਰੀ **ਠੀਕ ਠੀਕ judge ਕਰਨ ਦੀ ਸ਼ਕਤੀ ਤੋਂ ਵਾਂਝਿਤ ਨਹੀਂ ਕਰ ਦਿੱਤਾ** ਅਤੇ **ਸਰਗਰਮ ਜੀਵਨ ਤੋਂ ਵੱਖ ਹੋ ਜਾਣ ਤੇ ਮੈਂ idle ਅਤੇ ਹਵਾਈ ਕਿਲੇ ਬਨਾਉਣ ਦਾ ਆਦੀ ਨਹੀਂ ਹੋ ਗਿਆ ਹਾਂ।** (ਸਤਰਾਂ ਉੱਤੇ ਜ਼ੋਰ ਮੂਲ ਚਿੱਠੀ ਵਿਚ ਹੈ—ਸੰਪਾਦਕ)

ਜਦ ਤੋਂ ਅਸੀਂ ਜੇਲ ਵਿਚ ਆਏ ਹਾਂ, ਬਾਹਰ ਦਾ ਮਾਹੌਲ ਬਹੁਤ ਗਰਮ ਹੋ ਰਿਹਾ ਹੈ। ਜਿਥੋਂ ਤਕ ਐਕਸ਼ਨਾਂ ਦਾ ਸੰਬੰਧ ਹੈ, ਪਤਰਾਂ ਰਾਹੀਂ ਪਤਾ ਚਲਦਾ ਹੈ ਕਿ ਕਰੀਬ ਹਰ ਇਕ ਸੂਬੇ ਵਿਚ ਖ਼ਾਸ ਕਰ ਪੰਜਾਬ ਅਤੇ ਬੰਗਾਲ ਵਿਚ ਤਾਂ ਹਦ ਹੀ ਹੋ ਗਈ ਹੈ। ਬੰਬ ਤਾਂ ਇਕ ਸਾਧਾਰਣ ਜਿਹੀ ਗੱਲ ਹੋ ਗਈ ਹੈ। ਬੰਬ ਰਾਹੀਂ ਏਨੇ ਐਕਸ਼ਨ ਸਾਡੇ ਇਤਿਹਾਸ ਵਿਚ ਸ਼ਾਇਦ ਹੀ ਕਦੇ ਹੋਏ ਹੋਣਗੇ। ਇਨ੍ਹਾਂ ਐਕਸ਼ਨਾਂ ਬਾਰੇ ਹੀ ਮੈਂ ਇਥੇ ਤੁਹਾਨੂੰ ਕਹਿਣਾ ਚਾਹੁੰਦਾ ਹਾਂ। ਇਸ ਬਾਰੇ ਐਕਸ਼ਨਾਂ ਦੇ ਸੰਬੰਧ ਵਿਚ ਸਾਡੀ ਪਾਲਸੀ ਕੀ ਸੀ, ਤੁਹਾਡੇ ਸਾਹਮਣੇ ਰੱਖਾਂਗਾ। ਉਸ ਤੋਂ ਮਗਰੋਂ ਐਕਸ਼ਨਾਂ ਦੇ ਸੰਬੰਧ ਵਿਚ ਤੁਹਾਡੇ ਨਾਲ ਵਿਚਾਰ ਕਰਾਂਗਾ।

ਅਸੀਂ ਕੁਲ ਦੋ ਐਕਸ਼ਨ ਕਰ ਸਕੇ। ਇਕ ਸਾਂਡਰਸ ਕਤਲ, ਦੂਸਰਾ ਅਸੈਂਬਲੀ ਬੰਬ। ਇਸ ਤੋਂ ਬਿਨਾਂ ਅਸੀਂ ਦੋ-ਤਿੰਨ ਹੋਰ ਐਕਸ਼ਨ ਕਰਨ ਦੀ ਕੋਸ਼ਿਸ਼ ਕੀਤੀ ਸੀ, ਭਾਵੇਂ ਉਨ੍ਹਾਂ ਵਿਚ ਸਫਲਤਾ ਪਰਾਪਤ ਨਹੀਂ ਹੋਈ। ਇਨ੍ਹਾਂ ਦੇ ਸੰਬੰਧ ਵਿਚ ਮੈਂ ਇੰਨਾ ਕਹਿ ਸਕਦਾ ਹਾਂ ਕਿ ਸਾਡੇ ਐਕਸ਼ਨ ਤਿੰਨ ਤਰ੍ਹਾਂ ਦੇ ਸਨ। 1. ਪ੍ਰਚਾਰ 2. ਧਨ 3. ਖ਼ਾਸ (ਉਚੇਚੇ) ਇਨ੍ਹਾਂ ਤਿੰਨਾਂ ਵਿਚੋਂ ਸਾਡਾ ਮੁਖ ਧਿਆਨ ਪ੍ਰਚਾਰ ਦੇ ਐਕਸ਼ਨਾਂ ਵਲ ਸੀ। ਬਾਕੀ ਦੋਹਵੇਂ ਕਹੇ ਜਾ ਸਕਦੇ ਹਨ। ਇਸ ਤੋਂ ਮੇਰਾ ਮਤਲਬ ਉਨ੍ਹਾਂ ਦੀ ਅਹਿਮੀਅਤ ਘਟ ਕਰਨ ਦਾ ਨਹੀਂ ਹੈ, ਤਾਂ ਵੀ ਸਾਡੀ ਹੋਂਦ ਦਾ ਉਦੇਸ਼ ਪ੍ਰਚਾਰ ਦੇ ਐਕਸ਼ਨ ਕਰਨਾ ਹੀ ਸੀ। ਬਾਕੀ ਦੋਹਵੇਂ ਤਰ੍ਹਾਂ ਦੇ ਐਕਸ਼ਨ ਸਾਡਾ ਉਦੇਸ਼ ਨਹੀਂ ਸਨ, ਸਗੋਂ ਉਦੇਸ਼ ਦੀ ਪੂਰਤੀ ਲਈ ਜ਼ਰੂਰੀ। ਇਨ੍ਹਾਂ ਤਿੰਨਾਂ ਨੂੰ ਸਾਫ਼ ਕਰਨ ਲਈ 1. ਅਸੈਂਬਲੀ ਐਕਸ਼ਨ 2. ਪੰਜਾਬ ਨੈਸ਼ਨਲ ਬੈਂਕ ਡਕੈਤੀ 3. ਯੋਗੇਸ਼ ਚੰਦ੍ਰ ਚੈਟਰਜੀ ਨੂੰ ਛੁਡਾਉਣ ਦੀ ਕੋਸ਼ਿਸ਼।

ਤੁਹਾਡੇ ਸਾਹਮਣੇ ਰਖਦਾ ਹਾਂ।

" ਪਿਛਲ ਦੋ ਤਰ੍ਹਾਂ ਦੇ ਐਕਸ਼ਨਾਂ ਨੂੰ ਛੱਡ ਕੇ ਮੈਂ ਪ੍ਰਚਾਰ-ਐਕਸ਼ਨਾਂ ਬਾਰੇ ਇਥੇ ਗੱਲ ਕਰਨੀ ਚਾਹੁੰਦਾ ਹਾਂ। ਪ੍ਰਚਾਰ ਸ਼ਬਦ ਤੋਂ ਸ਼ਾਇਦ ਇਨ੍ਹਾਂ ਐਕਸ਼ਨਾਂ ਨੂੰ ਠੀਕ ਠੀਕ ਨਹੀਂ ਸਮਝਿਆ ਜਾ ਸਕਦਾ। ਦਰਅਸਲ ਮਤਲਬ ਇਹ ਹੈ ਕਿ ਸਾਡੇ ਇਹ ਐਕਸ਼ਨ ਸਾਡੀ ਜਨਤਾ ਦੀਆਂ ਇਛਾਵਾਂ ਦੇ ਅਨੁਕੂਲ ਹੁੰਦੇ ਸਨ। ਮਿਸਾਲ ਵਜੋਂ ਸਾਂਡਰਸ ਕਤਲ ਨੂੰ ਲਓ। ਲਾਲੇ ਤੇ ਲਾਠੀਆਂ ਵਰ੍ਹਨ ਨਾਲ ਅਸੀਂ ਦੇਖਿਆ ਕਿ ਦੇਸ਼ ਵਿਚ ਇਸ ਦੇ ਕਾਰਣ ਬਹੁਤ ਹਲਚਲ ਹੈ। ਇਸ 'ਤੇ ਸਰਕਾਰ ਦੇ ਰਵੱਈਏ ਨੇ ਬਲਦੀ 'ਤੇ ਤੇਲ ਦਾ ਕੰਮ ਦਿੱਤਾ। ਲੋਕ ਬਹੁਤ ਨਾਰਾਜ਼ ਹੋ ਗਏ। ਜਨਤਾ ਦਾ ਧਿਆਨ ਇਨਕਲਾਬੀਆਂ ਵਲ ਖਿੱਚਣ ਲਈ ਸਾਡੇ ਲਈ ਇਹ ਬਹੁਤ ਚੰਗਾ ਮੌਕਾ ਸੀ। ਪਹਿਲਾਂ ਅਸੀਂ ਸੋਚਿਆ ਸੀ ਕਿ ਇਕ ਜਣਾ ਪਿਸਤੌਲ ਲੈ ਕੇ ਜਾਏ ਅਤੇ ਸਕਾਟ ਨੂੰ ਮਾਰ ਕੇ ਆਪਣੇ ਆਪ ਨੂੰ ਓਥੇ ਹੀ ਪੇਸ਼ ਕਰ ਦੇਵੇ। ਫਿਰ ਬਿਆਨ ਵਿਚ ਇਹ ਆਖ ਦੇਵੇ ਕਿ ਕੌਮੀ ਅਪਮਾਨ ਦਾ ਬਦਲਾ, ਜਦ ਤਕ ਇਨਕਲਾਬੀ ਜੀਊਂਦੇ ਹਨ, ਏਸੇ ਤਰ੍ਹਾਂ ਲਿਆ ਜਾ ਸਕਦਾ ਹੈ। ਪਰ ਤੁਹਾਡੇ ਕੋਲ ਮਨੁੱਖ-ਸ਼ਕਤੀ ਘਟ ਹੋਣ ਕਾਰਣ ਤਿੰਨ ਆਦਮੀਆਂ ਨੂੰ ਭੇਜਣਾ ਉਚਿਤ ਸਮਝਿਆ ਗਿਆ। ਇਸ ਵਿਚ ਵੀ ਬਚ ਕੇ ਨਿਕਲ ਆਉਣ ਦੀ ਆਸ ਦਾ ਵਿਚਾਰ ਮੁੱਖ ਨਹੀਂ ਸੀ। ਇਹਦੀ ਤਾਂ ਆਸ ਵੀ ਓਹੀ ਸੀ। ਸਾਡਾ ਵਿਚਾਰ ਇਹ ਸੀ ਕਿ ਕਤਲ ਮਗਰੋਂ ਜੇ ਪੁਲਸ ਪਿੱਛਾ ਕਰੇ, ਤਾਂ ਖ਼ੂਬ ਮੁਕਾਬਲਾ ਕੀਤਾ ਜਾਏ। ਜੋ ਇਸ ਮੁਕਾਬਲੇ ਵਿਚ ਬਚ ਜਾਵੇ ਅਤੇ ਫੜਿਆ ਜਾਵੇ ਤਾਂ ਬਿਆਨ ਦੇ ਦੇਵੇ। ਇਸੇ ਵਿਚਾਰ ਨਾਲ ਨੱਠ ਕੇ ਡੀ. ਏ. ਵੀ. ਕਾਲਜ ਬੋਰਡਿੰਗ ਦੀ ਛੱਤ ਉੱਤੇ ਚੜ੍ਹ ਗਏ ਸੀ। ਐਕਸ਼ਨ ਵੇਲੇ ਇਹ ਪ੍ਰਬੰਧ ਸੀ ਕਿ ਭਗਤ ਸਿੰਘ ਜੋ ਸਕਾਟ ਨੂੰ ਪਛਾਣਦਾ ਸੀ, ਪਹਿਲੀ ਗੋਲੀ ਚਲਾਏ ਅਤੇ ਰਾਜਗੁਰੂ ਥੋੜੀ ਦੂਰ ਉਹਦੀ ਹਿਫ਼ਾਜ਼ਤ ਕਰੇ। ਜੇ ਭਗਤ ਸਿੰਘ ਉਤੇ ਕੋਈ ਹਮਲਾ ਕਰੇ ਤਾਂ ਰਾਜਗੁਰੂ ਉਸਨੂੰ ਰੋਕੇ। ਇਸ ਤੋਂ ਪਿਛੋਂ ਇਹ ਦੋਹਵੇਂ ਓਥੋਂ ਨੱਠਣ ਅਤੇ ਕਿਉਂਕਿ ਨਠਦਿਆਂ ਹੋਇਆਂ ਮੁੜ ਕੇ ਪਿੱਛਾ ਕਰਨ ਵਾਲੇ ਤੇ ਨਿਸ਼ਾਨਾ ਨਹੀਂ ਲਿਆ ਜਾ ਸਕਦਾ, ਇਸ ਲਈ ਪੰਡਤ ਜੀ ਨੂੰ ਇਨ੍ਹਾਂ ਦੋਹਵਾਂ ਦੀ ਹਿਫ਼ਾਜ਼ਤ ਦੇ ਨਿਮਿਤ ਪਿਛੇ ਖੜ੍ਹਾ ਕੀਤਾ ਸੀ। ਇਹਦੇ ਨਾਲ ਹੀ ਇਹ ਵਿਚਾਰ ਸਾਡੇ ਸਾਹਮਣੇ ਸੀ

ਕਿ ਆਪ ਬਚਣ ਦੀ ਥਾਂ ਉਹਨੂੰ ਮਾਰਨ ਦਾ ਜ਼ਿਆਦਾ ਧਿਆਨ ਰਖਣਾ ਹੈ। ਅਸੀਂ ਇਹ ਵੀ ਨਹੀਂ ਸਾਂ ਚਾਹੁੰਦੇ ਕਿ ਜਿਸ ਉੱਤੇ ਗੋਲੀ ਚਲਾਈ ਜਾਏ, ਉਹ ਹਸਪਤਾਲ ਜਾ ਕੇ ਮਰੇ। ਇਸੇ ਲਈ ਰਾਜਗੁਰੂ ਵਲੋਂ ਗੋਲੀ ਮਾਰਨ ਮਗਰੋਂ ਵੀ ਭਗਤ ਸਿੰਘ ਨੇ ਓਦੋਂ ਤਕ ਗੋਲੀ ਚਲਾਉਣੀ ਬੰਦ ਨਹੀਂ ਕੀਤੀ ਜਦੋਂ ਤਕ ਉਹਨੂੰ ਤਸੱਲੀ ਨਹੀਂ ਹੋ ਗਈ ਕਿ ਉਹ ਮਰ ਗਿਆ ਹੈ।

ਮਾਰ ਕੇ ਨੱਠ ਆਉਣਾ ਹੀ ਸਾਡਾ ਉਦੇਸ਼ ਨਹੀਂ ਸੀ। ਅਸੀਂ ਤਾਂ ਇਹ ਚਾਹੁੰਦੇ ਸਾਂ ਕਿ ਦੇਸ਼ ਜਾਗ ਪਏ ਕਿ ਇਹ ਸਿਆਸੀ ਕਤਲ ਹੈ ਅਤੇ ਇਸ ਐਕਸ਼ਨ ਨੂੰ ਕਰਨ ਵਾਲੇ ਇਨਕਲਾਬੀ ਹਨ, ਨਾਕਿ ਮਲੰਗੀ ਦੇ ਸਾਥੀ। ਇਸ ਲਈ ਉਸ ਤੋਂ ਬਾਅਦ ਅਸੀਂ ਇਸ਼ਤਿਹਾਰ ਲਾਏ ਅਤੇ ਕੁਝ ਇਸ਼ਤਿਹਾਰ ਅਖਬਾਰ ਵਾਲਿਆਂ ਨੂੰ ਛਾਪਣ ਲਈ ਭੇਜੇ। ਅਫ਼ਸੋਸ ਸਾਡੇ ਨੇਤਾਵਾਂ ਅਤੇ ਅਖਬਾਰ ਵਾਲਿਆਂ ਨੇ ਸਾਡੀ ਇਸ ਸੰਬੰਧ ਵਿਚ ਕੋਈ ਸਹਾਇਤਾ ਨਹੀਂ ਕੀਤੀ ਅਤੇ ਸਰਕਾਰ ਨੂੰ ਧੋਖੇ ਵਿਚ ਰਖਣ ਦੇ ਵਿਚਾਰ ਨਾਲ ਦੇਸ਼-ਵਾਸੀਆਂ ਨੂੰ ਧੋਖਾ ਦਿਤਾ। ਅਸੀਂ ਤਾਂ ਸਿਰਫ਼ ਏਨਾ ਹੀ ਚਾਹੁੰਦੇ ਸਾਂ ਕਿ ਉਹ ਇਸ ਬਾਰੇ ਗੋਲਮੋਲ ਕਰਕੇ ਲਿਖ ਦੇਣ ਕਿ ਇਹ ਸਿਆਸੀ ਕਤਲ ਹੈ ਅਤੇ ਸਰਕਾਰ ਦੀ ਨੀਤੀ ਦਾ ਹੀ ਸਿੱਟਾ ਹੈ, ਇਜੇਹੇ ਐਕਸ਼ਨਾਂ ਲਈ ਉਹ ਜ਼ਿੰਮੇਦਾਰ ਹੈ। ਪਰ ਉਹਨਾਂ ਨੇ ਜਾਣ ਬੁਝ ਕੇ ਮੇਰੇ ਬਾਰ ਬਾਰ ਕਹਿਣ ਦੇ ਬਾਵਜੂਦ ਵੀ ਇੰਜ ਕਰਨ ਦੀ ਹਿੰਮਤ ਨਹੀਂ ਕੀਤੀ। ਚੰਗਾ ਹੋਇਆ ਅਸੀਂ ਫੜੇ ਗਏ ਅਤੇ ਦੇਸ਼ ਸਾਹਮਣੇ ਸਭ ਕੁਝ ਪਰਗਟ ਹੋ ਗਿਆ। ਮੈਂ ਤਾਂ ਭਰਾਵਾ ਆਪਣੇ ਫੜੇ ਜਾਣ ਨੂੰ ਖ਼ੁਸ਼ਕਿਸਮਤੀ ਸਮਝਦਾ ਹਾਂ।

ਸਿਰਫ਼ ਦਿਸੇ ਲਈ ਇਸ ਐਕਸ਼ਨ ਦੀ ਖ਼ਾਸੀਅਤ ਨੂੰ ਸਾਫ਼ ਕਰਨ ਮਗਰੋਂ ਹੁਣ ਮੈਂ ਇਸ ਨੀਤੀ ਨੂੰ (ਨੋਟ : ਹੁਣੇ ਹੀ ਪਤਾ ਲੱਗਾ ਹੈ ਕਿ ਅੱਜ ਫ਼ੈਸਲਾ ਹੋਵੇਗਾ। ਚਲਣਾ ਹੈ ਜਾਂ ਨਹੀਂ, ਇਹ ਪੁਛਣ ਲਈ ਖ਼ਾਂ ਸਾਹਿਬ ਅਤੇ ਬਖ਼ਸ਼ੀ ਜੀ ਆਏ ਹਨ। ਅਸੀਂ ਸਾਰਿਆਂ ਨੇ ਇਨਕਾਰ ਕਰ ਦਿੱਤਾ ਹੈ) ਰੱਖਣਾ ਚਾਹੁੰਦਾ ਹਾਂ। ਸਾਡਾ ਵਿਚਾਰ ਸੀ ਕਿ ਸਾਡੇ ਐਕਸ਼ਨ ਜਨਤਾ ਦੀਆਂ ਇਛਾਵਾਂ ਅਤੇ ਸਰਕਾਰੀ ਜਬਰ ਦੇ ਜਵਾਬ ਵਿਚ ਹੋਣੇ ਚਾਹੀਦੇ ਹਨ, ਤਾਂਕਿ ਅਸੀਂ ਜਨਤਾ ਨੂੰ ਆਪਣੇ ਨਾਲ ਲੈ ਸਕੀਏ ਅਤੇ ਜਨਤਾ ਸਾਡੇ ਨਾਲ ਹਮਦਰਦੀ ਅਤੇ ਸਹਾਇਤਾ ਦਿਖਾਉਣ ਲਈ ਤਿਆਰ ਹੋ ਜਾਏ। ਇਹਦੇ ਨਾਲ ਨਾਲ ਸਾਡਾ ਇਹ ਵਿਚਾਰ ਸੀ ਕਿ ਇਨਕਲਾਬੀ ਆਦਰਸ਼ ਅਤੇ ਦਾਅਪੇਚਾਂ ਨੂੰ ਲੋਕਾਂ ਵਿਚ ਫੈਲਾਇਆ ਜਾਵੇ ਅਤੇ ਇਹ ਉਹਦੇ ਮੂੰਹੋਂ ਜ਼ਿਆਦਾ ਚੰਗੀਆਂ ਲਗਦੀਆਂ ਹਨ, ਜੋ ਇਹਦੀ ਖ਼ਾਤਰ ਫ਼ਾਂਸੀ ਦੇ ਤਖ਼ਤੇ ਉੱਤੇ ਖੜਾ ਹੋਵੇ। ਤੀਜਾ ਉਦੇਸ਼ ਇਹ ਸੀ ਕਿ ਸਰਕਾਰ ਨਾਲ ਸਿੱਧੀ ਟੱਕਰ ਲੈਣ ਨਾਲ ਸਾਡੀ ਜੱਥੇਬੰਦੀ ਇਕ ਨਿਸ਼ਚਿਤ ਪ੍ਰੋਗਰਾਮ ਆਪਣੇ ਲਈ ਬਣਾ ਸਕੇਗੀ।

... ... ... ...

ਬਾਕੀ ਦੋ ਤਰ੍ਹਾਂ ਦੇ ਐਕਸ਼ਨਾਂ ਦੇ ਸੰਬੰਧ ਵਿਚ ਮੈਂ ਕੁਝ ਜ਼ਿਆਦਾ ਨਹੀਂ ਕਹਿਣਾ ਚਾਹੁੰਦਾ।.........ਲਈ ਏਨਾ ਜ਼ਰੂਰੀ ਹੋਣਾ ਚਾਹੀਦਾ ਹੈ ਕਿ ਬੰਗਾਲ ਵਾਲਿਆਂ ਦੀ ਤਰ੍ਹਾਂ ਡਕੈਤੀਆਂ ਵਿਚ ਜ਼ਿਆਦਾ ਤਾਕਤ ਅਤੇ ਧਿਆਨ ਦੇਣਾ ਠੀਕ ਨਹੀਂ ਹੈ। ਨਾਲ ਹੀ ਛੋਟੀਆਂ ਛੋਟੀਆਂ ਡਕੈਤੀਆਂ ਫ਼ਾਇਦੇਮੰਦ ਸਿੱਧ ਨਹੀਂ ਹੋਈਆਂ। ਇਸ ਲਈ ਅਸੀਂ ਸਭ ਕੁਝ ਦੇ ਕੇ ਵੀ ਜੂਆ ਖੇਲਣ ਲਈ ਤਿਆਰ ਹੋ ਗਏ ਸੀ, ਤਾਂ ਕਿ ਜੇ ਬਚ ਗਏ ਤਾਂ ਚੰਗੀ ਤਰ੍ਹਾਂ ਨਿਸ਼ਚਿੰਤ ਹੋ ਕੇ ਆਪਣਾ ਕੰਮ ਕਰਦੇ ਜਾਵਾਂਗੇ ਅਤੇ ਪੈਸੇ ਦੀ ਸਮੱਸਿਆ ਨੂੰ ਅਸੀਂ ਇਕ ਬੰਬ ਰਿਸਕ (Risk) ਲੈ ਕੇ ਹਲ ਕਰਾਂਗੇ। ਸਾਂਡਰਸ ਦੇ ਕਤਲ ਮਗਰੋਂ ਤਾਂ ਸਾਨੂੰ ਪੈਸੇ ਲਈ ਜ਼ਿਆਦਾ ਚਿੰਤਾ ਵੀ ਨਹੀਂ ਕਰਨੀ ਪਈ। ਆਮ ਡਕੈਤੀਆਂ ਵਿਚ ਜਿੰਨਾ ਪੈਸਾ ਸਾਨੂੰ ਨਹੀਂ ਮਿਲਦਾ, ਓਨਾ ਅਸੀਂ ਚੁਪਚਾਪ ਇਕੱਠਾ ਕਰ ਲੈਂਦੇ ਹੁੰਦੇ ਸਾਂ। ਅੱਜ ਤੋਂ ਉਸ ਨਾਲੋਂ ਕਿਤੇ ਆਸਾਨੀ ਹੈ। ਖ਼ਾਸ ਐਕਸ਼ਨ ਜ਼ਰੂਰੀ ਹੁੰਦੇ ਹਨ, ਪਰ ਉਸੇ ਹਾਲਤ ਵਿਚ ਜਦ ਬਹੁਤ ਹੀ ਜ਼ਿਆਦਾ ਜ਼ਰੂਰੀ ਹੋਣ। ਹਾਂ, ਇਨ੍ਹਾਂ ਦੀ ਗਿਣਤੀ ਬਹੁਤ ਘਟ ਹੋਣੀ ਚਾਹੀਦੀ ਹੈ।

... ... ... ...

ਹੁਣ ਮੈਂ ਉਨ੍ਹਾਂ ਐਕਸ਼ਨਾਂ ਸੰਬੰਧੀ ਕੁਝ ਕਹਿਣਾ ਚਾਹੁੰਦਾ ਹਾਂ, ਜੋ ਸਾਡੇ ਮਗਰੋਂ ਕੀਤੇ ਗਏ। ਵਾਇਸਰਾਏ ਦੀ ਗੱਡੀ ਨੂੰ ਉਡਾਉਣ ਦੀ ਕੋਸ਼ਿਸ਼ ਤੋਂ ਬਿਨਾਂ ਬੰਬਾਂ ਰਾਹੀਂ ਕਈ ਐਕਸ਼ਨ ਹੋਏ ਹਨ। ਇਨ੍ਹਾਂ ਵਿਚ ਇਕ ਖ਼ਾਸ ਤਰ੍ਹਾਂ ਦੇ ਐਕਸ਼ਨ ਹੋਏ ਹਨ। ਅਰਥਾਤ ਬੰਬ ਰਸਤੇ ਵਿਚ ਰਖ ਆਏ ਜਾਂ ਜੋ ਐਕਸ਼ਨ ਪੰਜਾਬ ਦੇ ਚਾਰ ਪੰਜ ਸ਼ਹਿਰਾਂ ਵਿਚ ਇਕੋ ਵੇਲੇ ਹੋਏ ਹਨ। ਮੈਨੂੰ ਸਮਝ ਨਹੀਂ ਆਈ ਕਿ ਇਹ ਐਕਸ਼ਨ ਕਿਸ ਵਿਚਾਰ ਨਾਲ ਕੀਤੇ ਗਏ ਹਨ। ਜਿਥੋਂ ਤਕ ਮੈਂ ਅਨੁਭਵ ਕਰਦਾ ਹਾਂ, ਜਨਤਾ ਵਿਚ ਇਜੇਹੇ ਐਕਸ਼ਨਾਂ ਨਾਲ ਕੁਝ ਖ਼ਾਸ ਜਾਗ੍ਰਤੀ ਤਾਂ ਆਉਂਦੀ ਨਹੀਂ ਹੈ। ਜੇ ਘਰਕਾਉਣ ਦਾ ਵਿਚਾਰ ਸੀ, ਤਾਂ ਪੁਛਣਾ ਚਾਹੁੰਦਾ ਹਾਂ ਕਿ ਤੁਸੀਂ ਲਿਖਣਾ ਕਿ ਇਨ੍ਹਾਂ ਐਕਸ਼ਨਾਂ ਨੇ ਇਸ ਉਦੇਸ਼ ਦੀ ਪੂਰਤੀ ਕਿਥੋਂ ਤਕ ਕੀਤੀ ਹੈ। ਇਸ ਸੰਬੰਧ ਵਿਚ ਚਿਟਾਗਾਂਗ ਵਾਲੇ ਐਕਸ਼ਨ ਦੀ ਇਥੇ ਮੈਂ ਪ੍ਰਸ਼ੰਸਾ ਨਹੀਂ ਕਰਨੀ ਚਾਹੁੰਦਾ।

(ਅਪੂਰਣ, ਮੂਲ ਹਿੰਦੀ ਤੋਂ) **ਸੁਖਦੇਵ**

**ਰਚਨਾਵਾਂ ਤੇ ਸੁਝਾ ਭੇਜਣ ਦਾ ਪਤਾ :**
**'ਵਤਨੋਂ ਦੂਰ'**
P. O. BOX 1041
Coquitlam, B. C. Canada

# ੮. ਮਹਾਤਮਾ ਗਾਂਧੀ ਨੂੰ ਖ਼ਤ ( ਸ਼ਹੀਦ ਸੁਖਦੇਵ )

( 20 ਮਾਰਚ 1931 ਦੀ ਲਿਖਤ ਜੋ 29 ਮਾਰਚ 1931 ਨੂੰ ਸਪਤਾਹਕ 'ਪੀਪਲ' ਲਾਹੌਰ ਵਿੱਚ ਛਪੀ )

ਮਾਨਯੋਗ ਮਹਾਤਮਾ ਜੀ,

ਅਜ ਕਲ ਦੀਆਂ ਤਾਜ਼ੀਆਂ ਖਬਰਾਂ ਤੋਂ ਮਾਲੂਮ ਹੁੰਦਾ ਹੈ ਕਿ ਸੰਧੀ ਚਰਚਾ ਦੇ ਪਿਛੋਂ ਤੁਸੀਂ ਕਰਾਂਤੀਕਾਰੀਆਂ ਦੇ ਨਾਂ ਕਈ ਅਪੀਲਾਂ ਕਢੀਆਂ ਹਨ। ਤੁਸੀਂ ਅਪੀਲਾਂ ਵਿਚ ਆਪਣੇ ਉਨ੍ਹਾਂ ਨੂੰ ਘਟੋ ਘੱਟ ਵਰਤਮਾਨ ਸਮੇਂ ਲਈ ਕਰਾਂਤੀਕਾਰੀ ਅੰਦੋਲਨ ਰੋਕ ਦੇਣ ਲਈ ਕਿਹਾ ਹੈ ! ਅਸਲ ਗੱਲ ਇਹ ਹੈ ਕਿ ਕਿਸੇ ਅੰਦੋਲਨ ਨੂੰ ਰੋਕ ਦੇਣ ਦਾ ਕੰਮ ਕੋਈ ਸਿਧਾਂਤਕ ਤੇ ਆਪਣੇ ਵਸ ਦੀ ਗੱਲ ਨਹੀਂ ਹੈ। ਸਮੇਂ ਸਮੇਂ ਤੇ ਲੋੜ ਮੁਤਾਬਕ ਅੰਦੋਲਨਾਂ ਦੇ ਨੇਤਾ ਆਪਣੀ ਨੀਤੀ ਤਬਦੀਲ ਕਰਦੇ ਹਨ।

ਸਾਡਾ ਅਨੁਮਾਨ ਹੈ ਕਿ ਸੰਧੀ ਦੀ ਗਲਬਾਤ ਦੇ ਸਮੇਂ ਆਪ ਇਕ ਪਲ ਵੀ ਇਹ ਗੱਲ ਨਹੀਂ ਭੁਲੇ ਹੋਵੋਗੇ ਕਿ ਇਹ ਸਮਝੌਤਾ ਕੋਈ ਸਮਝੌਤਾ ਨਹੀਂ ਹੋ ਸਕਦਾ। ਮੇਰਾ ਖਿਆਲ ਹੈ ਕਿ ਇਹ ਤਾਂ ਸਾਰੇ ਸਮਝਦਾਰ ਇਨਸਾਨ ਸਮਝਦੇ ਹੋਣਗੇ ਕਿ ਆਪਦੇ ਸਾਰੇ ਸੁਧਾਰਾਂ ਨੂੰ ਮੰਨ ਲੈਣ ਤੇ ਵੀ ਦੇਸ਼ ਨੂੰ ਉਸ ਦਾ ਅੰਤਮ ਫਲ਼ ਪਰਾਪਤ ਨਹੀਂ ਹੋਵੇਗਾ। ਲਾਹੌਰ ਕਾਂਗਰਸ ਦੇ ਪਰਸਤਾਵ ਮੁਤਾਬਕ, ਕਾਂਗਰਸ ਆਜ਼ਾਦੀ ਦਾ ਜੰਗ ਤਦ ਤਕ ਚਲਾਣ ਲਈ ਦ੍ਰਿੜ੍ਹ ਹੈ ਜਦ ਤਕ ਪੂਰਣ ਆਜ਼ਾਦੀ ਹਾਸਲ ਨਾ ਹੋ ਜਾਵੇ। ਵਿਚ-ਵਿਚਾਲੇ ਦੀਆਂ ਸੰਧੀਆਂ ਤੇ ਸਮਝੌਤੇ ਤਾਂ ਸਿਰਫ ਪਲ ਭਰ ਲਈ ਟਿਕਾਓ ਹੈ, ਜਿਸ ਵਿਚ ਅਗਲੀ ਲੜਾਈ ਦੇ ਲਈ ਵੱਧ ਤੋਂ ਵੱਧ ਤਾਕਤ ਇਕੱਠੀ ਕਰਨ ਦਾ ਮੌਕਾ ਮਿਲਦਾ ਹੈ। ਸਿਰਫ ਇਸ ਸਿਧਾਂਤ ਤੇ ਹੀ ਕਿਸੇ ਕਿਸਮ ਦੀ ਸੰਧੀ ਜਾਂ ਸਮਝੌਤਾ ਕਰਨ ਦੀ ਸੋਚੀ ਜਾ ਸਕਦੀ ਹੈ। ਸਮਝੌਤੇ ਲਈ ਠੀਕ ਵਕਤ ਤੇ ਸ਼ਰਤਾਂ ਤੇ ਵਿਚਾਰ ਕਰਨ ਦਾ ਕੰਮ ਨੇਤਾਵਾਂ ਦਾ ਹੈ। ਭਾਵੇਂ ਲਾਹੌਰ ਦੇ ਪੂਰਣ ਆਜ਼ਾਦੀ ਵਾਲੇ ਮਤੇ ਦੇ ਹੁੰਦਿਆਂ ਹੋਇਆਂ ਵੀ ਤੁਸਾਂ ਆਪਣਾ ਅੰਦੋਲਨ ਰੋਕ ਲਿਆ ਹੈ, ਫਿਰ ਵੀ ਪਰਸਤਾਵ ਉਸੇ ਤਰ੍ਹਾਂ ਦਾ ਉਸੇ ਤਰ੍ਹਾਂ ਹੀ ਕਾਇਮ ਹੈ। "ਹਿੰਦੁਸਤਾਨ ਸੋਸ਼ਲਿਸਟ ਰੀਪਬਲਿਕਨ ਆਰਮੀ" ਦੇ ਕਰਾਂਤੀਕਾਰੀਆਂ ਦਾ ਮੰਤਵ ਇਸ ਦੇਸ਼ ਵਿਚ ਸਮਾਜਵਾਦੀ ਪ੍ਰਜਾਤੰਤਰ ਤਰੀਕੇ ਦੀ ਸਥਾਪਨਾ ਹੈ। ਇਸ ਮੰਤਵ ਵਿਚ ਸੋਧ ਕਰਨ ਦੀ ਕੋਈ ਗੁੰਜਾਇਸ਼ ਨਹੀਂ ਹੈ। ਉਹ ਤਾਂ ਆਪਣਾ ਸੰਗਰਾਮ ਤਦ ਤਕ ਪੂਰੀ ਤਰ੍ਹਾਂ ਜਾਰੀ ਰੱਖਣ ਲਈ ਮਜਬੂਰ ਹਨ ਜਦ ਤਕ ਕਿ ਇਹ ਮੰਤਵ ਹਾਸਲ ਨਹੀਂ ਹੋ ਜਾਂਦਾ ਤੇ ਇਸ ਆਦਰਸ਼ ਦੀ ਪੂਰੀ ਤਰ੍ਹਾਂ ਸਥਾਪਨਾ ਨਹੀਂ ਹੋ ਜਾਂਦੀ। ਪਰ ਸਮੇਂ ਦੀ ਤਬਦੀਲੀ ਦੇ ਨਾਤ ਨਾਲ, ਉਹ ਆਪਣੀ ਯੁਧ ਨੀਤੀ ਵੀ ਬਦਲਦੇ ਰਹਿਣਾ ਚਾਹੁੰਦੇ ਹਨ। ਕਰਾਂਤੀਕਾਰੀਆਂ ਦਾ ਯੁਧ ਵੱਖ-ਵੱਖ ਮੌਕਿਆਂ ਤੇ ਵੱਖਰਾ-ਵੱਖਰਾ ਰੂਪ ਧਾਰ ਲੈਂਦਾ ਹੈ। ਕਦੀ ਇਹ ਪਰਤੱਖ ਰੂਪ ਵਿਚ ਹੁੰਦਾ ਹੈ ਕਦੀ ਗੁਪਤ ਰੂਪ ਧਾਰ ਲੈਂਦਾ ਹੈ। ਕਦੀ ਸਿਰਫ ਅੰਦੋਲਨ ਜਿਹਾ ਹੀ ਰਹਿ ਜਾਂਦਾ ਹੈ, ਕਦੀ ਜੀਵਨ ਤੇ ਮੌਤ ਦਾ ਭਿਆਨਕ ਸੰਗਰਾਮ ਬਣ ਜਾਂਦਾ ਹੈ। ਵਰਤਮਾਨ ਹਾਲਤਾਂ ਵਿਚ ਕਰਾਂਤੀਕਾਰੀਆਂ ਦੇ ਸਾਹਮਣੇ ਅੰਦੋਲਨ ਰੋਕ ਦੇਣ ਲਈ ਕੁਝ ਵਿਸ਼ੇਸ਼ ਕਾਰਣਾਂ ਦਾ ਹੋਣਾ ਜ਼ਰੂਰੀ ਹੈ। ਪਰ ਤੁਸੀਂ ਸਾਡੇ ਸਾਹਮਣੇ ਐਸਾ ਕੋਈ ਨਿਸ਼ਚਿਤ ਕਾਰਣ ਨਹੀਂ ਰੱਖਿਆ, ਜਿਸ ਤੇ ਵਿਚਾਰ ਕਰਕੇ ਅਸੀਂ ਆਪਣਾ ਅੰਦੋਲਨ ਰੋਕ ਦੇਈਏ। ਸਿਰਫ ਭਾਵਕ ਅਪੀਲਾਂ ਕਰਾਂਤੀਕਾਰੀਆਂ ਦੇ ਸੰਗਰਾਮ ਤੇ ਕੋਈ ਪ੍ਰਭਾਵ ਨਹੀਂ ਪਾ ਸਕਦੀਆਂ।

ਸਮਝੌਤਾ ਕਰਕੇ ਤੁਸੀਂ ਆਪਣਾ ਅੰਦੋਲਨ ਰੋਕ ਲਿਆ ਹੈ। ਜਿਸ ਦੇ ਸਿੱਟੇ ਵਜੋਂ ਤੁਹਾਡੇ ਅੰਦੋਲਨ ਦੇ ਸਾਰੇ ਬੰਦੀ ਛੁੱਟ ਗਏ ਹਨ। ਪਰ ਕਰਾਂਤੀਕਾਰੀ ਬੰਦੀਆਂ ਦੇ ਸੰਬੰਧ ਵਿਚ ਤੁਸੀਂ ਕੀ ਕਹਿਣਾ ਹੈ ? 1915 ਦੇ ਗਦਰ ਪਾਰਟੀ ਦੇ ਬੰਦੀ ਅੱਜ ਵੀ ਜੇਲ੍ਹਾਂ ਵਿਚ ਪਏ ਸੜ ਰਹੇ ਹਨ, ਜਦ ਕਿ ਉਨ੍ਹਾਂ ਦੀਆਂ ਸਜ਼ਾਵਾਂ ਪੂਰੀਆਂ ਹੋ ਚੁਕੀਆਂ ਹਨ। ਮਾਰਸ਼ਲ ਲਾ ਦੇ ਸੈਂਕੜੇ ਬੰਦੀ ਅਜ ਜੀਂਦੇ ਹੋਏ ਵੀ ਕਬਰਾਂ ਵਿਚ ਦਫਨਾਏ ਹੋਏ ਹਨ। ਏਸੇ ਤਰ੍ਹਾਂ ਬੱਬਰ ਅਕਾਲੀ ਲਹਿਰ ਦੇ ਦਰਜਨਾਂ ਬੰਦੀ ਜੇਲ ਦੀਆਂ ਸਖਤੀਆਂ ਝਲ ਰਹੇ ਹਨ। ਅੱਧੀ ਦਰਜਨ ਤੋਂ ਵੱਧ ਸਾਜਸ਼ ਕੇਸ-ਲਾਹੌਰ, ਦਿਲੀ, ਚਿਟਾਗਾਂਗ, ਬੰਬਈ, ਕਲਕੱਤੇ ਆਦਿ ਥਾਵਾਂ ਤੇ ਚਲ ਰਹੇ ਹਨ। ਅਨੇਕਾਂ ਕਰਾਂਤੀ-ਕਾਰੀ ਮਫਰੂਰ ਹਨ, ਜਿਨ੍ਹਾਂ ਵਿਚ ਬਹੁਤ ਸਾਰੀਆਂ ਔਰਤਾਂ ਵੀ ਹਨ। ਅੱਧੀ ਦਰਜਨ ਤੋਂ ਵਧ ਬੰਦੀ ਮੌਤ ਦੀ ਸਜ਼ਾ ਇੰਤਜ਼ਾਰ ਕਰ ਰਹੇ ਹਨ। ਇਸ ਸਭ ਦੇ ਬਾਰੇ ਆਪ ਨੇ ਕੀ ਕਹਿਣਾ ਹੈ ? ਲਾਹੌਰ ਸਾਜਸ਼ ਕੇਸ ਦੇ ਤਿੰਨਬੰਦੀ ਜਿਨ੍ਹਾਂ ਨੂੰ ਫਾਂਸੀ ਦੀ ਸਜ਼ਾ ਮਿਲੀ ਹੈ ਅਤੇ ਜਿਨ੍ਹਾਂ ਨੂੰ ਸਬੱਬ ਨਾਲ ਦੇਸ਼ ਵਿਚ ਬਹੁਤ ਮਾਨ ਪਰਾਪਤ ਹੋ ਗਿਆ ਹੈ, ਕਰਾਂਤੀਕਾਰੀ ਦਲ ਦੇ ਸਭ ਕੁਝ ਨਹੀਂ ਹਨ। ਦਲ ਦੇ ਸਾਹਮਣੇ ਕੇਵਲ ਉਹਨਾਂ ਦੀ ਹੀ ਕਿਸਮਤ ਦਾ ਸਵਾਲ ਨਹੀਂ ਹੈ। ਅਸਲ ਵਿਚ ਉਹਨਾਂ ਦੀ ਸਜ਼ਾ ਵਿਚ ਤਬਦੀਲੀ ਨਾਲ ਦੇਸ਼ ਦਾ ਏਨਾ ਕੁਝ ਨਹੀਂ ਸੌਰਨਾ ਜਿੰਨਾ ਉਨ੍ਹਾਂ ਨੂੰ ਫਾਂਸੀ ਤੇ ਚੜ੍ਹਾ ਦੇਣ ਨਾਲ ਹੋਵੇਗਾ।

ਇਨ੍ਹਾਂ ਸਭ ਗੱਲਾਂ ਦੇ ਹੁੰਦੇ ਹੋਏ ਵੀ ਆਪ ਸਾਨੂੰ ਅੰਦੋਲਨ ਰੋਕ ਦੇਣ ਦੀਆਂ ਅਪੀਲਾਂ ਕਰ ਰਹੇ ਹੋ। ਅਸੀਂ ਆਪਣਾ ਕਰਾਂਤੀਕਾਰੀ ਅੰਦੋਲਨ ਕਿਉਂ ਰੋਕ ਲਈਏ, ਇਸ ਦਾ ਆਪਨੇ ਕੋਈ ਠੀਕ ਕਾਰਣ ਨਹੀਂ ਦਸਿਆ। ਇਸ ਤਰ੍ਹਾਂ ਦੇ ਹਾਲਤਾਂ ਵਿਚ ਆਪ ਦੀਆਂ ਇਨ੍ਹਾਂ ਅਪੀਲਾਂ ਦਾ ਅਰਥ ਤਾਂ ਬਸ ਇਹੀ ਹੈ ਕਿ ਤੁਸੀਂ ਕਰਾਂਤੀਕਾਰੀ ਅੰਦੋਲਨ ਨੂੰ ਕੁਚਲਣ ਵਿਚ ਨੌਕਰਸ਼ਾਹੀ ਦਾ ਸਾਥ ਦੇ ਰਹੇ ਹੋ। ਇਹਨਾਂ ਅਪੀਲਾਂ ਰਾਹੀਂ ਤੁਸੀਂ ਖੁਦ ਕਰਾਂਤੀਕਾਰੀ ਦਲ ਵਿਚ ਫੁਟ ਅਤੇ ਵਿਸ਼ਵਾਸ-ਘਾਤ ਦੀ ਸਿਖਿਆ ਦੇ ਰਹੇ ਹੋ। ਅਗਰ ਇਹ ਗਲ ਨਾ ਹੁੰਦੀ ਤਾਂ ਆਪ ਲਈ ਵਧੀਆ ਢੰਗ ਇਹ ਸੀ ਕਿ ਤੁਸੀਂ ਕੁਝ ਪਰਮੁਖ ਕਰਾਂਤੀਕਾਰੀਆਂ ਨਾਲ ਮਿਲਕੇ ਇਸ ਵਿਸ਼ੇ ਤੇ ਗਲਬਾਤ ਕਰ ਲੈਂਦੇ। ਆਪ ਨੂੰ ਉਹਨਾਂ ਨੂੰ ਅੰਦੋਲਨ ਰੋਕ ਦੇਣ ਦੀ ਸਲਾਹ ਦੇਣ ਤੋਂ ਪਹਿਲਾਂ ਉਸ ਦੇ ਕਾਰਨ ਦਲੀਲ ਰਾਹੀਂ ਸਮਝਾਣੇ ਚਾਹੀਦੇ ਸਨ। ਮੇਰਾ ਖਿਆਲ ਹੈ ਕਿ ਆਮ ਲੋਕਾਂ ਵਾਂਗ ਆਪ ਦੀ ਤਾਂ ਇਹ ਧਾਰਨਾ ਨਹੀਂ ਹੋਵੇਗੀ ਕਿ ਕਰਾਂਤੀਕਾਰੀ ਬੇਦਲੀਲ ਹੁੰਦੇ ਹਨ ਅਤੇ ਉਨ੍ਹਾਂ ਨੂੰ ਕੇਵਲ ਮਰਨ ਮਾਰਨ ਦੇ ਕੰਮਾਂ ਵਿਚ ਸੁਆਦ ਆਉਂਦਾ ਹੈ। ਅਸੀਂ ਤੁਹਾਨੂੰ ਦੱਸ ਦੇਣਾ ਚਾਹੁੰਦੇ ਹਾਂ ਕਿ ਅਸਲੀਅਤ ਵਿਚ ਗੱਲ ਇਸ ਦੇ ਬਿਲਕੁਲ ਉਲਟ ਹੈ। ਉਹ ਹਰ ਕਦਮ ਉਤੇ ਅਗੇ

ਵਧਣ ਤੋਂ ਪਹਿਲਾਂ ਉਹਦੀਆਂ ਚਾਰੇ ਪਾਸੇ ਦੀਆਂ ਹਾਲਤਾਂ ਤੇ ਵਿਚਾਰ ਕਰ ਲੈਂਦੇ ਹਨ। ਉਨ੍ਹਾਂ ਨੂੰ ਆਪਣੀ ਜ਼ਿਮੇਂਵਾਰੀ ਦਾ ਅਹਿਸਾਸ ਹਰ ਵਕਤ ਰਹਿੰਦਾ ਹੈ। ਉਹ ਆਪਣੇ ਕਰਾਂਤੀ-ਕਾਰੀ ਵਿਧਾਨ ਵਿਚ ਰਚਨਾਤਮਕ ਅੰਗ ਦੀ ਜ਼ਰੂਰਤ ਨੂੰ ਮੁਖ ਥਾਂ ਦਿੰਦੇ ਹਨ। ਭਾਵੇਂ ਹੁਣ ਦੇ ਹਾਲਤਾਂ ਵਿਚ ਉਨ੍ਹਾਂ ਨੂੰ ਕੇਵਲ ਢਾਹੂ ਹਿੱਸੇ ਵਲ ਹੀ ਧਿਆਨ ਦੇਣਾ ਪਿਆ ਹੈ।

ਸਰਕਾਰ ਕਰਾਂਤੀਕਾਰੀਆਂ ਲਈ ਪੈਦਾ ਹੋਈ ਸਰਬ ਸਾਂਝੀ ਹਮਦਰਦੀ ਤੇ ਮਦਦ ਦੀ ਭਾਵਨਾ ਨੂੰ ਨਸ਼ਟ ਕਰਕੇ, ਕਿਸੇ ਵੀ ਤਰ੍ਹਾਂ ਉਨ੍ਹਾਂ ਨੂੰ ਕੁਚਲ ਦੇਣਾ ਚਾਹੁੰਦੀ ਹੈ। ਇਕੱਲੇ ਤਾਂ ਉਹ ਬਹੁਤ ਆਸਾਨੀ ਨਾਲ ਮਸਲੇ ਜਾ ਸਕਦੇ ਹਨ। ਸੋ ਇਹੋ ਜਿਹੇ ਹਾਲਤਾਂ ਵਿਚ ਕਿਸੇ ਕਿਸਮ ਦੀਆਂ ਭਾਵਕ ਅਪੀਲਾਂ ਕਰਕੇ ਉਹਨਾਂ ਵਿਚ ਫੁਟ ਤੇ ਵਿਸ਼ਵਾਸਘਾਤ ਪੈਦਾ ਕਰਨਾ ਮਹਾਨ ਗਲਤੀ ਤੇ ਕਰਾਂਤੀ ਵਿਰੋਧੀ ਕੰਮ ਹੋਵੇਗਾ। ਇਸ ਨਾਲ ਸਰਕਾਰ ਨੂੰ ਉਹਨਾਂ ਨੂੰ ਕੁਚਲਣ ਵਿਚ ਸਾਫ ਤੌਰ ਤੇ ਸਹਾਇਤਾ ਮਿਲਦੀ ਹੈ।

ਇਸ ਲਈ ਆਪ ਨੂੰ ਸਾਡੀ ਪ੍ਰਾਰਥਨਾ ਹੈ ਕਿ ਜਾਂ ਤਾਂ ਆਪ ਕੁਝ ਕਰਾਂਤੀਕਾਰੀਆਂ ਨਾਲ ਜੋ ਜੇਲ੍ਹਾਂ ਵਿਚ ਬੰਦ ਹਨ, ਇਸ ਵਿਸ਼ੇ ਤੇ ਗਲਬਾਤ ਕਰਕੇ ਕੁਝ ਨਿਰਨਾ ਕਰ ਲਓ ਨਹੀਂ ਤਾਂ ਇਹ ਅਪੀਲਾਂ ਬੰਦ ਕਰ ਦਿਓ। ਮਿਹਰਬਾਨੀ ਕਰਕੇ ਇਹਨਾਂ ਦੋ ਰਾਹਾਂ ਵਿਚੋਂ ਕਿਸੇ ਇਕ ਨੂੰ ਅਪਨਾਓ ਤੇ ਉਹ ਵੀ ਪੂਰੇ ਦਿਲ ਨਾਲ। ਅਗਰ ਤੁਸੀਂ ਉਨ੍ਹਾਂ ਦੀ ਮਦਦ ਨਹੀਂ ਕਰ ਸਕਦੇ ਤਾਂ ਮੇਹਰਬਾਨੀ ਕਰਕੇ ਉਨ੍ਹਾਂ ਤੇ ਰਹਿਮ ਕਰੋ ਤੇ ਉਨ੍ਹਾਂ ਨੂੰ ਇਕੱਲੇ ਛੱਡ ਦਿਓ। ਉਹ ਆਪਣੀ ਰਖਿਆ ਆਪੇ ਕਰ ਲੈਣਗੇ। ਉਹ ਬਹੁਤ ਚੰਗੀ ਤਰ੍ਹਾਂ ਜਾਣਦੇ ਹਨ ਕਿ ਆਉਣ ਵਾਲੇ ਰਾਜਨੀਤਕ ਯੁਧ ਵਿਚ ਉਨ੍ਹਾਂ ਦੀ ਅਗਵਾਈ ਨਿਸਚਿਤ ਹੈ। ਜਨਤਾ ਉਹਨਾਂ ਵਲ ਬਰਾਬਰ ਵਧੀ ਆ ਰਹੀ ਹੈ। ਉਹ ਦਿਨ ਦੂਰ ਨਹੀਂ ਹੈ ਜਦ ਉਨ੍ਹਾਂ ਦੀ ਅਗਵਾਈ ਵਿਚ ਅਤੇ ਉਨ੍ਹਾਂ ਦੇ ਝੰਡੇ ਥੱਲੇ ਜਨਤਾ ਆਪਣੇ ਸਮਾਜਵਾਦੀ ਪ੍ਰਜਾਤੰਤਰ ਦੇ ਮਹਾਨ ਨਿਸ਼ਾਨੇ ਵਲ ਵਧਦੀ ਵਿਖਾਈ ਦੇਵੇਗੀ।

ਅਤੇ ਜੇ ਸੱਚਮੁੱਚ ਤੁਸੀਂ ਉਹਨਾਂ ਦੀ ਮਦਦ ਕਰਨੀ ਚਾਹੁੰਦੇ ਹੋ ਤਾਂ ਉਨ੍ਹਾਂ ਨੂੰ ਆਪਣਾ ਦ੍ਰਿਸ਼ਟੀਕੋਨ ਸਮਝਾਣ ਲਈ ਉਨ੍ਹਾਂ ਨਾਲ ਗਲਬਾਤ ਕਰੋ ਅਤੇ ਸਾਰੇ ਹਾਲਾਤ ਤੇ ਖੋਲ੍ਹ ਕੇ ਵਿਚਾਰ ਕਰੋ।

ਉਮੀਦ ਹੈ ਆਪ ਉਪਰਲੀ ਪ੍ਰਾਰਥਨਾ ਤੇ ਵਿਚਾਰ ਕਰੋਗੇ ਅਤੇ ਆਪਣੀ ਰਾਏ ਜਨਤਾ ਦੇ ਸਾਹਮਣੇ ਰਖੋਗੇ।

ਆਪ ਦਾ

"ਅਨੇਕਾਂ ਵਿਚੋਂ ਇਕ"

---

(ਅਸੈਂਬਲੀ ਬੰਬ ਕੇਸ ਬਿਆਨ ਦੀ ਬਾਕੀ-47 ਤੋਂ ਅੱਗੇ)

ਸੰਗਠਨ ਰਾਹੀਂ ਮਨੁੱਖਤਾ ਨੂੰ ਪੂੰਜੀਵਾਦ ਦੇ ਬੰਧਨਾਂ ਤੋਂ ਅਤੇ ਸਾਮਰਾਜੀ ਜੰਗਾਂ ਦੀ ਤਬਾਹੀ ਤੋਂ ਹਿੰਮਤ ਕਰਕੇ ਆਜ਼ਾਦ ਕਰਵਾਇਆ ਜਾਵੇਗਾ।

## ਸਮੇਂ ਦੀ ਚਿਤਾਵਨੀ

ਇਹ ਹੈ ਸਾਡਾ ਆਦਰਸ਼, ਅਤੇ ਇਸੇ ਵਿਚਾਰਧਾਰਾ ਤੋਂ ਪਰੇਰਣਾ ਲੈ ਕੇ ਅਸੀਂ ਇਕ ਢੁਕਵੀਂ ਤੇ ਪੁਰਜ਼ੋਰ ਚੇਤਾਵਨੀ ਦਿਤੀ ਹੈ। ਪਰ ਜੇ ਸਾਡੀ ਇਸ ਚੇਤਾਵਨੀ ਨੂੰ ਨਾ ਗੌਲਿਆ ਗਿਆ ਤੇ ਅਜੋਕੀ ਸ਼ਾਸਨ ਵਿਵਸਥਾ ਉਭਰ ਕੇ ਵਧ ਰਹੀਆਂ ਕੁਦਰਤੀ ਸ਼ਕਤੀਆਂ ਦੇ ਰਾਹ ਵਿਚ ਰੋੜੇ ਅਟਕਾਉਂਦੀ ਰਹੀ ਤਾਂ ਇਸ ਦਾ ਨਤੀਜਾ ਇਕ ਜੂਝਵਾਂ ਸੰਗਰਾਮ ਹੋਵੇਗਾ। ਜਿਹੜਾ ਸਾਰੀਆਂ ਰੁਕਾਵਟਾਂ ਨੂੰ ਪਰੇ ਵਗਾਹ ਮਾਰੇਗਾ ਅਤੇ ਕਿਰਤੀਆਂ ਦੀ ਸਰਦਾਰੀ ਦੀ ਸਥਾਪਨਾ ਕਰੇਗਾ ਤੇ ਇਸ ਤਰ੍ਹਾਂ ਇਨਕਲਾਬ ਦੇ ਆਦਰਸ਼ ਦੀ ਸਥਾਪਤੀ ਦਾ ਰਾਹ ਬਣੇਗਾ। ਮਨੁੱਖ ਦਾ ਕਰਾਂਤੀ ਕਰਨ ਦਾ ਅਧਿਕਾਰ ਉਸ ਤੋਂ ਕਦੇ ਖੋਹਿਆ ਨਹੀਂ ਜਾ ਸਕਦਾ। ਮਜ਼ਦੂਰ ਹੀ ਸਮਾਜ ਦਾ ਸੱਚਾ ਪਾਲਣਹਾਰ ਹੈ। ਜਨਤਾ ਦੀ ਪ੍ਰਭੁਸਤਾ ਨੂੰ ਕਾਇਮ ਕਰਨਾ ਕਿਰਤੀਆਂ ਦੀ ਮੰਜ਼ਿਲ ਹੈ। ਇਨ੍ਹਾਂ ਆਦਰਸ਼ਾਂ ਅਤੇ ਵਿਸ਼ਵਾਸ ਵਾਸਤੇ ਦਿੱਤੀ ਜਾਣ ਵਾਲੀ ਹਰ ਸਜ਼ਾ ਦਾ ਅਸੀਂ ਖਿੜੇ ਮੱਥੇ ਸਵਾਗਤ ਕਰਾਂਗੇ। ਇਨ-ਕਲਾਬ ਦੀ ਇਸ ਕੁਰਬਾਨ ਗਾਹ ਉਤੇ ਅਸੀਂ ਆਪਣੀ ਜਵਾਨੀ ਦੀ ਧੂਪ ਬਾਲਣ ਆਏ ਹਾਂ, ਕਿਉਂਕਿ ਅਜਿਹੇ ਮਹਾਨ ਆਦਰਸ਼ ਲਈ ਕੁਰਬਾਨੀ ਵੱਡੀ ਨਹੀਂ ਹੈ। ਅਸੀਂ ਸੰਤੁਸ਼ਟ ਹਾਂ ਤੇ ਸਾਨੂੰ ਕੋਈ ਗਿਲਾ ਨਹੀਂ ਹੈ। ਅਸੀਂ ਇਨਕਲਾਬ ਦੇ ਆਉਣ ਦੀ ਉਡੀਕ ਵਿਚ ਹਾਂ।

"ਇਨਕਲਾਬ ਜ਼ਿੰਦਾਬਾਦ"

ਉਤਰੀ ਅਮਰੀਕਾ ਮਹਾਂਦੀਪ ਵਿੱਚ ਪੰਜਾਬੀ ਦਾ ਇਕੋ ਇਕ ਸਾਹਿੱਤਕ-ਸੱਭਿਆਚਾਰਕ ਮਾਸਿਕ




ਮੁਫ਼ਤਖੋਰੀ ਦੀ ਲਾਹਣਤ ਤਿਆਗਕੇ ਖ਼ੁਦ ਸਾਲਾਨਾ ਪਾਠਕ ਬਣੋ ਤੇ ਹੋਰਾਂ ਨੂੰ ਪਰੇਰੋ। ਨਮੂਨੇ ਦੇ ਪਰਚੇ ਲਈ ਸਾਨੂੰ ਲਿਖੋ। ਸਾਲਾਨਾ ਚੰਦਾ ਪੰਜ ਡਾਲਰ ਤੇ ਛਿਮਾਹੀ ਚੰਦਾ ਤਿੰਨ ਡਾਲਰ ਹੈ।

THE WATNO DŪR

Post Box No. 1041

Coquitlam, B.C., Canada

# 1.

# ਅਦਾਲਤ ਸਾਹਮਣੇ ਬਿਆਨ

ਲਾਹੌਰ ਸਾਜ਼ਸ਼ ਕੇਸ ਦੇ ਉਹਨਾਂ ਇਨਕਲਾਬੀਆਂ ਦੇ ਬਿਆਨ ਦਾ ਇੱਕ ਹਿੱਸਾ ਜਿੰਨਾਂ ਨੇ ਆਪਣੇ ਬਾਰੇ ਸਫ਼ਾਈ ਪੇਸ਼ ਨਹੀਂ ਕੀਤੀ ਸੀ। ਇਹ ਬਿਆਨ ਸਪੈਸ਼ਲ ਟਰੀਬਿਊਨਲ ਅੱਗੇ ਦਿੱਤਾ ਗਿਆ।



( ਸ਼ਹੀਦ ਮਹਾਂਬੀਰ ਸਿੰਘ )

ਸਾਡਾ ਵਿਸ਼ਵਾਸ ਹੈ ਕਿ ਸਾਮਰਾਜਵਾਦ ਇਕ ਵੱਡੀ ਡਾਕੇ ਮਾਰਨ ਦੀ ਸਾਜਸ਼ ਤੋਂ ਬਗੈਰ ਹੋਰ ਕੁਝ ਨਹੀਂ । ਸਾਮਰਾਜਵਾਦ ਮਨੁੱਖ ਦੇ ਹੱਥੋਂ ਮਨੁੱਖ ਦੀ ਅਤੇ ਕੌਮ ਦੇ ਹੱਥੋਂ ਕੌਮ ਦੀ ਲੁਟ ਦਾ ਸਿਖਰ ਹੈ । ਸਾਮਰਾਜਵਾਦੀ (ਵਿਦੇਸ਼ੀ ਰਾਜ ਠੋਸਣ ਵਾਲੇ) ਆਪਣੇ ਹਿਤਾਂ, ਤੇ ਲੁਟਣ ਦੀਆਂ ਸਕੀਮਾਂ ਨੂੰ ਪੂਰੇ ਕਰਨ ਲਈ, ਨਾ ਸਿਰਫ ਅਦਾਲਤੀ ਤੇ ਕਾਨੂੰਨੀ ਕਤਲ ਕਰਦੇ ਹਨ, ਸਗੋਂ ਵਡੇ ਵਡੇ ਕਤਲੇ-ਆਮ ਵੀ ਰਚਾਂਦੇ ਹਨ । ਆਪਣੀ ਲੁੱਟ ਨੂੰ ਪੂਰਾ ਕਰਨ ਲਈ ਜੰਗ ਵਰਗੇ ਖ਼ੌਫਨਾਕ ਜੁਰਮ ਵੀ ਕਰਦੇ ਹਨ । ਜੇ ਕਿਤੇ ਲੋਕ ਉਹਨਾਂ ਦੀਆਂ ਨਾਦਰਸ਼ਾਹੀ ਲੁੱਟੂ ਮੰਗਾਂ ਨੂੰ ਨਾ ਮੰਨਣ ਜਾਂ ਚੁਪ ਚਾਪ ਉਹਨਾਂ ਦੀਆਂ ਤਬਾਹਕੁਨ ਤੇ ਨਫਰਤ ਯੋਗ ਸਾਜਸ਼ਾਂ ਨੂੰ ਮੰਨਣ ਤੋਂ ਇਨਕਾਰ ਕਰ ਦੇਣ ਤਾਂ ਉਹ ਬੇ ਗੁਨਾਹਾਂ ਦਾ ਖ਼ੂਨਵਹਾਣ ਤੋਂ ਸੰਕੋਚ ਨਹੀਂ ਕਰਦੇ । ਕਾਨੂੰਨ ਤੇ ਅਮਨ ਦੀ ਆੜ ਹੇਠ, ਉਹ ਅਮਨ ਭੰਗ ਕਰਦੇ ਹਨ, ਹਫੜਾ ਦਫੜੀ ਮਚਾਂਦੇ ਹਨ, ਲੋਕਾਂ ਨੂੰ ਜਾਨੋਂ ਮਾਰਦੇ ਅਤੇ ਹਰ ਸੰਭਵ ਜ਼ੁਲਮ ਕਰਦੇ ਹਨ ।

ਸਾਡਾ ਵਿਸ਼ਵਾਸ ਹੈ ਕਿ ਆਜ਼ਾਦੀ ਸਭ ਮਨੁਖਾਂ ਦਾ ਅਮਿੱਟ ਹੱਕ ਹੈ । ਹਰ ਮਨੁੱਖ ਨੂੰ ਆਪਣੀ ਮਿਹਨਤ ਦਾ ਫਲ ਮਾਨਣ ਦਾ ਹਰ ਹੱਕ ਹੈ । ਤੇ ਹਰ ਕੌਮ ਆਪਣੇ ਬੁਨਿਆਦੀ ਕੁਦਰਤੀ ਸਾਧਨਾਂ ਦੀ ਪੂਰੀ ਮਾਲਕ ਹੈ । ਜੋ ਕੋਈ ਸਰਕਾਰ ਜਨਤਾ ਨੂੰ ਉਹਨਾਂ ਦੇ ਇਹਨਾਂ ਬੁਨਿਆਦੀ ਹੱਕਾਂ ਤੋਂ ਵਾਂਝਿਆਂ ਰਖਦੀ ਹੈ ਤਾਂ ਲੋਕਾਂ ਦਾ ਕੇਵਲ ਹੱਕ ਹੀ ਨਹੀਂ, ਸਗੋਂ ਜ਼ਰੂਰੀ ਫਰਜ਼ ਹੈ ਕਿ ਅਜਿਹੀ ਸਰਕਾਰ ਨੂੰ ਤਬਾਹ ਕਰ ਦੇਣ । ਕਿਉਂਕਿ ਬਰਤਾਨਵੀ ਸਰਕਾਰ ਇਹਨਾਂ ਅਸੂਲਾਂ, ਜਿਨ੍ਹਾਂ ਵਾਸਤੇ ਅਸੀਂ ਲੜ ਰਹੇ ਹਾਂ, ਦੇ ਬਿਲਕੁਲ ਉਲਟ ਹੈ, ਇਸ ਲਈ ਸਾਡਾ ਦ੍ਰਿੜ ਵਿਸ਼ਵਾਸ ਹੈ ਕਿ ਹਰ ਕੋਸ਼ਿਸ਼ ਤੇ ਹਰ ਅਪਣਾਇਆ ਤਰੀਕਾ ਜਿਸ ਰਾਹੀਂ ਇਨਕਲਾਬ ਲਿਆਂਦਾ ਜਾ ਸਕੇ ਤੇ ਇਸ ਸਰਕਾਰ ਦਾ ਮਲੀਆ ਮੇਟ ਕੀਤਾ ਜਾ ਸਕੇ, ਉਹ ਨੈਤਿਕ ਤੌਰ ਤੇ ਜਾਇਜ਼ ਹੈ । ਅਸੀਂ ਵਰਤਮਾਨ ਢਾਂਚੇ ਦੇ ਸਮਾਜਕ, ਆਰਥਕ ਤੇ ਰਾਜਨੀਤਕ ਪੱਖਾਂ ਵਿਚ ਇਨਕਲਾਬੀ ਤਬਦੀਲੀਆਂ ਲਿਆਉਣ ਦੇ ਹੱਕ ਵਿਚ ਹਾਂ । ਚਾਹੁੰਦੇ ਹਾਂ ਕਿ ਵਰਤਮਾਨ ਸਮਾਜ ਨੂੰ ਪੂਰੀ ਤਰ੍ਹਾਂ ਇਕ ਨਵੇਂ ਨਰੋਏ ਸਮਾਜ ਵਿਚ ਬਦਲਿਆ ਜਾਵੇ । ਇਸ ਤਰ੍ਹਾਂ ਮਨੁੱਖ ਦੇ ਹੱਥੋਂ ਮਨੁੱਖ ਦੀ ਲੁੱਟ ਅਸੰਭਵ ਬਣਾ ਕੇ ਸਾਰੇ ਲੋਕਾਂ ਲਈ ਸਭ ਖੇਤਰਾਂ ਵਿਚ ਪੂਰੀ ਆਜ਼ਾਦੀ ਯਕੀਨੀ ਬਣਾਈ ਜਾਵੇ । ਅਸੀਂ ਮਹਿਸੂਸ ਕਰਦੇ ਹਾਂ ਕਿ ਜਿੰਨਾ ਚਿਰ ਸਾਰਾ ਸਮਾਜਕ ਢਾਂਚਾ ਬਦਲਿਆ ਨਹੀਂ ਜਾਂਦਾ ਤੇ ਉਸ ਦੀ ਥਾਂ ਸਮਾਜਵਾਦੀ ਸਮਾਜ ਸਥਾਪਤ ਨਹੀਂ ਹੁੰਦਾ, ਸਾਰੀ ਦੁਨੀਆਂ ਇਕ ਤਬਾਹਕੁੰਨ ਪਰਲੋ ਦੇ ਖਤਰੇ ਹੇਠ ਰਹੇਗੀ ।

ਜਿਥੋਂ ਤਕ, ਸ਼ਾਂਤੀਪੂਰਨ ਜਾਂ ਦੂਸਰੇ ਤਰੀਕੇ ਰਾਹੀਂ ਇਨਕਲਾਬੀ ਆਦਰਸ਼ਾਂ ਨੂੰ ਸਥਾਪਤ ਕਰਨ ਦਾ ਸਬੰਧ ਹੈ, ਅਸੀਂ ਐਲਾਨ ਕਰਦੇ ਹਾਂ, ਇਸ ਨੂੰ ਚੁਣਨ ਦੀ ਖੁਲ ਵਕਤ ਦੇ ਹਾਕਮਾਂ ਦੀ ਮਰਜ਼ੀ ਉਤੇ ਨਿਰਭਰ ਹੈ । ਇਨਕਲਾਬੀ, ਆਪਣੇ ਮਨੁਖੀ ਪਿਆਰ ਦੇ ਗੁਣਾਂ ਕਰ ਕੇ ਮਨੁਖ ਦੇ ਪੁਜਾਰੀ ਹਨ । ਇਕ ਸਦੀਵੀ ਤੇ ਸੱਚੇ ਅਮਨ ਨੂੰ ਚਾਹੁੰਦੇ ਹਨ ਜਿਸ ਦੀਆਂ ਨੀਹਾਂ ਇਨਸਾਫ ਤੇ ਬਰਾਬਰੀ ਤੇ ਟਿਕੀਆਂ ਹੋਣ । ਅਸੀਂ ਝੂਠੇ ਤੇ ਦਿਖਾਵੇ ਭਰੇ ਅਮਨ ਦੇ ਹਾਨੀ ਨਹੀਂ ਜਿਹੜਾ ਬੁਜ਼ਦਿਲੀ ਤੋਂ ਉਪਜਦਾ ਹੈ ਅਤੇ ਨੇਜਿਆਂ ਤੇ ਬੰਦੂਕਾਂ ਦੇ ਸਹਾਰੇ ਜੀਉਂਦਾ ਹੈ ।........"

ਉਪਰੋਕਤ ਇਤਿਹਾਸਕ ਬਿਆਨ ਤੋਂ ਬਾਅਦ ਇਨਕਲਾਬੀਆਂ ਨੇ ਐਲਾਨ ਕੀਤਾ ਕਿ ਉਹ ਦੁਸ਼ਮਣ ਦੀ ਅਦਾਲਤ ਤੋਂ ਕਿਸੇ ਇਨਸਾਫ਼ ਦੀ ਆਸ ਨਹੀਂ ਰੱਖਦੇ ਅਤੇ ਨਾ ਹੀ ਉਹ ਇਸ ਸਰਕਾਰ ਤੇ ਇਸਦੀ ਅਦਾਲਤ ਨੂੰ ਪਰਵਾਨ ਕਰਦੇ ਹਨ - ਸੋ ਇਸ ਕਰਕੇ ਉਹ ਟਰੀਬਿਊਨਲ ਦੀ ਕਾਰਵਾਈ ਵਿੱਚ ਹਿੱਸਾ ਨਹੀਂ ਲੈਣਗੇ। ਇਹ ਬਿਆਨ ਦੇਣ ਵਾਲੇ ਪੰਜ ਇਨਕਲਾਬੀ ਸਨ:

ਸ਼ਹੀਦ ਮਹਾਂਬੀਰ ਸਿੰਘ , ਡਾ: ਗਿਆ ਪ੍ਰਸਾਦ, ਸ੍ਰੀ ਕੁੰਦਨ ਲਾਲ, ਸ੍ਰੀ ਜਤਿੰਦਰ ਨਾਥ ਸਾਨਿਆਲ ਅਤੇ ਬਟੁਕੇਸ਼ਵਰ ਦੱਤ

ਸ਼ਹੀਦ ਮਹਾਂਬੀਰ ਸਿੰਘ ਦੀ ਫੋਟੋ ਉਪਰ ਦਿੱਤੀ ਜਾ ਰਹੀ ਹੈ ਜੋ ਕਿ ਬਾਅਦ ਵਿੱਚ ਅੰਡੇਮਾਨ ਜੇਹਲ ਵਿੱਚ ਭੁੱਖ ਹੜਤਾਲ ਨਾਲ ਸ਼ਹੀਦ ਹੋ ਗਏ

# ੨. ਅਸੈਂਬਲੀ ਬੰਬ ਕੇਸ ਵਿੱਚ ਦਿੱਤੇ ਗਏ ਬਿਆਨ

(ਭਗਤ ਸਿੰਘ ਤੇ ਬੱਟ ਕੇਸ਼ਵਰ ਦੱਤ)

ਸਾਡੇ ਤੇ ਕੁਝ ਸੰਗੀਨ ਇਲਜ਼ਾਮ ਲਗਾਏ ਗਏ ਹਨ। ਅਤੇ ਇਸ ਮੌਕੇ ਤੇ ਇਹੀ ਠੀਕ ਹੈ ਕਿ ਅਸੀਂ ਆਪਣਾ ਰਵਈਆ ਸਪਸ਼ਟ ਕਰੀਏ।

ਇਸ ਮਾਮਲੇ ਵਿਚ ਹੇਠਲੇ ਸਵਾਲ ਉਠਦੇ ਹਨ :—

1. ਕੀ ਭਵਨ ਦੇ ਅੰਦਰ ਬੰਬ ਸੁਟੇ ਗਏ, ਜੇ ਸੁਟੇ ਗਏ ਤਾਂ ਕਿਉਂ ?

2. ਕੀ ਹੇਠਲੀ ਅਦਾਲਤ ਰਾਹੀਂ ਲਾਏ ਗਏ ਇਲਜ਼ਾਮ ਠੀਕ ਹਨ ਜਾਂ ਨਹੀਂ।

ਪਹਿਲੇ ਸਵਾਲ ਦੇ ਪਹਿਲੇ ਅੱਧ ਦਾ ਜਵਾਬ ਅਸੀਂ ਹਾਂ ਵਿਚ ਦਿੰਦੇ ਹਾਂ। ਪਰ ਕਿਉਂਕਿ ਕੁਝ ਅਖੌਤੀ 'ਮੌਕੇ ਦੇ', ਗਵਾਹਾਂ ਨੇ ਝੂਠੀਆਂ ਗਵਾਹੀਆਂ ਦਿਤੀਆਂ ਹਨ, ਤੇ ਕਿਉਂਕਿ ਉਸ ਹੱਦ ਤਕ ਅਸੀਂ ਆਪਣੇ ਕੰਮ ਤੋਂ ਇਨਕਾਰ ਵੀ ਨਹੀਂ ਕਰਦੇ, ਇਸ ਲਈ ਸਾਡੇ ਉਨ੍ਹਾਂ ਬਾਰੇ ਬਿਆਨ ਦਾ ਉਸ ਗਹੁ ਨਾਲ ਹੀ ਨਿਰਣਾ ਕੀਤਾ ਜਾਵੇਂ ਜਿਸਦੇ ਕਿ ਉਹ ਯੋਗ ਹੈ। ਮਿਸਾਲ ਦੇ ਤੌਰ ਤੇ ਅਸੀਂ ਦਸ ਸਕੀਏ ਕਿ ਸਾਰਜੰਟ ਟੈਰੀ ਦੀ ਇਹ ਗਵਾਹੀ ਕਿ ਉਸ ਨੇ ਸਾਡੇ ਵਿਚੋਂ ਇਕ ਕੋਲੋਂ ਪਸਤੌਲ ਬਰਾਮਦ ਕੀਤਾ ਸੀ, ਇਕ ਗਿਣਿਆ ਮਿਥਿਆ ਝੂਠ ਹੈ। ਕਿਉਂਕਿ ਜਦੋਂ ਅਸੀਂ ਆਪਣੇ ਆਪ ਨੂੰ ਪੇਸ਼ ਕੀਤਾ ਤਾਂ ਸਾਡੇ ਵਿਚੋਂ ਕਿਸੇ ਕੋਲ ਵੀ ਪਸਤੌਲ ਨਹੀਂ ਸੀ। ਦੂਸਰੇ ਗੁਆਹ ਵੀ ਜਿਨ੍ਹਾਂ ਨੇ ਇਹ ਬਿਆਨ ਦਿੱਤਾ ਹੈ ਕਿ ਉਨ੍ਹਾਂ ਨੇ ਸਾਨੂੰ ਬੰਬ ਸੁਟਦੇ ਦੇਖਿਆ ਹੈ, ਝੂਠ ਬੋਲਣ ਤੋਂ ਝਿਜਕੇ ਨਹੀਂ। ਇਹ ਤੱਥ ਉਨ੍ਹਾਂ ਲਈ ਇਕ ਸਬਕ ਹੈ ਜਿਨ੍ਹਾਂ ਦਾ ਉਦੇਸ਼ ਅਦਾਲਤੀ ਨਿਆਂ ਤੇ ਇਨਸਾਫ਼ ਹੈ।

ਨਾਲ ਹੀ ਅਸੀਂ ਇਹ ਸਵੀਕਾਰ ਕਰਦੇ ਹਾਂ ਕਿ ਹੁਣ ਤਕ ਸਰਕਾਰੀ ਵਕੀਲ ਅਤੇ ਅਦਾਲਤ ਦਾ ਅਮਲ ਸਾਫ਼ ਰਿਹਾ ਹੈ।

### ਵਾਇਸਰਾਏ ਦੇ ਵਿਚਾਰਾਂ ਦੀ ਪਰੋੜਤਾ

ਪਹਿਲੇ ਸਵਾਲ ਦੇ ਅਗਲੇ ਅੱਧ ਦੇ ਜਵਾਬ ਵਿਚ, ਇਹ ਜ਼ਰੂਰੀ ਹੈ ਕਿ ਅਸੀਂ ਹੋਰ ਵਿਸਥਾਰ ਵਿਚ ਜਾਈਏ ਤਾ ਕਿ ਆਪਣੇ ਮੰਤਵ ਦੀ ਤੇ ਉਨ੍ਹਾਂ ਹਾਲਤਾਂ ਦੀ, ਸਹੀ ਤੇ ਪੂਰੀ ਵਿਆਖਿਆ ਕਰ ਸਕੀਏ ਜਿਸ ਕਰਕੇ ਉਹ ਘਟਨਾ ਵਾਪਰੀ ਜਿਹੜੀ ਕਿ ਹੁਣ ਇਕ ਇਤਿਹਾਸਕ ਘਟਨਾ ਬਣ ਚੁਕੀ ਹੈ। ਜੇਲ੍ਹ ਵਿਚ ਸਾਨੂੰ ਮਿਲਣ ਵਾਲੇ ਕੁਝ ਪੁਲੀਸ ਅਧਿਕਾਰੀਆਂ ਨੇ ਦਸਿਆ ਕਿ ਦੋਹਾਂ ਸਦਨਾਂ ਦੇ ਸਾਂਝੇ ਇਜਲਾਸ ਵਿਚ ਭਾਸ਼ਨ ਕਰਦੇ ਲਾਰਡ ਇਰਵਨ ਨੇ ਕਿਹਾ ਹੈ ਕਿ ਇਹ ਹਮਲਾ ਕਿਸੇ ਵਿਅਕਤੀ ਦੇ ਵਿਰੁਧ ਨਹੀਂ ਹੈ ਸਗੋਂ ਸੰਸਥਾ (ਪ੍ਰਣਾਲੀ) ਦੇ ਵਿਰੁਧ ਹੈ। ਅਸੀਂ ਝੱਟ ਸਵੀਕਾਰ ਕਰ ਲਿਆ ਕਿ ਘਟਨਾ ਦੇ ਅਸਲੀ ਮਹੱਤਵ ਦਾ ਠੀਕ ਨਿਰਣਾ ਕੀਤਾ ਗਿਆ ਹੈ।

ਮਨੁਖਤਾ ਨੂੰ ਪਿਆਰ ਕਰਨ ਵਿਚ ਅਸੀਂ ਕਿਸੇ ਤੋਂ ਪਿਛੇ ਨਹੀਂ ਹਾਂ। ਕਿਸੇ ਇਕ ਵਿਅਕਤੀ ਦੇ ਵਿਰੁਧ ਰੋਸ ਰਖਣ ਦਾ ਤਾਂ ਸਵਾਲ ਹੀ ਨਹੀਂ, ਸਗੋਂ ਅਸੀਂ ਮਨੁਖੀ ਜੀਵਨ ਏਨਾਂ ਪਵਿਤਰ ਮੰਨਦੇ ਹਾਂ ਕਿ ਸ਼ਬਦਾਂ ਰਾਹੀਂ ਦਸਿਆ ਨਹੀਂ ਜਾ ਸਕਦਾ।

ਨਾ ਤਾਂ ਅਸੀਂ ਕਾਇਰਤਾ ਭਰੇ ਦੰਗੇ ਕਰਨ ਵਾਲੇ ਅਪਰਾਧੀ ਹਾਂ ਤੇ ਨਾ ਹੀ ਆਪਣੇ ਦੇਸ਼ ਲਈ ਅਪਮਾਨ ਦੀ ਗਲ ਹਾਂ, ਜਿਵੇਂ ਕਿ ਆਪਣੇ ਆਪ ਨੂੰ ਸਮਾਜਵਾਦੀ ਕਹਿਣ ਵਾਲੇ ਚਮਨ ਲਾਲ ਨੇ ਸਾਡੇ ਬਾਰੇ ਕਿਹਾ ਹੈ, ਤੇ ਅਸੀਂ ਸਿਰ ਫਿਰੇ ਵੀ ਨਹੀਂ ਹਾਂ, ਜਿਵੇਂ ਕਿ ਲਾਹੌਰ ਦਾ ਟਰੀਬਿਊਨ ਅਖਬਾਰ ਤੇ ਕੁਝ ਹੋਰ ਲੋਕ ਸਾਡੇ ਬਾਰੇ ਵਿਸ਼ਵਾਸ ਕਰਦੇ ਹਨ।

### ਅਮਲੀ ਰੋਸ

ਸਾਡਾ ਨਿਮਾਣਾ ਜਿਹਾ ਦਾਹਵਾ ਸਿਰਫ ਇਹ ਹੈ ਕਿ ਅਸੀਂ ਦੇਸ਼ ਦੇ ਇਤਿਹਾਸ, ਇਸਦੀਆਂ ਹਾਲਤਾਂ ਤੇ ਆਦਰਸ਼ਾਂ ਦੇ ਗੰਭੀਰ, ਮਿਹਨਤੀ ਤੇ ਇਮਾਨਦਾਰ ਵਿਦਿਆਰਥੀ ਹਾਂ ਤੇ ਵਿਖਾਵੇ ਤੋਂ ਸਾਨੂੰ ਨਫ਼ਰਤ ਹੈ, ਸਾਡਾ ਰੋਸ ਉਸ ਅਦਾਰੇ ਦੇ ਖਿਲਾਫ਼ ਹੈ ਜਿਸ ਨੇ ਨਾ ਸਿਰਫ ਮੁਢ ਤੋਂ ਹੀ ਆਪਣੇ ਘਟੀਆ ਹੋਣ ਦਾ ਸਾਫ਼ ਸਬੂਤ ਦਿੱਤਾ ਹੈ, ਸਗੋਂ ਜਿਸਦੀ ਸ਼ੈਤਾਨੀ ਦੀ ਤਾਕਤ ਵੀ ਬੇ-ਹੱਦ ਹੈ। ਜਿੰਨਾਂ ਵੱਧ ਅਸੀਂ ਸੋਚਿਆ ਹੈ, ਉਨੀਂ ਹੀ ਗਹਿਰਾਈ ਨਾਲ ਅਸੀਂ ਮਹਿਸੂਸ ਕੀਤਾ ਹੈ, ਕਿ ਇਸ ਦਾ (ਅਦਾਰੇ ਦਾ) ਕੰਮ ਸਿਰਫ਼ ਸੰਸਾਰ ਸਾਹਮਣੇ ਭਾਰਤ ਦੀ ਬੇ-ਵਸੀ ਤੇ ਅਧੀਨਤਾ ਦਾ ਜਲੂਸ ਕਢਣਾ ਹੈ, ਅਤੇ ਇਹ ਇਕ ਗੈਰ ਜਿਮੇਂਵਾਰ ਤਾਨਾਸ਼ਾਹ ਹਕੂਮਤ ਦੀ ਅਤਿਆਚਾਰੀ ਤਾਕਤ ਦਾ ਚਿਨ੍ਹ ਹੈ। ਵਾਰ ਵਾਰ ਲੋਕਾਂ ਦੇ ਨੁਮਾਇੰਦਿਆਂ ਨੇ ਸਾਡੀ ਕੌਮੀ ਮੰਗ ਤੇ ਜ਼ੋਰ ਦਿੱਤਾ ਹੈ ਪਰ ਰੱਦੀ ਦੀ ਟੋਕਰੀ ਦੇ ਸਿਵਾ ਇਸ ਮੰਗ ਨੂੰ ਹੋਰ ਕੋਈ ਟਿਕਾਣਾ ਨਹੀਂ ਮਿਲਿਆ।

### ਇਹ ਹਮਲਾ ਸੰਸਥਾ ਤੇ ਹੈ

ਅਖੌਤੀ ਭਾਰਤੀ ਪਾਰਲੀਮੈਂਟ ਦੇ ਵਿਚ ਹੀ ਸਦਨ ਦੇ ਵਿਧੀ ਪੂਰਵਕ ਪਾਸ ਕੀਤੇ ਗਏ ਮਤਿਆਂ ਨੂੰ ਨਫ਼ਰਤ ਨਾਲ ਪੈਰਾਂ ਹੇਠ ਕੁਚਲ ਦਿਤਾ ਗਿਆ ਹੈ। ਦਬਾਓ ਅਤੇ ਅਤਿਆਚਾਰੀ ਕਾਨੂੰਨਾਂ ਨੂੰ ਹਟਾਉਣ ਲਈ ਪੇਸ਼ ਕੀਤੇ ਪ੍ਰਸਤਾਵਾਂ ਨਾਲ ਬੜਾ ਘਿਰਣਾ ਭਰਿਆ ਵਤੀਰਾ ਕੀਤਾ ਗਿਆ ਹੈ। ਤੇ ਜਿਨ੍ਹਾਂ ਬਿਲਾਂ ਅਤੇ ਤਜਵੀਜ਼ਾਂ ਨੂੰ ਵਿਧਾਨ ਸਭਾ ਦੇ ਚੁਣੇ ਹੋਏ ਨੁਮਾਇੰਦੀਆਂ ਨੇ ਅਸਹਿ ਸਮਝਕੇ ਨਾ-ਮਨਜ਼ੂਰ ਕੀਤਾ ਉਨ੍ਹਾਂ ਨੂੰ ਕਲਮ ਦੇ ਇਕ ਝਟਕੇ ਨਾਲ ਫਿਰ ਲਾਗੂ ਕਰ ਦਿੱਤਾ ਗਿਆ। ਮੁਕਦੀ ਗੱਲ ਇਹ ਹੈ ਕਿ ਸਾਨੂੰ ਇਸ ਅਦਾਰੇ ਦੀ ਹੋਂਦ ਦੇ ਹੱਕ ਵਿਚ ਕੋਈ ਯੋਗ ਕਾਰਣ ਨਹੀਂ ਲਭਿਆ।

ਇਸ ਅਦਾਰੇ ਦੀ, ਮਿਹਨਤ ਕਰਦੇ ਹੋਏ ਚੂਰ ਭਾਰਤੀ ਲੋਕਾਂ ਦੇ ਖ਼ੂਨ ਪਸੀਨੇ ਦੀ ਕਮਾਈ ਨਾਲ ਪਾਲੀ ਤੇ ਬਣਾਈ ਸ਼ਾਨੋ ਸ਼ੌਕਤ ਤੇ ਚਮਕ ਦਮਕ, ਸਿਰਫ਼ ਇਕ ਥੋਥਾ ਵਿਖਾਵਾ ਹੀ ਨਹੀਂ ਸਗੋਂ ਸ਼ਰਾਰਤ ਭਰਿਆ ਢੌਂਗ ਹੈ। ਏਸੇ

ਤਰ੍ਹਾਂ ਅਸੀਂ ਉਨ੍ਹਾਂ ਲੋਕ ਨੇਤਾਵਾਂ ਦੀ ਮਾਨਸਕ ਹਾਲਤ ਨੂੰ ਵੀ ਨਹੀਂ ਸਮਝ ਸਕੇ, ਜਿਹੜੇ ਇਸ ਸ਼ਾਨ ਨਾਲ ਵਿਖਾਈ ਜਾ ਰਹੀ ਭਾਰਤ ਦੀ ਬ਼ੇਵਸੀ ਦੀ ਨੁਮਾਇਸ਼ ਲਈ ਜਨਤਾ ਦਾ ਸਮਾਂ ਅਤੇ ਧਨ ਬਰਬਾਦ ਕਰਨ ਵਿਚ ਸਰਕਾਰ ਦੀ ਮਦਦ ਕਰ ਰਹੇ ਹਨ।

## ਮਜ਼ਦੂਰਾਂ ਲਈ ਕੋਈ ਆਸ ਨਹੀਂ

ਅਸੀਂ ਇਸ ਸਭ ਉਤੇ ਅਤੇ ਭਾਰਤੀ ਮਜ਼ਦੂਰ ਨੇਤਾਵਾਂ ਦੀਆਂ ਵਡੇ ਪੱਧਰ ਤੇ ਗ੍ਰਿਫਤਾਰੀਆਂ ਬਾਰੇ ਮੁੜ ਮੁੜ ਵਿਚਾਰ ਕਰਦੇ ਰਹੇ ਹਾਂ। ਟਰੇਡ ਡਿਸਪਿਊਟਸ ਬਿਲ ਪੇਸ਼ ਹੋਣ ਤੇ, ਅਸੀਂ ਇਸ ਦੀ ਕਾਰਵਾਈ ਦੇਖਣ ਲਈ ਅਸੈਂਬਲੀ ਵਿਚ ਆਏ ਤਾਂ ਬਹਿਸ ਨੂੰ ਸੁਣਕੇ ਸਾਡਾ ਵਿਸ਼ਵਾਸ ਹੋਰ ਵੀ ਪੱਕਾ ਹੋ ਗਿਆ ਕਿ ਭਾਰਤ ਦੇ ਕਰੋੜਾਂ ਕਿਰਤੀ ਲੋਕਾਂ ਨੂੰ ਇਸ ਸੰਸਥਾ ਤੋਂ ਕੋਈ ਆਸ ਨਹੀਂ ਰਖਣੀ ਚਾਹੀਦੀ, ਜੋ ਕਿ ਲੁਟੇਰਿਆਂ ਦੀ ਗਲ ਘੋਟੂ ਤਾਕਤ ਅਤੇ ਬੇਵਸ ਮਜ਼ਦੂਰਾਂ ਦੀ ਗੁਲਾਮੀ ਦਾ ਭਿਆਨਕ ਪ੍ਰਤੀਕ ਹੈ।

ਅੰਤ ਵਿਚ ਸਾਰੇ ਦੇਸ਼ ਦੇ ਲਗਨ ਵਾਲੇ ਨੁਮਾਇੰਦਿਆਂ ਦੀ ਬੇਇਜ਼ਤੀ ਕੀਤੀ ਗਈ ਹੈ ਜਿਸ ਨੂੰ ਅਸੀਂ ਵਹਿਸ਼ੀ ਤੇ ਗੈਰ ਇਨਸਾਨੀ ਸਮਝਦੇ ਹਾਂ, ਸੰਘਰਸ਼ ਕਰਦੇ ਤੇ ਭੁਖ ਨਾਲ ਮਰਦੇ ਕਰੋੜਾਂ ਲੋਕਾਂ ਦਾ ਬੁਨਿਆਦੀ ਅਧਿਕਾਰ. ਖੋਹ ਲਿਆ ਗਿਆ ਹੈ ਅਤੇ ਉਨ੍ਹਾਂ ਦੀ ਆਰਥਿਕ ਲੜਾਈ ਦਾ ਕੱਲੋ ਕੱਲਾ ਰਾਹ ਵੀ ਬੰਦ ਕਰ ਦਿੱਤਾ ਗਿਆ ਹੈ। ਜਿਸ ਕਿਸੇ ਦੇ ਵੀ ਮਨ ਵਿਚ ਦੁਖ ਦੀ ਅਗ ਦੇ ਭਾਂਬੜ ਮਚਦੇ ਹੋਣ ਜਿਸ ਕਿਸੇ ਨੂੰ ਅਸਾਂ ਵਾਗੂੰ, ਡੰਗਰਾਂ ਵਾਂਗ ਹੱਕੇ ਜਾ ਰਹੇ, ਹਡ ਤੋੜਵੀਂ ਮਿਹਨਤ ਕਰਦੇ ਭਾਰਤੀ ਮਜਦੂਰਾਂ ਦੀ ਮਜਬੂਰੀ, ਭੁਖ, ਦੁਖ ਤੇ ਮਾੜੇ ਹਾਲ ਦਾ ਅਹਿਸਾਸ ਹੁੰਦਾ ਹੈ ਦਿਲ ਨੂੰ ਘੁਟ ਕੇ ਉਸ ਲਈ ਧੀਰਜ ਨਾਨ ਇਹ ਨਜ਼ਾਰਾ ਦੇਖਣਾ ਸੰਭਵ ਨਹੀਂ। ਜਿਨ੍ਹਾਂ ਇਸ ਸਮਾਜ ਦੇ ਆਰਥਕ ਢਾਂਚੇ ਦੇ ਨਿਰਮਾਣ ਲਈ ਖਾਮੋਸ਼ੀ ਨਾਲ ਆਪਣਾ ਲਹੂ ਪਾਇਆ ਹੈ, ਉਨ੍ਹਾਂ ਦਾ ਮੰਦਾ ਹਾਲ ਤੇ ਬੇਂਕੇ ਦਿਹਾੜੇ ਦੇਖ ਕੇ ਜ਼ਾਲਮ ਸਟ ਨਾਲ ਸਾਡੇ ਦਿਲਾਂ ਵਿਚੋਂ ਉਠਣ ਵਾਲੀ ਚੀਕ ਨੂੰ ਰੋਕ ਨਹੀਂ ਸਕਦਾ।

## ਬੰਬ ਦੀ ਜ਼ਰੂਰਤ

ਸੋ ਫਲ ਸਰੂਪ ਅਸੀਂ ਸਵਰਗੀ ਸੀ. ਆਰ. ਦਾਸ ਜਿਹੜੇ ਕਿ ਇਕ ਸਮੇਂ ਵਡੇ ਲਾਟ (ਗਵਰਨਰ ਜਨਰਲ) ਦੀ ਕਾਰਜ-ਕਰਨੀ ਕੋਂਸਲ ਦੇ ਕਾਨੂੰਨੀ ਮੈਂਬਰ ਸਨ, ਦੇ ਉਨ੍ਹਾਂ ਸ਼ਬਦਾਂ ਨੂੰ ਮਨ ਵਿਚ ਰਖਿਆ ਜਿਹੜੇ ਉਨ੍ਹਾਂ ਆਪਣੇ ਪੁਤਰ ਦੇ ਨਾਂ ਇਕ ਮਸ਼ਹੂਰ ਖਤ ਵਿਚ ਲਿਖੇ ਸਨ। ਜਿਨ੍ਹਾਂ ਦਾ ਭਾਵ ਸੀ ਕਿ ਇੰਗਲੈਂਡ ਨੂੰ ਸੁਪਨਿਆਂ ਤੋਂ ਜਗਾਉਣ ਲਈ ਇਕ ਬੰਬ ਦੀ ਲੋੜ ਹੈ। ਉਨ੍ਹਾ ਲੋਕਾਂ, ਜਿਨ੍ਹਾਂ ਕੋਲ ਕਿ ਆਪਣੀ ਦਿਲ ਚੀਰਵੀਂ ਪੀੜ ਨੂੰ ਦਸਣ ਦਾ ਕੋਈ ਰਾਹ ਨਹੀਂ ਸੀ, ਵਲੋਂ ਰੋਸ ਪਰਗਟ ਕਰਨ ਲਈ, ਅਸਾਂ ਅਸੈਂਬਲੀ ਭਵਨ ਵਿਚ ਬੰਬ ਸੁਟੇ ਹਨ। ਸਾਡਾ ਉਦੇਸ਼ ਬੋਲਿਆਂ ਨੂੰ ਸੁਨਾਣਾ ਅਤੇ ਬੇਧਿਆਨਿਆਂ ਨੂੰ ਠੀਕ ਸਮੇਂ ਚਿਤਾਵਨੀ ਦੇਣਾ ਸੀ। ਬਾਕੀ ਸਾਰੇ ਭਾਰਤੀਆਂ ਨੇ ਵੀ ਸਾਡੇ ਵਾਂਗ ਬੇਚੈਨੀ ਨਾਲ ਇਸ ਨੂੰ ਮਹਿਸੂਸ ਕੀਤਾ ਹੈ। ਸੋ ਅਸਲ ਵਿਚ ਉਤੋਂ ਸ਼ਾਂਤ ਜਾਪਦੇ ਭਾਰਤੀ ਮਨੁਖਤਾ ਦੇ ਸਮੁੰਦਰ ਅੰਦਰ ਇਕ ਤੂਫਾਨ ਉਠਣ ਵਾਲਾ ਹੈ। ਅਗੇ ਆਉਣ ਵਾਲੇ ਭਿਆਨਕ ਖਤਰਿਆਂ ਦਾ ਅਹਿਸਾਸ ਕੀਤੇ ਬਗੈਰ ਜਿਹੜੇ ਲੋਕ ਅਗੇ ਨੂੰ ਦੌੜੇ ਜਾ ਰਹੇ ਹਨ, ਅਸੀਂ ਉਨ੍ਹਾਂ ਨੂੰ ਚੇਤਾਵਨੀ ਦੇਣ ਲਈ ਖਤਰੇ ਦੀ ਝੰਡੀ ਲਹਿਰਾਈ ਹੈ। ਅਸੀਂ ਤਾਂ ਸਿਰਫ ਕਲਪਨਾ ਲੋਕ ਵਿਚ ਵਸਦੀ ਅਹਿੰਸਾ ਦੇ ਦੌਰ ਦੇ ਅਤ ਦਾ ਐਲਾਨ ਕੀਤਾ ਹੈ। ਨਵੀਂ ਪੀੜ੍ਹੀ ਨੂੰ ਅਹਿੰਸਾ ਦੇ ਖੋਖਲੇ ਪਨ ਦਾ ਏਨਾਂ ਵਿਸ਼ਵਾਸ ਹੋ ਚੁੱਕਾ ਹੈ ਕਿ ਉਨ੍ਹਾਂ ਨੂੰ ਹੁਣ ਸ਼ਕ ਦੀ ਗੁੰਜਾਇਸ਼ ਹੀ ਨਹੀਂ ਹੈ।

## ਆਦਰਸ਼ ਦੀ ਵਿਆਖਿਆ

ਅਸੀਂ ਉਪਰਲੇ ਪਹਿਰੇ ਵਿਚ 'ਕਲਪਨਾ ਲੋਕ ਵਿਚ ਵਸਦੀ ਅਹਿੰਸਾ' ਦਾ ਸ਼ਬਦ ਵਰਤਿਆ ਹੈ ਜਿਸ ਲਈ ਕੁਝ ਵਿਆਖਿਆ ਦੀ ਜ਼ਰੂਰਤ ਹੈ। ਹਮਲੇ ਲਈ ਵਰਤੀ ਗਈ ਤਾਕਤ ਹਿੰਸਾ ਹੈ ਅਤੇ ਇਸੇ ਕਰਕੇ ਨੈਤਿਕ ਪਖੋਂ ਨਿੰਦਣ ਯੋਗ ਹੈ। ਪਰ ਜਦ ਇਕ ਉਚਿਤ ਆਦਰਸ਼ ਨੂੰ ਅਗੇ ਵਧਾਉਣ ਲਈ ਵਰਤਿਆ ਜਾਵੇ ਤਾਂ ਇਸ ਦਾ ਸਦਾਚਾਰਕ ਪੱਖ ਵੀ ਹੁੰਦਾ ਹੈ। ਹਰ ਹਾਲਤ ਵਿਚ ਹਿੰਸਾ ਨੂੰ ਤਿਆਗ ਦੇਣਾ ਸ਼ੇਖ ਚਿਲੀ ਦੇ ਸੁਪਨੇ ਵਾਂਗ ਹੈ। ਦੇਸ਼ ਵਿਚ ਨਵੀਂ ਉਠੀ ਲਹਿਰ, ਜਿਸ ਦੇ ਉਭਾਰ ਦੀ ਅਸੀਂ ਚੇਤਾਵਨੀ ਦਿੱਤੀ ਹੈ, ਦੀ ਪਰੇਰਣਾ ਦਾ ਸੋਮਾ ਉਹ ਆਦਰਸ਼ ਹਨ, ਜਿਨ੍ਹਾਂ ਨੇ ਗੁਰੂ ਗੋਬਿੰਦ ਸਿੰਘ, ਸ਼ਿਵਾ ਜੀ, ਕਮਾਲਪਾਸ਼ਾ, ਰਜਾ ਸ਼ਾਹ ਪਹਿਲਵੀ, ਵਾਸ਼ਿੰਗਟਨ, ਗੇਰੀਬਾਲਡੀ, ਲੇਫਏ ਤੇ ਲੈਨਿਨ ਦਾ ਰਾਹ ਰੁਸ਼ਨਾਇਆ ਹੈ। ਕਿਉਂਕਿ ਇੰਜ ਜਾਪਦਾ ਸੀ ਕਿ ਵਿਦੇਸ਼ੀ ਸਰਕਾਰ ਅਤੇ ਭਾਰਤੀ ਜਨ-ਨੇਤਾ ਦੋਵੇਂ ਹੀ ਇਸ ਨਵੀਂ ਲਹਿਰ ਵਲੋਂ ਅੱਖਾਂ ਮੀਟੀ ਬੈਠੇ ਹਨ, ਸੋ ਅਸੀਂ ਆਪਣਾ ਇਹ ਕਰਤਵ ਮਹਿਸੂਸ ਕੀਤਾ ਕਿ ਇਕ ਇਹੋ ਜਿਹੇ ਥਾਂ ਤੋਂ ਚਿਤਾਵਨੀ ਦਿੱਤੀ ਜਾਵੇ ਜਿਥੋਂ ਕਿ ਉਹ ਅਨਸੁਣੀ ਨਾ ਜਾ ਸਕੇ। ਹੁਣ ਤਕ ਤਾਂ ਅਸਾਂ ਵਿਚਾਰ ਅਧੀਨ ਘਟਨਾ ਦੇ ਉਦੇਸ਼ ਬਾਰੇ ਹੀ ਗਲ ਕੀਤੀ ਹੈ। ਅਤੇ ਹੁਣ ਆਪਣੇ ਇਰਾਦੇ ਦੀ ਹੱਦ ਬਾਰੇ ਵੀ ਕੁਝ ਕਹਿਣਾ ਜ਼ਰੂਰੀ ਹੈ।

## ਕੋਈ ਜਾਤੀ ਵੈਰ ਨਹੀਂ

ਜਿਨ੍ਹਾਂ ਨੂੰ ਥੋੜ੍ਹੀਆਂ ਬਹੁਤ ਸੱਟਾਂ ਲੱਗੀਆਂ ਵੀ ਹਨ, ਉਨ੍ਹਾਂ ਨਾਲ ਸਾਡਾ ਕੋਈ ਜਾਤੀ ਵੈਰ ਭਾਵ ਨਹੀਂ ਸੀ ਤੇ ਨਾ ਹੀ ਅਸੈਂਬਲੀ ਵਿਚ ਹਾਜ਼ਰ ਕਿਸੇ ਹੋਰ ਵਿਰੁਧ ਸਾਨੂੰ ਰੋਸ ਸੀ। ਇਹ ਦੁਬਾਰਾ ਕਹਿਣ ਦੀ ਕੋਈ ਲੋੜ ਨਹੀਂ ਹੈ। ਇਸ ਦੇ ਉਲਟ ਅਸੀਂ ਫਿਰ ਦੁਹਰਾਂਦੇ ਹਾਂ ਕਿ ਮਨੁੱਖੀ ਜੀਵਨ ਸਾਡੇ ਲਈ ਏਨਾ ਪਵਿੱਤਰ ਹੈ ਕਿ ਸ਼ਬਦਾਂ ਰਾਹੀਂ ਦਸਿਆ ਨਹੀਂ ਜਾ ਸਕਦਾ। ਸਗੋਂ ਕਿਸੇ ਹੋਰ ਨੂੰ ਜਖਮੀ ਕਰਨ ਦੀ ਬਜਾਏ, ਛੇਤੀ ਹੀ ਅਸੀਂ ਆਪਣੀਆਂ ਜ਼ਿੰਦਗੀਆਂ ਮਨੁੱਖਤਾ ਲਈ ਕੁਰਬਾਨ ਕਰ ਦਿਆਂਗੇ। ਅਸੀਂ ਸਾਮਰਾਜੀ ਫੌਜਾਂ ਦੇ ਭਾੜੇ ਦੇ ਸਿਪਾਹੀਆਂ ਵਾਂਗ ਨਹੀਂ ਹਾਂ ਜਿਹਨਾਂ ਨੂੰ ਕਿ ਬਿਨਾਂ ਪਛਤਾਵੇ ਦੇ ਕਤਲ ਕਰਨ ਦੀ ਜਾਚ ਸਿਖਾਈ ਜਾਂਦੀ ਹੈ। ਅਸੀਂ ਮਨੁੱਖੀ ਜੀਵਨ ਦਾ ਸਤਿਕਾਰ ਕਰਦੇ ਹਾਂ। ਅਤੇ ਜਿਥੋਂ ਤਕ ਹੋ ਸਕੇ ਇਸ ਨੂੰ ਬਚਾਉਣ ਦਾ ਯਤਨ ਕਰਦੇ ਹਾਂ। ਫਿਰ ਵੀ ਅਸੀਂ ਪਰਵਾਨ ਕਰਦੇ ਹਾਂ ਕਿ ਅਸਾਂ ਸੋਚ ਸਮਝ ਕੇ ਅਸੈਂਬਲੀ ਭਵਨ ਵਿਚ ਬੰਬ ਸੁਟੇ। ਸੱਚ ਆਪਣੀ ਵਿਆਖਿਆ ਆਪ ਕਰਦਾ ਹੈ। ਕਲਪਨਾਤਮਕ ਹਾਲਾਤਾਂ ਅਤੇ ਪੂਰਵ-ਧਾਰਨਾਵਾਂ ਦਾ ਸਹਾਰਾ ਲਏ ਬਗੈਰ, ਸਿਰਫ ਸਾਡੇ ਕੰਮ ਦੇ ਨਤੀਜੇ ਤੋਂ ਹੀ ਕੰਮ ਦਾ ਨਿਰਣਾ ਕਰਨਾ ਚਾਹੀਦਾ ਹੈ।

## ਕੋਈ ਅਜੂਬਾ ਨਹੀਂ

ਸਰਕਾਰੀ ਗਵਾਹੀ ਦੇ ਬਾਵਜੂਦ ਅਸੈਂਬਲੀ ਵਿਚ ਸੁਟੇ ਬੰਬਾਂ ਨਾਲ ਸਿਰਫ ਇਕ ਸਰਕਾਰੀ ਬੈਂਚ ਦਾ ਥੋੜ੍ਹਾ ਜਿਹਾ ਨੁਕਸਾਨ ਹੋਇਆ ਹੈ ਅਤੇ ਅੱਧੀ ਦਰਜਨ ਤੋਂ ਵੀ ਘੱਟ ਲੋਕਾਂ ਨੂੰ ਥੋੜ੍ਹੀਆਂ ਬਹੁਤ ਝਰੀਟਾਂ ਆਈਆਂ ਹਨ। ਜਦ ਕਿ ਸਰਕਾਰੀ ਸਾਇੰਸਦਾਨਾਂ ਤੇ ਮਾਹਰਾਂ ਨੇ ਇਸ ਨਤੀਜੇ ਨੂੰ ਇਕ ਅਜੂਬੇ ਦਾ ਨਾਂ ਦਿੱਤਾ ਹੈ, ਪਰ ਸਾਡੇ ਲਈ ਤਾਂ ਇਹ ਸਿਧਾ ਜਿਹਾ ਵਿਗਿਆਨਕ ਨਤੀਜਾ ਹੈ। ਪਹਿਲੀ ਗੱਲ ਤਾਂ

ਇਹ ਕਿ ਦੋਵੇਂ ਬੰਬ, ਡੈਸਕ ਤੇ ਬੈਂਚਾਂ ਦੀ ਲਕੜੀ ਦੀ ਰੁਕਾਵਟ ਵਿਚਕਾਰ ਖਾਲੀ ਥਾਂ ਤੇ ਫਟੇ। ਦੂਜੀ ਗੱਲ ਇਹ ਹੈ ਕਿ ਬੰਬ ਫੱਟਣ ਦੀ ਥਾਂ ਤੋਂ ਦੋ ਫੁਟ ਦੇ ਘੇਰੇ ਵਿਚ ਬੈਠੇ ਹੋਏ ਆਦਮੀਆਂ ਨੂੰ ਜਿਨ੍ਹਾਂ ਵਿਚ ਕਿ ਪੀ. ਆਰ. ਰਾਉ, ਮਿਸਟਰ ਸ਼ੰਕਰ ਅਤੇ ਸਰ ਜਾਰਜ ਸ਼ੁਸ਼ਟਰ ਵੀ ਸ਼ਾਮਲ ਹਨ, ਜਾਂ ਤਾਂ ਬਿਲਕੁਲ ਫੱਟੜ ਨਾ ਹੋਏ ਅਤੇ ਜਾਂ ਉਨ੍ਹਾਂ ਨੂੰ ਮਾਮੂਲੀ ਝਰੀਟਾਂ ਆਈਆਂ।

ਜੇ ਬੰਬ ਉਸੇ ਤਾਕਤ ਦੇ ਹੁੰਦੇ ਜਿੰਨੀ ਕਿ ਸਰਕਾਰੀ ਮਾਹਰਾਂ ਨੇ ਦਸੀ ਹੈ (ਭਾਵੇਂ ਉਸ ਦਾ ਲੇਖਾ ਖਿਆਲੀ ਤੇ ਵਧਾ ਚੜ੍ਹਾ ਕੇ ਦਿੱਤਾ ਹੈ) ਅਤੇ ਜੇ ਉਹਨਾਂ ਵਿਚ ਜ਼ੋਰਦਾਰ ਪੋਟਾਸ਼ੀਅਮ ਕਲੋਰੇਟ ਅਤੇ ਪਿਕਰਿਕ ਦਾ ਤੇਜ਼ਾਬ ਭਰਿਆ ਹੁੰਦਾ ਤਾਂ ਲਕੜੀ ਦੀ ਰੁਕਾਵਟ ਤੋੜ ਕੇ ਉਹ ਬੰਬ ਕਈ ਗਜ਼ਾਂ ਤਕ ਖੜੇ ਲੋਕਾਂ ਨੂੰ ਉਡਾ ਦਿੰਦੇ। ਅਤੇ ਜੇ ਉਹ ਕਿਸੇ ਹੋਰ ਵਿਸਫੋਟਕ ਪਦਾਰਥ ਨਾਲ ਭਰੇ ਹੁੰਦੇ ਅਤੇ ਨਾਲ ਹੀ ਉਨ੍ਹਾਂ ਵਿਚ ਘਾਤਕ ਗੋਲੀਆਂ ਅਤੇ ਟੁਕੜੇ ਵੀ ਰੱਖੇ ਜਾਂਦੇ ਤਾਂ ਉਹ ਵਿਧਾਨ ਸਭਾ ਦੇ ਬਹੁਤੇ ਮੈਂਬਰਾਂ ਨੂੰ ਉਡਾਣ ਲਈ ਕਾਫੀ ਹੁੰਦੇ। ਇਹ ਹੀ ਨਹੀਂ ਜੇ ਅਸੀਂ ਚਾਹੁੰਦੇ ਤਾਂ ਉਨ੍ਹਾਂ ਨੂੰ ਸਰਕਾਰੀ ਪਾਸੇ ਵਲ ਵੀ ਸੁਟ ਸਕਦੇ ਸਾਂ ਜਿਥੇ ਕਿ ਕੁਝ ਉਘੇ ਵਿਅਕਤੀਵੀ ਵੀ ਬੈਠੇ ਹੋਏ ਸਨ।

ਅਤੇ ਅੰਤ ਵਿਚ, ਅਸੀਂ ਸਰ-ਜਾਨ ਸਾਈਮਨ ਨੂੰ ਭੀ ਨਿਸ਼ਾਨਾ ਬਣਾ ਸਕਦੇ ਸਾਂ ਜਿਸ ਦੇ ਅਭਾਗੇ ਕਮਿਸ਼ਨ ਨੂੰ ਸਾਰੇ ਜ਼ੁੰਮੇਂਵਾਰ ਲੋਕਾਂ ਨੇ ਘ੍ਰਿਣਾ ਕੀਤੀ ਸੀ। ਅਤੇ ਜਿਹੜਾ ਉਸ ਵੇਲੇ ਪ੍ਰਧਾਨ ਦੀ ਗੈਲਰੀ ਵਿਚ ਬੈਠਾ ਸੀ। ਪਰ ਇਹ ਸਭ ਸਾਡੇ ਇਰਾਦੇ ਤੋਂ ਬਾਹਰ ਦੀਆਂ ਗੱਲਾਂ ਸਨ ਅਤੇ ਬੰਬਾਂ ਨੇ ਉਸ ਤੋਂ ਵੱਧ ਕੁਝ ਨਹੀਂ ਕੀਤਾ ਜਿਸ ਲਈ ਕਿ ਉਨ੍ਹਾਂ ਨੂੰ ਤਿਆਰ ਕੀਤਾ ਗਿਆ ਸੀ। ਜੇ ਕੋਈ ਅਜੂਬਾ ਹੈ ਤਾਂ ਕੇਵਲ ਇਹੋ ਹੈ ਕਿ ਉਹ ਮਿਥੇ ਹੋਏ ਨਿਸ਼ਾਨੇ ਉਤੇ ਭਾਵ ਸਰੱਖਿਅਤ ਥਾਂ ਉਤੇ ਡਿੱਗੇ।

## ਇਕ ਇਤਿਹਾਸਕ ਸਬਕ

ਫੇਰ ਅਸੀਂ ਜਾਣ ਬੁਝਕੇ ਆਪਣੇ ਆਪ ਆਪਣੇ ਕੀਤੇ ਕੰਮ ਦੀ ਸਜ਼ਾ ਭੁਗਤਣ ਲਈ ਇਸੇ ਕਰਕੇ ਪੇਸ਼ ਕੀਤਾ ਹੈ ਕਿ ਸਾਮਰਾਜਵਾਦੀ ਲੁਟੇਰਿਆਂ ਨੂੰ ਇਹ ਚਾਨਣਾ ਹੋ ਜਾਵੇ ਕਿ ਵਿਅਕਤੀਆਂ ਦਾ ਨਾਸ਼ ਕਰਕੇ ਉਹ ਵਿਚਾਰਾਂ ਨੂੰ ਨਹੀਂ ਮਾਰ ਸਕਦੇ। ਦੋ ਨਿਗੂਣੀਆਂ ਜਿੰਦਾਂ ਦਾ ਅੰਤ ਕਰਕੇ ਇਕ ਕੌਮ ਨੂੰ ਕੁਚਲਿਆ ਨਹੀਂ ਜਾ ਸਕਦਾ। ਅਸੀਂ ਇਸ ਇਤਿਹਾਸਕ ਸਬਕ ਉਤੇ ਜ਼ੋਰ ਦੇਣਾ ਚਾਹੁੰਦੇ ਸਾਂ ਕਿ ਪਛਾਣ-ਪੱਤਰ (letters-de-Catcet) ਅਤੇ ਬੇਸਟਾਈਲ (Bastiles) ਦੀਆਂ ਜੇਲਾਂ ਵੀ ਫਰਾਂਸ ਦੀ ਇਨਕਲਾਬੀ ਲਹਿਰ ਨੂੰ ਕੁਚਲ ਨਾ ਸਕੀਆਂ। ਫਾਂਸੀ ਦੇ ਫੰਦੇ ਅਤੇ ਸਾਇਬੇਰੀਆ ਦੀਆਂ ਖਾਨਾਂ ਰੂਸੀ ਇਨਕਲਾਬ ਦੀ ਅੱਗ ਨੂੰ ਮੱਠਾ ਨਾ ਪਾ ਸਕੀਆਂ। ਖ਼ੂਨੀ ਐਤਵਾਰ ਤੇ ਕਾਲੇ ਅਤੇ ਟੈਨਜ਼ (ਇਕ ਜ਼ਾਲਮ ਫੌਜ ਜਿਹੜੀ ਕਿ ਬਹੁਤ ਅਤਿਆਚਾਰੀ ਸੀ—Ed.) ਆਇਰਲੈਂਡ ਦੀ ਆਜ਼ਾਦੀ ਲਹਿਰ ਦਾ ਗਲਾ ਘੁਟਣ ਵਿਚ ਅਸਫਲ ਰਹੇ ਹਨ। ਤਾਂ ਕੀ ਵਿਸ਼ੇਸ਼ ਕਾਨੂੰਨ (Ordinance) ਅਤੇ ਸੁਰੱਖਿਆ ਬਿਲ ਭਾਰਤ ਵਿਚ ਆਜ਼ਾਦੀ ਦੀ ਜੋਤ ਨੂੰ ਬੁਝਾ ਸਕਣਗੇ ? ਸਾਜ਼ਸ਼ਾਂ ਘੜਕੇ ਜਾਂ ਉਨ੍ਹਾਂ ਦਾ ਪਤਾ ਲਗਾਕੇ ਅਤੇ ਉਚੇ ਆਦਰਸ਼ਾਂ ਦਾ ਸੁਪਨਾ ਲੈਣ ਵਾਲੇ ਸਾਰੇ ਨੌਜਵਾਨਾਂ ਨੂੰ ਜੇਲ੍ਹਾਂ ਵਿਚ ਡਕ ਕੇ ਇਨਕਲਾਬ ਦੀ ਤੋਰ ਨੂੰ ਠੱਲਿਆ ਨਹੀਂ ਜਾ ਸਕਦਾ। ਪਰ ਵੇਲੇ ਸਿਰ ਦਿੱਤੀ ਚੇਤਾਵਨੀ ਨਾਲ, ਜੇ ਅਨਸੁਣੀ ਨਾ ਕੀਤੀ ਜਾਵੇ, ਤਾਂ ਲੋਕਾਂ ਦੀਆਂ ਜਾਨਾਂ ਬਚਾਈਆਂ ਜਾ ਸਕਦੀਆਂ ਹਨ ਅਤੇ ਕਈ ਸੰਕਟਾਂ ਤੋਂ ਬਚਾ ਹੋ ਸਕਦਾ ਹੈ। ਸਾਵਧਾਨ ਕਰਨ ਦਾ ਇਹ ਕੰਮ ਅਸਾਂ ਆਪਣੇ ਜ਼ਿਮੇਂ ਲਿਆ ਸੀ। ਅਤੇ ਸਾਡਾ ਕਰਤਵ ਪੂਰਾ ਹੋ ਗਿਆ ਹੈ।

## ਕਰਾਂਤੀ ਕੀ ਹੈ ?

ਹੇਠਲੀ ਕਚਿਹਰੀ ਵਿਚ ਭਗਤ ਸਿੰਘ ਤੋਂ ਪੁਛਿਆ ਗਿਆ ਕਿ ਸਾਡਾ ਇਨਕਲਾਬ ਤੋਂ ਕੀ ਭਾਵ ਹੈ। ਇਸ ਸਵਾਲ ਦੇ ਜਵਾਬ ਵਿਚ ਮੈਂ ਆਖਾਂਗਾ ਕਿ ਇਨਕਲਾਬ ਵਾਸਤੇ ਖ਼ੂਨੀ ਲੜਾਈਆਂ ਜ਼ਰੂਰੀ ਨਹੀਂ ਹਨ ਅਤੇ ਨਾ ਹੀ ਇਸ ਵਿਚ ਨਿਜੀ ਬਦਲੇ ਲਈ ਕੋਈ ਥਾਂ ਹੈ। ਇਹ ਬੰਬ ਅਤੇ ਪਿਸਤੌਲ ਦਾ ਫਿਰਕਾ ਨਹੀਂ। ਇਨਕਲਾਬ ਤੋਂ ਸਾਡਾ ਮਤਲਬ ਹੈ ਕਿ ਨੰਗੇ ਅਨਿਆਂ ਉਤੇ ਟਿਕਿਆ ਹੋਇਆ ਮੌਜੂਦਾ ਢਾਂਚਾ ਜ਼ਰੂਰ ਬਦਲਣਾ ਚਾਹੀਦਾ ਹੈ।

ਮਜ਼ਦੂਰ ਭਾਵੇਂ ਸੰਸਾਰ ਦਾ ਸਭ ਤੋਂ ਜ਼ਰੂਰੀ ਅੰਗ ਹਨ ਫਿਰ ਭੀ ਲੁਟੇਰੇ ਉਨ੍ਹਾਂ ਦੀ ਖ਼ੂਨ ਪਸੀਨੇ ਦੀ ਕਮਾਈ ਨੂੰ ਹੜੱਪ ਜਾਂਦੇ ਹਨ। ਅਤੇ ਉਨ੍ਹਾਂ ਨੂੰ ਉਨ੍ਹਾਂ ਦੇ ਬੁਨਿਆਦੀ ਅਧਿਕਾਰਾਂ ਤੋਂ ਵਾਂਝੇ ਰੱਖਦੇ ਹਨ। ਦੂਜਿਆਂ ਲਈ ਅੰਨ ਪੈਦਾ ਕਰਨ ਵਾਲਾ ਕਿਸਾਨ ਆਪਣੇ ਪਰੀਵਾਰ ਸਮੇਤ ਦਾਣੇ ਦਾਣੇ ਨੂੰ ਸਹਿਕਦਾ ਹੈ। ਕਪੜਾ ਬੁਨਣ ਵਾਲਾ ਜਿਹੜਾ ਸਾਰੇ ਸੰਸਾਰ ਦੀਆਂ ਮੰਡੀਆਂ ਲਈ ਕਪੜਾ ਤਿਆਰ ਕਰਦਾ ਹੈ, ਉਹ ਆਪਣੇ ਅਤੇ ਆਪਣੇ ਬੱਚਿਆਂ ਦਾ ਜਿਸਮ ਭੀ ਨਹੀਂ ਢੱਕ ਸਕਦਾ। ਰਾਜ, ਲੁਹਾਰ ਅਤੇ ਤਰਖਾਣ ਜਿਹੜੇ ਸ਼ਾਨਦਾਰ ਮਹੱਲ ਉਸਾਰਦੇ ਹਨ, ਨਥਾਂਵਿਆਂ ਵਾਂਗੂ ਗੰਦਿਆਂ ਖੋਲ੍ਹਿਆਂ ਵਿਚ ਰਹਿੰਦੇ ਹਨ। ਦੂਜੇ ਪਾਸੇ ਸਮਾਜ ਦਾ ਲਹੂ ਪੀਣੇ ਪੂੰਜੀਪਤੀ ਕਰੋੜਾਂ ਰੁਪਿਆ ਆਪਣੀ ਮਨ ਦੀ ਮੌਜ ਲਈ ਰੋੜ੍ਹ ਦਿੰਦੇ ਹਨ। ਇਸ ਭਿਅੰਕਰ ਨਾ-ਬਰਾਬਰੀ ਤੇ ਬਦੋਬਦੀ ਠੋਸੇ ਗਏ ਭੇਦ ਭਾਵ ਦਾ ਨਤੀਜਾ ਹਫੜਾ-ਦਫੜੀ ਹੋਵੇਗਾ। ਇਹ ਹਾਲਤ ਬਹੁਤਾ ਚਿਰ ਕਾਇਮ ਨਹੀਂ ਰਹਿ ਸਕਦੀ। ਇਹ ਸਾਫ ਹੈ ਕਿ, ਹੁਣ ਵਾਲਾ ਸਮਾਜਕ ਢਾਂਚਾ ਜਿਹੜਾ ਕਿ ਦੂਸਰਿਆਂ ਦੀ ਮਜਬੂਰੀ ਤੇ ਰੰਗ ਰਲੀਆਂ ਮਨਾ ਰਿਹਾ ਹੈ, ਇਕ ਜਵਾਲਾ ਮੁਖੀ ਦੇ ਮੂੰਹ ਤੇ ਬੈਠਾ ਹੈ।

ਸਭਿਅਤਾ ਦਾ ਇਹ ਮਹਾਨ ਢਾਂਚਾ ਜੇ ਵੇਲੇ ਸਿਰ ਨਾ ਸੰਭਾਲਿਆ ਗਿਆ ਤਾਂ ਢਹਿ ਢੇਰੀ ਹੋ ਜਾਵੇਗਾ। ਇਸ ਲਈ ਇਕ ਬੁਨਿਆਦੀ ਤਬਦੀਲੀ ਦੀ ਲੋੜ ਹੈ। ਸੋ ਇਕ ਬੁਨਿਆਦੀ ਤਬਦੀਲੀ ਅਤੇ ਜ਼ਰੂਰੀ ਹੈ ਤੇ ਜਿਹੜੇ ਇਸ ਗਲ ਨੂੰ ਮਹਿਸੂਸ ਕਰਦੇ ਹਨ ਉਨ੍ਹਾਂ ਦਾ ਫਰਜ਼ ਹੈ ਕਿ ਸਮਾਜਵਾਦ ਤੇ ਅਧਾਰਿਤ ਸਮਾਜ ਦਾ ਪੁਨਰ ਨਿਰਮਾਣ ਕਰਨ। ਜਦ ਤਕ ਇਹ ਨਹੀਂ ਕੀਤਾ ਜਾਂਦਾ ਅਤੇ ਜਦੋਂ ਤਕ ਮਨੁਖ ਦੇ ਹੱਥੀਂ ਮਨੁੱਖ ਦੀ ਅਤੇ ਕੌਮਾਂ ਰਾਹੀਂ ਕੌਮਾਂ ਦੀ ਲੁਟ ਦਾ ਖਾਤਮਾ ਨਾ ਕੀਤਾ ਗਿਆ ਤਾਂ ਮਨੁੱਖਤਾ ਦੇ ਸਿਰ ਉਤੇ ਮੰਡਲਾ ਰਹੇ ਦੁਖਾਂਤ ਅਤੇ ਖ਼ੂਨ ਖਰਾਬੇ ਨੂੰ ਰੋਕਿਆ ਨਹੀਂ ਜਾ ਸਕੇਗਾ। ਜੰਗ ਦਾ ਅੰਤ ਕਰਨ ਅਤੇ ਸੰਸਾਰ ਅਮਨ ਦੇ ਯੁਗ ਦਾ ਮੁਢ ਬੰਨ੍ਹਣ ਦੀਆਂ ਸਾਰੀਆਂ ਗੱਲਾਂ ਪਾਖੰਡ ਤੋਂ ਬਿਨਾਂ ਕੁਝ ਨਹੀਂ ਹਨ। ਇਨਕਲਾਬ ਤੋਂ ਸਾਡਾ ਭਾਵ ਅੰਤ ਇਕ ਐਸੀ ਵਿਵਸਥਾ ਨੂੰ ਕਾਇਮ ਕਰਨਾ ਹੈ ਜਿਸ ਨੂੰ ਇਸ ਤਰ੍ਹਾਂ ਚਕਨਾਚੂਰ ਹੋਣ ਦਾ ਖਤਰਾ ਨਾ ਹੋਵੇ ਅਤੇ ਜਿਸ ਵਿਚ ਕਿਰਤੀ ਮਜ਼ਦੂਰ ਵਰਗ ਦੀ ਸਰਦਾਰੀ ਨੂੰ ਮੰਨਿਆ ਜਾਵੇ ਅਤੇ ਇਕ ਵਿਸ਼ਵ

(ਬਾਕੀ ਸਫ਼ਾ 43 ਤੇ)

# 3.

# ਹਿੰਦੁਸਤਾਨੀ ਪਰਜਾਤੰਤਰ ਸਮਾਜਵਾਦੀ ਸਭਾ ਦਾ ਮਨੋਰਥ-ਪੱਤਰ (ਬੰਬ ਦਾ ਫ਼ਲਸਫ਼ਾ)

(23 ਦਸੰਬਰ 1929 ਨੂੰ ਇਨਕਲਾਬੀਆਂ ਵੱਲੋਂ ਅੰਗਰੇਜ਼ੀ ਸਾਮਰਾਜ ਦੇ ਵੱਡੇ ਥੰਮ ਵਾਇਸਰਾਏ ਦੀ ਗੱਡੀ ਨੂੰ ਉਡਾਉਣ ਦਾ ਯਤਨ ਕੀਤਾ ਗਿਆ ਜੋ ਅਸਫਲ ਰਿਹਾ। ਇਸ ਮੌਕੇ ਤੇ ਗਾਂਧੀ ਜੀ ਨੇ ਲੇਖ ਲਿਖਿਆ - ਬੰਬ ਪੂਜਾ (CULT OF THE BOMB) - ਜਿਸ ਵਿੱਚ ਵਾਇਸਰਾਏ ਨੂੰ ਕੌਮ ਦਾ ਸ਼ੁਭਚਿੰਤਕ ਅਤੇ ਨੌਜਵਾਨ ਦੇਸ਼-ਭਗਤਾਂ ਨੂੰ ਆਜ਼ਾਦੀ ਦੇ ਰਾਹ ਵਿੱਚ ਰੋੜਾ ਅਟਕਾਉਣ ਵਾਲੇ ਕਹਿ ਕੇ ਨਿਵਾਜਿਆ। ਇਸਦੇ ਜਵਾਬ ਵਿੱਚ ਨੌਜਵਾਨਾਂ ਦੀ ਇਨਕਲਾਬੀ ਜਥੇਬੰਦੀ ਨੇ ਇਹ ਲੇਖ ਲਿਖਿਆ ਸੀ- ਬੰਬ ਦਾ ਫ਼ਲਸਫ਼ਾ (PHILOSOPHY OF BOMB)- ਏਹੀ ਲੇਖ ਹੀ ਹਿੰਦੁਸਤਾਨੀ ਪਰਜਾਤੰਤਰ ਸਮਾਜ-ਵਾਦੀ ਸਭਾ ਦਾ ਮਨੋਰਥ-ਪੱਤਰ (M NIFESTO OF HINDUSTAN SOCIALIST REPUBLICAN ASSOC.) ਹੈ ਜਿਸਦਾ ਉਪ-ਸਿਰਲੇਖ ਸੀ 'ਬੰਬ ਦਾ ਫ਼ਲਸਫ਼ਾ'। ਇਸ ਨੂੰ ਤਿਆਰ ਕਰਨ ਵਾਲੇ ਮੁੱਖ-ਲਿਖਾਰੀ ਸ਼ਹੀਦ ਭਗਤ ਸਿੰਘ ਅਤੇ ਭਗਵਤੀ ਚਰਣ ਵੋਹਰਾ ਸਨ।)

### ਮੁੱਖ ਸ਼ਬਦ—

ਪਿੱਛੇ ਜਿਹੇ ਵਾਪਰੀਆਂ ਘਟਨਾਵਾਂ, ਖਾਸ ਤੌਰ ਤੇ ਕਾਂਗਰਸ ਵਲੋਂ ਵਾਇਸਰਾਏ ਦੀ ਗੱਡੀ (23-12-29 ਨੂੰ) ਉਡਾਉਣ ਬਾਰੇ ਮਤਾ, ਤੇ ਗਾਂਧੀ ਜੀ ਦੇ "ਯੰਗ ਇੰਡੀਆ" ਵਿਚ ਲਿਖੇ ਲੇਖ ਇਹ ਸਭ ਸਾਫ਼ ਤੌਰ ਤੇ ਜ਼ਾਹਰ ਕਰਦੇ ਹਨ ਕਿ ਕਾਂਗਰਸ ਨੇ ਗਾਂਧੀ ਸਮੇਤ ਇਨਕਲਾਬੀਆਂ ਦੀ ਵਿਰੋਧਤਾ ਕਰਨ ਤੇ ਲਕ ਬੰਨ੍ਹਿਆ ਹੈ। ਅਖ਼ਬਾਰਾਂ ਤੇ ਸਟੇਜਾਂ ਤੋਂ ਇਨਕਲਾਬੀਆਂ ਵਿਰੁਧ ਕਾਫ਼ੀ ਨੁਕਤਾਚੀਨੀ ਹੋਈ ਹੈ। ਇਹ ਦੁੱਖ ਦੀ ਗੱਲ ਹੈ ਕਿ ਸਾਨੂੰ ਅਨਜਾਣੇ ਜਾਂ ਮਿਥ ਕੇ ਗਲਤ ਰੂਪ ਵਿਚ ਸਮਝਿਆ ਅਤੇ ਪੇਸ਼ ਕੀਤਾ ਗਿਆ ਹੈ। ਇਨਕ-ਲਾਬੀ ਆਪਣੇ ਨਿਸ਼ਾਨਿਆਂ ਅਤੇ ਅਮਲ ਦੀ ਜੰਤਕ ਪੜਚੋਲ ਅਤੇ ਨੁਕਤਾਚੀਨੀ ਤੋਂ ਕੰਨੀ ਨਹੀਂ ਕਤਰਾਉਂਦੇ। ਉਹ ਤਾਂ ਬਲਕਿ ਇਸ ਨੂੰ ਸੰਜੀਦਾ ਲੋਕਾਂ ਤਾਈਂ ਆਪਣਾ ਪੱਖ ਸਹੀ ਤੌਰ ਤੇ ਪੇਸ਼ ਕਰਨ ਦਾ ਅਵਸਰ ਸਮਝਦੇ ਹਨ : ਇਨਕਲਾਬੀ ਲਹਿਰ ਦੇ ਬੁਨਿਆਦੀ ਅਸੂਲ, ਉੱਚੇ ਤੇ ਨਿਰਮਲ ਆਦਰਸ਼ ਜਿਨ੍ਹਾਂ ਤੋਂ ਕਿ ਸਦੀਵੀ ਪਰੇਰਨਾ ਅਤੇ ਤਾਕਤ ਮਿਲਦੀ ਹੈ, ਲੋਕਾਂ ਸਾਹਮਣੇ ਰਖ ਸਕਦੇ ਹਨ। ਆਸ ਕੀਤੀ ਜਾਂਦੀ ਹੈ ਕਿ ਇਹ ਲੇਖ ਇਨਕਲਾਬੀਆਂ ਨੂੰ ਜੰਤਾ ਸਾਹਮਣੇ ਸਹੀ ਰੂਪ ਵਿਚ ਪੇਸ਼ ਕਰਕੇ ਸਵਾਰਥੀ ਤੇ ਅਨਜਾਨ ਲੋਕਾਂ ਦੇ ਨਿਰਮੂਲ ਪਰਚਾਰ ਦਾ ਖੰਡਨ ਕਰੇਗਾ।

### ਹਿੰਸਾ ਜਾਂ ਅਹਿੰਸਾ

ਆਉ ਪਹਿਲਾਂ ਹਿੰਸਾ ਅਤੇ ਅਹਿੰਸਾ ਦੇ ਸਵਾਲ ਦਾ ਨਿਰਣਾ ਕਰੀਏ। ਸਾਡੇ ਖਿਆਲ ਵਿਚ ਇਹਨਾਂ ਸ਼ਬਦਾਂ ਦੀ ਸਾਧਾਰਣ ਰੂਪ ਵਿਚ ਵਰਤੋਂ ਦੋਹਾਂ ਪਾਰਟੀਆਂ ਭਾਵ (ਕਾਂਗਰਸ ਅਤੇ ਇਨਕਲਾਬੀ) ਨਾਲ ਅਨਿਆਂ ਹੈ ਕਿਉਂਕਿ ਇਸ ਤਰ੍ਹਾਂ ਇਹ ਸ਼ਬਦ ਕਿਸੇ ਧਿਰ ਦੇ ਆਦਰਸ਼ ਨੂੰ ਨਹੀਂ ਦਰਸਾਉਂਦੇ। ਹਿੰਸਾ ਉਸ ਜਬਰ ਦਾ ਨਾਉਂ ਹੈ ਜੋ ਅਨਿਆਂ ਲਈ ਵਰਤੋਂ ਵਿਚ ਆਉਂਦਾ ਹੈ, ਪਰ ਇਨਕਲਾਬੀਆਂ ਦਾ ਇਸ ਨਾਲ ਕੋਈ ਵਾਸਤਾ ਨਹੀਂ। ਦੂਜੇ ਬੰਨੇ ਜਿਸ ਨੂੰ ਆਮ ਕਰਕੇ ਅਹਿੰਸਾ ਕਿਹਾ ਜਾਂਦਾ ਹੈ। ਅਸਲ ਵਿਚ ਆਤਮਕ ਸ਼ਕਤੀ ਦਾ ਸਿਧਾਂਤ ਹੈ ਜਿਸ ਨੂੰ ਕਿ ਨਿੱਜੀ ਅਤੇ ਕੌਮੀ ਹੱਕਾਂ ਦੀ ਪੂਰਤੀ ਲਈ ਇਸ ਤਰ੍ਹਾਂ ਵਰਤਿਆ ਜਾਂਦਾ ਹੈ ਕਿ ਦੁਖ ਤਸੀਹੇ ਝਲਦਿਆਂ ਹੋਇਆਂ ਵਿਰੋਧੀ ਨੂੰ ਆਪਣੇ ਵਲ ਢਾਲ ਲਿਆ ਜਾਏ। ਜਦੋਂ ਇਕ ਇਨਕਲਾਬੀ ਆਪਣੇ ਕੁਝ ਹਕ ਸਮਝਦਾ ਹੈ, ਉਹ ਇਹਨਾਂ ਦੀ ਮੰਗ ਕਰਦਾ ਹੈ, ਦਲੀਲ ਦੇਂਦਾ ਹੈ, ਆਪਣੀ ਪੂਰੀ ਆਤਮਕ ਸ਼ਕਤੀ ਰਾਹੀਂ ਉਸ ਨੂੰ ਹਾਸਲ ਕਰਨ ਦਾ ਜਤਨ ਕਰਦਾ ਹੈ, ਵੱਡੇ ਤੋਂ ਵੱਡੇ ਦੁਖ ਤਸੀਹੇ ਝੱਲਦਾ ਹੈ, ਅਤੇ ਵੱਡੀ ਤੋਂ ਵੱਡੀ ਕੁਰਬਾਨੀ ਦੇਣ ਲਈ ਤਿਆਰ ਰਹਿੰਦਾ ਹੈ ਅਤੇ ਨਾਲ ਹੀ ਆਪਣੇ ਸਰੀਰਕ ਬਲ ਨੂੰ ਵੀ ਵਰਤਣਾ ਜੁਰਮ ਨਹੀਂ ਸਮਝਦਾ। ਸੋ ਸਵਾਲ ਹਿੰਸਾ ਜਾਂ ਅਹਿੰਸਾ ਦਾ ਨਹੀਂ ਬਲਕਿ ਇਹ ਹੈ ਕਿ ਕੀ ਅਸੀਂ ਨਿਰੋਲ ਆਤਮਕ ਗਲ ਦੇ ਸਿਰ ਤੇ ਹੀ ਚਲਣਾ ਹੈ ਜਾਂ ਇਸ ਦੇ ਨਾਲ ਸਰੀਰਕ ਸ਼ਕਤੀ ਦੀ ਵਰਤੋਂ ਵੀ ਕਰਨੀ ਹੈ।

### ਸਾਡਾ ਆਦਰਸ਼

ਅਸੀਂ ਇਨਕਲਾਬੀ ਇਹ ਵਿਚਾਰ ਰੱਖਦੇ ਹਾਂ ਕਿ ਆਜ਼ਾਦੀ

ਇਨਕਲਾਬੀ ਢੰਗ ਨਾਲ ਮਿਲੇਗੀ। ਇਹ ਜੁਗ ਪਲਟਾਊ ਸਿਰਫ ਵਿਦੇਸ਼ੀ ਸਰਕਾਰ ਅਤੇ ਇਸ ਦੇ ਹਮਾਇਤੀਆਂ ਤੇ ਜੰਤਾ ਵਿਚਾਲੇ ਲੜਾਈ ਦੀ ਸ਼ਕਲ ਵਿਚ ਹੀ ਨਹੀਂ ਬਲਕਿ ਇਕ ਨਵੇਂ ਸਮਾਜੀ ਢਾਂਚੇ ਦਾ ਸੂਚਕ ਹੋਵੇਗਾ। ਇਹ ਜੁਗ ਦਾ ਪਲਟਾਊ ਸਰਮਾਏਦਾਰੀ ਅਤੇ ਹਰ ਤਰ੍ਹਾਂ ਦੇ ਵਿਤਕਰਿਆਂ ਦਾ ਨਾਸ ਕਰ ਦੇਵੇਗਾ। ਇਹ ਕੌਮ ਨੂੰ ਨਵਾਂ ਜੀਵਨ ਦੇਵੇਗਾ, ਇਹ ਨਵੇਂ ਸਮਾਜ, ਨਵੇਂ ਰਾਜ ਪ੍ਰਬੰਧ ਦਾ ਜਨਮ ਦਾਤਾ ਹੋਵੇਗਾ। ਇਸ ਤੋਂ ਵਧਕੇ ਇਹ ਕ੍ਰਿਤੀ ਦੀ ਸਰਦਾਰੀ ਸਥਾਪਤ ਕਰਕੇ ਸਮਾਜੀ ਜੋਂਕਾਂ ਨੂੰ ਸਦਾ ਲਈ ਰਾਜ ਗਦੀਉਂ ਹਟਾ ਦੇਵੇਗਾ।

## ਆਤੰਕਵਾਦ (Terrosism)

ਇਨਕਲਾਬੀ ਅੱਗੇ ਹੀ ਨੌਜਵਾਨਾਂ ਵਿਚ ਬੇਚੈਨੀ ਅਤੇ ਇਨਕਲਾਬੀ ਰੋਹ ਦੇਖ ਰਹੇ ਹਨ। ਹਰ ਤਰ੍ਹਾਂ ਦੀ ਮਾਨਸਕ ਗੁਲਾਮੀ ਅਤੇ ਮਜ਼੍ਹਬੀ ਵਹਿਮਾਂ ਤੋਂ ਇਹ ਮੁਕਤੀ ਦੇ ਚਾਹਵਾਨ ਹਨ। ਜਿਵੇਂ ਜਿਵੇਂ ਨੌਜਵਾਨਾਂ ਵਿਚ ਇਨਕਲਾਬੀ ਰੂਹ ਰਚਦੀ ਜਾਏਗੀ, ਉਹ ਕੌਮੀ ਗੁਲਾਮੀ ਦਾ ਝਟਪਟ ਅਨੁਭਵ ਅਤੇ ਆਜ਼ਾਦੀ ਲਈ ਨਾ ਮਿਟਣ ਵਾਲੀ ਖਿੱਚ ਨਾਲ ਪਰੋਤੇ ਹੋਏ ਜ਼ੁਲਮਾਂ ਵਿਰੁੱਧ ਹੱਥ ਉਠਾਉਣਗੇ। ਇਸ ਤਰ੍ਹਾਂ ਅੰਤਕਵਾਦ (Terrosism) ਦਾ ਦੌਰ ਵਿਚ ਜਨਮ ਹੁੰਦਾ ਹੈ। ਇਹ ਇਨਕਲਾਬ ਦਾ ਇਕ ਦੌਰ ਹੁੰਦਾ ਹੈ ਜੋ ਕਿਸੇ ਨਾ ਕਿਸੇ ਰੂਪ ਵਿਚ ਜ਼ਰੂਰ ਆਉਂਦਾ ਹੈ। ਅੰਤਕਵਾਦ ਕਰਾਂਤੀ ਬਿਨਾਂ ਅਧੂਰਾ ਹੈ ਅਤੇ ਕਰਾਂਤੀ ਇਹਦੇ ਬਗੈਰ ਨਹੀਂ ਹੋ ਸਕਦੀ। ਇਸ ਤੱਥ ਦੀ ਪੁਸ਼ਟੀ ਹਰ ਇਕ ਇਨਕਲਾਬ ਦੀ ਵਿਥਿਆ ਵਿਚ ਮਿਲਦਾ ਹੈ। ਆਤੰਕਵਾਦ ਹਾਕਮ ਦੇ ਦਿਲ ਵਿਚ ਡਰ ਅਤੇ ਦੱਬੀ ਜੰਤਾ ਦੇ ਦਿਲ ਵਿਚ ਬਦਲੇ ਅਤੇ ਮੁਕਤੀ ਦੀ ਚਾਲ ਜਗਾਉਂਦਾ ਹੈ। ਇਹ ਝਿੜਕਦਿਆਂ ਨੂੰ ਹੌਸਲਾ ਅਤੇ ਸਵੈਵਿਸ਼ਵਾਸ ਦੇਂਦਾ ਹੈ। ਦੱਬੀ ਕੌਮ ਦੀ ਇਜ਼ਤ ਨੂੰ ਦੁਨੀਆਂ ਦੀਆਂ ਨਜ਼ਰਾਂ ਵਿਚ ਕਾਇਮ ਕਰਦਾ ਹੈ। ਇਹ ਕੌਮ ਦੀ ਆਜ਼ਾਦੀ ਲਈ ਤਾਂਘ ਦਾ ਸੂਚਕ ਹੁੰਦਾ ਹੈ। ਸਾਡੇ ਦੇਸ਼ ਵਿਚ ਵੀ ਅੰਤਕਵਾਦ ਦੂਜੇ ਦੇਸ਼ਾਂ ਵਾਂਗ ਕਰਾਂਤੀ ਵਿਚ ਵਿਕਸਤ ਹੋਵੇਗਾ ਅਤੇ ਇਹ ਕਰਾਂਤੀ ਪੂਰਨ ਆਜ਼ਾਦੀ (ਸਮਾਜਕ, ਰਾਜਨੈਤਿਕ ਅਤੇ ਆਰਥਕ) ਲਈ ਹੋਵੇਗੀ।

## ਇਨਕਲਾਬੀ ਢੰਗ

ਇਹ ਹੈ ਇਨਕਲਾਬੀਆਂ ਦਾ ਮੰਤਵ ਅਤੇ ਦਰਿਸ਼ਟੀਕੋਨ। ਉਹ ਇਸ ਉੱਪਰ ਖੁਲੇ ਅਤੇ ਖੁਫੀਆ ਦੋਹਾਂ ਢੰਗਾਂ ਨਾਲ ਚਲ ਰਹੇ ਹਨ। ਪਿਛਲੀ ਇਕ ਸਦੀ ਦੇ ਜੰਤਾ ਦੇ ਸਰਬ-ਵਿਆਪੀ ਆਜ਼ਾਦੀ ਸੰਗਰਾਮ ਵਿਚ ਇਹ ਨਿਸ਼ਾਨੇ ਅਤੇ ਢੰਗ ਸਾਡੀ ਜਾਣਕਾਰੀ ਅਨੁਸਾਰ ਕਦੇ ਅਸਫਲ ਨਹੀਂ ਹੋਏ।

## ਕਾਂਗਰਸ ਅਤੇ ਇਨਕਲਾਬੀ

ਇਸ ਦੌਰਾਨ ਕਾਂਗਰਸ ਕੀ ਕਰਦੀ ਰਹੀ ਹੈ? ਇਸ ਨੇ ਆਪਣਾ ਨਿਸ਼ਾਨਾ ਗਣਰਾਜ ਦੀ ਬਜਾਏ ਮੁਕੰਮਲ ਆਜ਼ਾਦੀ ਬਦਲ ਲਿਆ ਹੈ। ਸਿੱਟੇ ਵਜੋਂ ਆਸ ਕੀਤੀ ਜਾ ਸਕਦੀ ਹੈ ਕਿ ਇਹ ਅੰਗਰੇਜ਼ੀ ਸਰਕਾਰ ਵਿਰੁਧ ਜੰਗ ਦਾ ਐਲਾਨ ਕਰੇਗੀ। ਪਰ ਇਸ ਦੇ ਐਨ ਉਲਟ ਇਸ ਨੇ ਇਨਕਲਾਬੀਆਂ ਵਿਰੁਧ ਜੰਗ ਦਾ ਐਲਾਨ ਕਰ ਦਿੱਤਾ ਹੈ। ਇਹਦਾ ਪਹਿਲਾ ਵਾਰ ਵਾਇਸਰਾਏ ਦੀ ਗੱਡੀ ਤੇ ਕਰ ਦਿੱਤਾ ਤੇ ਬੰਬ ਦੀ 'ਨਿਖੇਧੀ ਦਾ ਮਤਾ' ਦੇ ਰੂਪ ਵਿਚ ਆਇਆ। ਇਹ ਖੁਦ ਹੀ ਗਾਂਧੀ ਨੇ ਤਿਆਰ ਕੀਤਾ ਅਤੇ ਸਿਰ ਤੋਂ ਲੈ ਕੇ ਪੈਰਾਂ ਤੀਕ ਇਹਨੂੰ ਪਾਸ ਕਰਾਉਣ ਦਾ ਜਤਨ ਕੀਤਾ, ਫੇਰ ਵੀ 1913 ਦੀ ਸਭਾ ਵਿਚ ਕੇਵਲ 31 (ਇਕੱਤੀ) ਵੋਟਾਂ ਦੀ ਬਹੁ-ਗਿਣਤੀ ਨਾਲ ਪਰਵਾਨ ਹੋਇਆ। ਪਰ ਕੀ ਇਹ ਨਾਂ-ਮਾਤਰ ਬਹੁਗਿਣਤੀ ਵੀ ਹੱਕੀ ਰਾਜਸੀ ਨਿਰਨੇ ਤੇ ਅਧਾਰਤ ਸੀ। ਸ੍ਰੀ ਮਤੀ ਸਰਲਾ ਦੇਵੀ ਚੋਧਰਾਣੀ, ਜੋ ਜੀਵਨ ਭਰ ਕਾਂਗਰਸ ਦੇ ਸ਼ਰਧਾਲੂ ਰਹੇ ਹਨ ਅਨੁਸਾਰ ਜੋ ਉਹਨਾਂ ਮਹਾਤਮਾ ਜੀ ਦੇ ਕਈ ਚੇਲਿਆਂ ਨਾਲ ਗਲਬਾਤ ਪਿਛੋਂ ਨਤੀਜਾ ਕੱਢਿਆ ਕਿ ਉਹਨਾਂ ਵਿਚ ਕਈ ਸਾਰਿਆਂ ਨੇ ਕੇਵਲ ਮਹਾਤਮਾ ਜੀ ਵਲ ਨਿੱਜੀ ਵਫਾਦਾਰੀ (ਭਾਵ ਅੱਖਾਂ ਮੀਟ ਕੇ) ਹੀ ਹੱਥ ਖੜਾ ਕੀਤਾ ਜਿਸ ਕਰਕੇ ਉਹ ਆਪਣੀ ਆਜ਼ਾਦ ਰਾਏ ਨੂੰ ਦਬਾ ਗਏ ਕਿ ਉਹ ਕਿਸੇ ਤਰ੍ਹਾਂ ਮਹਾਤਮਾ ਜੀ ਦੇ ਪੇਸ਼ ਕੀਤੇ ਹੋਏ ਮਤੇ ਦਾ ਵਿਰੋਧ ਕਰਨ?

ਬਾਕੀ ਜਿਥੋਂ ਤਕ ਵੀ ਗਾਂਧੀ ਦੀਆਂ ਉਸ ਮਤੇ ਦੇ ਹੱਕ ਵਿਚ ਦਿੱਤੀਆਂ ਦਲੀਲਾਂ ਦਾ ਸੰਬੰਧ ਹੈ ਉਸ ਬਾਰੇ ਅਸੀਂ ਫੇਰ ਦੱਸਾਂਗੇ। ਜਦੋਂ ਅਸੀਂ ਹੀ ਗਾਂਧੀ ਦੇ "ਬੰਬ ਪੂਜਾ" ਦੇ ਲੇਖ ਦਾ ਨਿਰਣਾ ਕਰਾਂਗੇ (ਜੋ ਕਿ ਉਹਨਾ ਦੇ ਕਾਂਗਰਸ ਸੈਸ਼ਨ ਵਾਲੇ ਭਾਸ਼ਨ ਦਾ ਹੀ ਵਿਕਸਤ ਰੂਪ ਸੀ) ਇਸ ਨਖਿਧ ਮਤੇ ਬਾਰੇ ਇਕ ਗੱਲ ਪਰਤੱਖ ਤੌਰ ਤੇ ਧਿਆਨ ਯੋਗ ਹੈ, ਉਹ ਇਹ ਕਿ ਭਾਵੇਂ ਕਾਂਗਰਸ ਜਮਾਤ ਅਹਿੰਸਾ ਤੇ ਵਚਨਬੱਧ ਹੈ ਅਤੇ ਇਸਦੇ ਹਕ ਵਿਚ ਪਿਛਲੇ ਦਸਾਂ ਸਾਲਾਂ ਤੋਂ ਪਰਚਾਰ ਕਰ ਰਹੀ ਹੈ, ਅਤੇ ਇਸਦੇ ਬਾਵਜੂਦ ਕਿ ਇਸ ਮਤੇ ਦੇ ਹਾਮੀਆਂ ਨੇ ਗਾਲੀ ਗਲੋਚ ਦੇ ਨਾਲ ਨਾਲ ਇਨਕਲਾਬੀਆਂ ਨੂੰ ਬੁਜ਼ਦਿਲ, ਉਹਨਾਂ ਦੇ ਕੰਮਾਂ ਨੂੰ ਨਿਰਦਈ, ਤੇ ਇਕ ਨੇ ਤਾਂ ਇਥੋਂ ਤੀਕ ਧਮਕੀ ਦਿੱਤੀ ਕਿ ਜੇ ਤੁਸੀਂ ਹੀ ਗਾਂਧੀ ਦੀ ਅਗਵਾਈ ਚਾਹੁੰਦੇ ਹੋ ਤਾਂ ਇਹ ਮਤਾ ਨਿਰ-ਵਿਰੋਧ ਪਾਸ ਕਰ ਦਿਉ। ਇਹ ਸਭ ਕਰਨ ਦੇ ਬਾਵਜੂਦ ਇਹ ਮਤਾ ਥਿੜਕਵੀਂ ਜਿਹੀ ਬਹੁਗਿਣਤੀ ਨਾਲ ਹੀ ਪਾਸ ਹੋ ਸਕਿਆ। ਇਹਦਾ ਭਾਵ ਪਰਤੱਖ ਤੌਰ ਤੇ ਇਹ ਹੀ ਹੈ ਕਿ ਦੇਸ਼ ਵਾਸੀ ਸਾਡੇ ਪੱਖ ਵਿਚ ਹਨ। ਇਕ ਗੱਲੇ ਹੀ ਗਾਂਧੀ ਦੇ ਅਸੀਂ ਧੰਨਵਾਦੀ ਹਾਂ ਕਿ ਉਹਨਾਂ ਇਹ ਸਵਾਲ ਬਹਿਸ ਗੋਚਰੇ ਲਿਆਂਦਾ ਅਤੇ ਸੰਸਾਰ ਵਿਚ ਸਪੱਸ਼ਟ ਹੋ ਗਿਆ ਕਿ ਕਾਂਗਰਸ ਵਰਗੀ ਅਹਿੰਸਾ ਦੀ ਥੰਮ੍ਹ ਜਮਾਤ ਵੀ ਗਾਂਧੀ ਅਤੇ ਇਨਕਲਾਬੀਆਂ ਵਿਚਾਲੇ ਲਗ ਭਗ ਅੱਧ ਬਰਾਬਰ ਵੰਡੀ ਪਈ ਹੈ।

## ਗਾਂਧੀ ਝਗੜੇ ਦੀ ਰਾਹ ਤੇ

ਇਹ ਵੇਖਣ ਨੂੰ ਭਾਵੇਂ (ਗਾਂਧੀ ਦੀ) ਜਿੱਤ ਸੀ, ਪਰ ਅਸਲ ਵਿਚ ਹਾਰ। ਸੋ ਹੁਣ "ਬੰਬ ਦੀ ਪੂਜਾ (Cult of the bomb) ਲੇਖ ਵਿਚ ਉਬਾਲ ਕਢਿਆ ਹੈ। ਅਸੀਂ ਹੋਰ ਕੁਝ ਲਿਖਣੋਂ ਪਹਿਲਾ ਇਸੇ ਨੂੰ ਘੋਖਾਂਗੇ। ਇਸ ਲੇਖ ਵਿਚ ਤਿੰਨ ਚੀਜ਼ਾਂ ਹਨ—ਉਸਦਾ ਅਕੀਦਾ, ਉਸਦੀ ਰਾਏ ਅਤੇ ਉਸਦੀਆਂ ਦਲੀਲਾਂ। ਉਸਦੇ ਅਕੀਦੇ ਬਾਰੇ ਅਸੀਂ ਕੁਝ ਨਹੀਂ ਕਹਾਂਗੇ, ਕਿਉਂਕਿ ਅਕੀਦੇ ਵਿਚ ਦਲੀਲ ਦੀ ਗੁੰਜਾਇਸ਼ ਨਹੀਂ ਹੁੰਦੀ। ਸੋ ਇਸ ਲਈ ਉਸਦੇ ਉਹ ਵਿਚਾਰ ਲੈਂਦੇ ਹਾਂ ਜਿਨ੍ਹਾਂ ਨਾਲ ਦਲੀਲ ਦੇ ਕੇ ਉਸਦੇ ਸ਼ਬਦਾਂ ਅਨੁਸਾਰ ਹਿੰਸਾ ਦਾ ਵਿਰੋਧ ਕੀਤਾ ਗਿਆ ਹੈ।

## ਕੀ ਜੰਤਾ ਅਹਿੰਸਾ ਵਿਚ ਵਿਸ਼ਵਾਸ ਰੱਖਦੀ ਹੈ?

ਓਹ ਕਹਿੰਦਾ ਹੈ ਕਿ ਉਹਦੇ ਪਿਛਲੇ ਦੇਸ਼ ਵਿਚ ਲਾਏ ਚੱਕਰ ਵਿਚ ਉਸਦੇ ਵਿਸ਼ਵਾਸ ਦੀ ਪਰੋੜਤਾ ਹੋਈ ਹੈ ਕਿ

ਹਿੰਦੁਸਤਾਨੀ ਜੰਤਾ ਦੀ ਵੱਡੀ ਗਿਣਤੀ ਹਿੰਸਕ ਭਾਵਨਾ ਤੋਂ ਮੁਕਤ ਹੈ ਅਤੇ ਅਹਿੰਸਾ ਇਕ ਰਾਜਸੀ ਹਥਿਆਰ ਦੇ ਤੌਰ ਤੇ ਆਪਣਾ ਥਾਂ ਬਣਾ ਚੁਕੀ ਹੈ। ਗੱਲ ਇਉਂ ਹੈ ਕਿ ਆਮ ਲੀਡਰ ਆਪਣਾ ਦੌਰਾ ਉਥੋਂ ਤੀਕ ਰੱਖਦਾ ਹੈ ਜਿਥੇ ਤੀਕ ਡਾਕ ਗੱਡੀਆਂ ਜਾਂਦੀਆਂ ਹੋਣ। ਪਰ ਕੱਲੇ ਗਾਂਧੀ ਨੇ ਆਪਣੀ ਪਹੁੰਚ ਜਿੱਥੇ ਤੀਕ ਕਾਰ ਲਿਜਾ ਸਕਦੀ ਹੈ ਉਥੋਂ ਤੀਕ ਬਣਾ ਲਈ ਹੋਵੇਗੀ—ਜਾਕੇ ਉਥੋਂ ਦੇ ਅਮੀਰ ਤੋਂ ਅਮੀਰ ਘਰਾਂ ਵਿਚ ਠਹਿਰਨਾ, ਬਹੁਤ ਸਮਾਂ ਆਪਣੇ ਸ਼ਰਧਾਲੂਆਂ ਨੂੰ ਪ੍ਰਾਈ-ਵੇਟ ਅਤੇ ਖੁਲ੍ਹੇ ਦਰਸ਼ਨ ਦੀਦਾਰ ਦੇਣ ਵਿਚ ਬਿਤਾਉਣਾ ਅਤੇ ਕਦੇ ਕਦਾਈਂ ਆਮ ਅਨਪੜ੍ਹ ਜੰਤਾ ਨੂੰ ਦਰਸ਼ਨ ਦੇਣੇ ਜਿਨ੍ਹਾਂ ਨੂੰ ਕਿ ਉਹ ਚੰਗੀ ਤਰ੍ਹਾਂ ਸਮਝਣ ਦਾ ਦਾਹਵਾ ਕਰਦਾ ਹੈ ਉਹ ਕਿਸ ਆਧਾਰ ਤੇ ਇਹ ਦਾਹਵਾ ਕਰ ਸਕਦਾ ਹੈ ? ਕੋਈ ਆਦਮੀ ਲੋਕਾਂ ਨੂੰ ਸਟੇਜ ਤੋਂ ਹੀ ਦੇਖ ਕੇ, ਦਰਸ਼ਨ ਅਤੇ ਉਪਦੇਸ਼ ਦੇਂਦਿਆਂ ਹੋਇਆਂ ਹੀ ਉਹਨਾਂ ਦੀਆਂ ਮਨੋਂ ਭਾਵਨਾਂ ਸਮਝਣ ਦਾ ਦਾਹਵਾ ਕਰ ਸਕਦਾ ਹੈ। ਜ਼ਿਆਦਾ ਤੋਂ ਜ਼ਿਆਦਾ ਉਹ ਇਹ ਕਹਿ ਸਕਦਾ ਹੈ ਕਿ ਉਸਨੇ ਲੋਕਾਂ ਨੂੰ ਆਪਣੇ ਵਿਚਾਰ ਦੱਸੇ ਹਨ। ਕੀ ਗਾਂਧੀ ਪਿਛਲੇ ਸਾਲਾਂ ਵਿਚ ਆਮ ਲੋਕਾਂ ਵਿਚ ਜਾ ਕੇ ਰਿਹਾ ਹੈ ? ਕਦੇ ਉਸ ਕਿਸਾਨ ਨਾਲ ਰਲਕੇ ਸ਼ਾਮੀ ਧੂਣੀ ਸੇਕਦਿਆਂ ਉਹਦੇ ਨਾਲ ਵਿਚਾਰਾਂ ਦੀ ਸਾਂਝ ਕੀਤੀ ਹੈ ? ਕਦੇ ਉਸਨੇ ਇਕ ਸ਼ਾਮ ਵੀ ਕਿਸੇ ਮਜ਼ਦੂਰ ਨਾਲ ਬੈਠ ਕੇ ਉਹਦੇ ਦੁਖ ਤਕਲੀਫ਼ ਸੁਣੇ ਹਨ ?

ਅਸੀਂ ਇਹ ਸਭ ਕੁਝ ਕਰਦੇ ਹਾਂ, ਅਤੇ ਇਸ ਲਈ ਜੰਤਾ ਨੂੰ ਜਾਨਣ ਦਾ ਦਾਹਵਾ ਕਰਦੇ ਹਾਂ। ਅਸੀਂ ਗਾਂਧੀ ਨੂੰ ਯਕੀਨ ਦਿਵਾਉਂਦੇ ਹਾਂ ਕਿ ਆਮ ਹਿੰਦੋਸਤਾਨੀ ਹਿੰਸਾ ਬਾਰੇ ਅਤੇ ਆਪਣੇ ਦੁਸ਼ਮਣ ਨੂੰ ਪਿਆਰ ਰਾਹੀਂ ਭੰਨਣ ਬਾਰੇ ਲੰਮੇ ਚੌੜੇ ਸਿਧਾਂਤਾਂ ਵਿਚ ਨਹੀਂ ਫਸਿਆ ਹੋਇਆ। ਦੁਨੀਆਂ ਦਾ ਤੌਰ ਹੀ ਕੁਝ ਇਸ ਤਰ੍ਹਾਂ ਹੈ। ਤੁਹਾਡਾ ਇਕ ਦੋਸਤ ਹੈ—ਤੁਸੀਂ ਉਹਨੂੰ ਪਿਆਰਦੇ ਹੋ—ਕਈ ਵਾਰੀ ਉਸਨੂੰ ਇਤਨਾ ਚਾਹੁੰਦੇ ਹੋ ਕਿ ਉਸ ਲਈ ਜਾਨ ਦੀ ਬਾਜ਼ੀ ਵੀ ਲਾ ਦੇਂਦੇ ਹੋ। ਜੇ ਤੁਹਾਡਾ ਕੋਈ ਵੈਰੀ ਹੈ ਤਾਂ ਤੁਸੀਂ ਉਸ ਤੋਂ ਦੂਰ ਰਹਿੰਦੇ ਹੋ, ਉਸਦੇ ਵਿਰੁਧ ਲੜਦੇ ਹੋ ਅਤੇ ਜੇ ਹੋ ਸਕੇ ਤਾਂ ਮਾਰ ਵੀ ਦੇਂਦੇ ਹੋ। ਇਨਕਲਾਬੀਆਂ ਦਾ ਮਤਾ ਸਿੱਧਾ ਅਤੇ ਸਾਦਾ ਹੈ। ਆਦਮ ਅਤੇ ਹਵ੍ਵਾ ਦੇ ਵੇਲੇ ਤੋਂ ਇਸ ਤਰ੍ਹਾਂ ਚਲਿਆ ਆ ਰਿਹਾ ਹੈ ਅਤੇ ਕਿਸੇ ਮਨੁੱਖ ਨੂੰ ਇਹ ਸਮਝਣ ਵਿਚ ਮੁਸ਼ਕਲ ਨਹੀਂ ਹੁੰਦੀ। ਅਸੀਂ ਨਿੱਜੀ ਤੌਰ ਤੇ ਇਸਦੀ ਪਰੋੜਤਾ ਕਰਦੇ ਹਾਂ। ਉਹ ਦਿਨ ਦੂਰ ਨਹੀਂ ਜਦੋਂ ਕਿ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਇਕ ਮੁੱਠ ਹੋ ਕੇ ਆਜ਼ਾਦੀ ਸੰਗਰਾਮ ਵਿਚ ਕੁਦ ਪੈਣਗੇ।

## ਪਿਆਰ ਦਾ ਸਿਧਾਂਤ

ਗਾਂਧੀ ਕਹਿੰਦਾ ਹੈ ਕਿ ਅਹਿੰਸਾ ਵਿਚ ਉਸਦਾ ਵਿਸ਼ਵਾਸ ਵਧ ਗਿਆ ਹੈ। ਦੂਜੇ ਸ਼ਬਦਾਂ ਵਿਚ ਉਸ ਦਾ ਵਿਸ਼ਵਾਸ ਵੀ ਵਧ ਰਿਹਾ ਹੈ ਕਿ ਪਿਆਰ ਰਾਹੀਂ ਅਤੇ ਦੁਖ ਤਸੀਹੇ ਝਲਦਿਆਂ ਹੋਇਆਂ ਵਿਦੇਸ਼ੀ ਹਾਕਮਾਂ ਨੂੰ ਕਿਸੇ ਦਿਨ ਆਪਣੇ ਵਿਚਾਰਾਂ ਅਨੁਸਾਰ ਢਾਲ ਲਵੇਗਾ। ਉਸਨੇ ਆਪਣਾ ਜੀਵਨ ਇਸ ਅਨੋਖੇ ਸਿਧਾਂਤ ਦੇ ਪਰਚਾਰ ਵਲ ਲਾ ਦਿੱਤਾ ਹੈ ਅਤੇ ਇਸਨੂੰ ਪੂਰੀ ਲਗਨ ਨਾਲ ਚਲਾਇਆ ਹੈ, ਜਿਵੇਂ ਕਿ ਸ਼ਾਇਦ ਹੀ ਕਿਸੇ ਹੋਰ ਨੇ ਕੀਤਾ ਹੋਵੇ। ਕੀ ਉਹ ਦਸ ਸਕਦਾ ਹੈ ਕਿ ਕਿੰਨੇ ਕੁ ਭਾਰਤ ਦੇ ਵੈਰੀ ਉਹਨੇ ਢਾਲ ਕੇ ਦੇਸ਼ ਦੇ ਹਿਤੈਸ਼ੀ ਬਣਾ ਲਏ ਹਨ ? ਕਿੰਨੇ ਕੁ ਓਡਵਾਇਰ ਡਾਇਰ ਰੀਡਿੰਗ ਅਤੇ ਇਰਵਨ (ਭਾਰਤ ਦੇ ਬਦਨਾਮ ਗਵਰਨਰ ਅਤੇ ਵਾਇਸਰਾਏ) ਉਸਨੇ ਭਾਰਤ ਦੇ ਦੋਸਤ ਬਣਾ ਲਏ ਹਨ ? ਜੇ ਨਹੀਂ ਤਾਂ ਉਹ ਕਿਸ ਤਰ੍ਹਾਂ ਆਸ ਕਰ ਸਕਦਾ ਹੈ ਕਿ ਉਸਦੇ ਵਧਦੇ ਹੋਏ ਵਿਸ਼ਵਾਸ ਦਾ ਹਿੰਦੁਸਤਾਨ ਭਾਈਵਾਲ ਬਣੇ। ਕੀ ਉਹ ਅੰਗਰੇਜ਼ਾਂ ਨੂੰ ਅਹਿੰਸਾ ਰਾਹੀਂ ਅਜ਼ਾਦੀ ਲਈ ਰਜ਼ਾ-ਮੰਦ ਜਾਂ ਮਜਬੂਰ ਕਰ ਸਕੇਗਾ ?

## ਕੀ ਹੁੰਦਾ

ਜੇ ਬੰਬ ਵਾਇਸਰਾਏ ਦੀ ਗੱਡੀ ਹੇਠਾਂ ਹੀ ਫਟਦਾ ਤਾਂ ਦੋਹਾਂ ਵਿਚੋਂ ਇਕ ਗੱਲ ਜ਼ਰੂਰ ਹੁੰਦੀ। ਵਾਇਸਰਾਏ ਸਖਤ ਜ਼ਖਮੀ ਹੁੰਦਾ ਜਾਂ ਮਾਰਿਆ ਜਾਂਦਾ—ਇਸ ਸੂਰਤ ਵਿਚ ਭਾਰਤੀ ਨੇਤਾਵਾਂ ਅਤੇ ਵਾਇਸਰਾਏ ਵਿਚਾਲੇ ਮੀਟਿੰਗ ਨਾ ਹੁੰਦੀ। ਇਸ ਤਰ੍ਹਾਂ ਇਹ ਠੂਠਾ ਫੜ ਕੇ ਸਰਕਾਰ ਦੇ ਦਰ ਤੋਂ ਹੋਮਰੂਲ ਦੀ ਮੰਗ (ਜੋ ਕਿ ਕਲਕੱਤਾ ਅਲਟੀਮੇਟਮ ਦੇ ਪਰਤੱਖ ਤੌਰ ਤੇ ਉਲਟ ਸੀ) ਕਰਕੇ ਕੌਮੀ ਅਪਮਾਨ ਨਾ ਕਰ ਸਕਦੇ। ਅਤੇ ਕੌਮ ਲਈ ਇਹ ਚੰਗੇਰੀ ਗੱਲ ਹੁੰਦੀ। ਜੇ ਕਰ ਚੰਗੇ ਸਬੱਬ ਨਾਲ ਵਾਇਸਰਾਏ ਮਾਰਿਆ ਜਾਂਦਾ ਤਾਂ ਭਾਰਤ ਦਾ ਇਕ ਹੋਰ ਵੈਰੀ ਆਪਣੇ ਕੀਤੇ ਦੀ ਸਜ਼ਾ ਪਾਉਂਦਾ। ਇਨਕਲਾਬੀਆਂ ਵਿਰੁਧ (ਮੇਰਠ ਅਤੇ ਭੁਸਾਵਲ ਕੇਸ) ਮੁਕੱਦਮੇ ਛੇੜਨ ਵਾਲਾ ਦੱਸੋ ਭਲਾ ਦੇਸ਼ ਦਾ ਹਿਤੈਸ਼ੀ ਕਿਹਾ ਜਾ ਸਕਦਾ ਹੈ ? ਹਿਤੈਸੀ ਤਾਂ ਉਹ ਹਿੰਦੁਸਤਾਨੀ ਦੀ ਆਬਾਦੀ ਦੇ ਵਿਰੋਧੀਆਂ ਨੂੰ ਹੀ ਨਜ਼ਰ ਆ ਸਕਦਾ ਹੈ। ਗਾਂਧੀ ਅਤੇ ਨਹਿਰੂ ਦੀਆਂ ਕੋਸ਼ਿਸ਼ਾਂ ਅਤੇ ਉਹਨਾਂ ਦੇ ਸਿਆਸੀ ਨਿਪੁੰਨਤਾ ਦੇ ਦਾਹਵਿਆਂ ਦੇ ਬਾਵਜੂਦ ਇਰਵਨ ਸਾਡੀਆਂ ਪਾਰਟੀਆਂ ਵਿਚ ਦੁਫੇੜ ਪਾਉਣ ਵਿਚ ਸਫਲ ਰਿਹਾ ਹੈ ਜਿਹੜੀ ਕਿ ਸਾਈਮਨ ਕਮਿਸ਼ਨ ਦੇ ਬਾਈਕਾਟ ਵੇਲੇ ਹੋਂਦ ਵਿਚ ਆਈ ਸੀ। ਏਥੋਂ ਤੀਕ ਕਿ ਕਾਂਗਰਸ ਵੀ ਅੱਜ ਪਾਟੀ ਹੋਈ ਹੈ। ਇਸ ਸਭ ਕਾਸੇ ਲਈ ਅਸੀਂ ਸਵਾਏ ਵਾਇਸਰਾਏ ਅਤੇ ਉਹਦੀ ਚਿਕਨੀ ਚੁਪ ਵੀ ਜ਼ਬਾਨ ਦੇ ਹੱਕ ਦੱਸੋ ਕਿਸਦਾ ਧੰਨਵਾਦ ਕਰੀਏ ? ਪਰ ਫੇਰ ਵੀ ਉਹਦੀ ਪ੍ਰਸ਼ੰਸਾ ਕਰਨ ਵਾਲੇ ਅਤੇ ਦੇਸ਼ ਦਾ ਹਿਤੈਸ਼ੀ ਕਹਿਣ ਵਾਲੇ ਹਿੰਦੋਸਤਾਨ ਅੰਦਰ ਮੌਜੂਦ ਹਨ।

## ਕਾਂਗਰਸ ਦਾ ਭਵਿੱਖ

ਕਈ ਅਜੇਹੇ ਲੋਕ ਹਨ ਜਿਹੜੇ ਕਾਂਗਰਸ ਦੇ ਸ਼ਰਧਾਲੂ ਨਹੀਂ ਅਤੇ ਇਸ ਕੋਲੋਂ ਕੋਈ ਵੀ ਆਸ ਨਹੀਂ ਰੱਖਦੇ। ਜੇ ਗਾਂਧੀ ਇਹ ਸਮਝੇ ਕਿ ਇਨਕਲਾਬੀ ਵੀ ਅਜੇਹੇ ਲੋਕਾਂ ਵਿਚ ਹਨ, ਤਾਂ ਉਸ ਦੀ ਭੁਲ ਹੈ। ਕਾਂਗਰਸ ਨੇ ਜੋ ਆਮ ਲੋਕਾਂ ਵਿਚ ਜਾਗਰਤੀ ਅਤੇ ਆਜ਼ਾਦੀ ਲਈ ਤੀਬਰ ਇੱਛਾ ਪੈਦਾ ਕੀਤੀ ਹੈ, ਅਸੀਂ ਉਸ ਨੂੰ ਮੰਨਦੇ ਹਾਂ। ਅਸੀਂ ਇਸ ਤੋਂ ਭਵਿਖ ਵਿਚ ਵੀ ਵੱਡੀਆਂ ਆਸਾਂ ਰੱਖਦੇ ਹਾਂ ਪਰ ਉਹ ਆਪਣੇ ਇਸ ਵਿਚਾਰ ਤੇ ਵੀ ਦ੍ਰਿੜ੍ਹ ਹਨ ਕਿ ਜਿੰਨੀ ਦੇਰ ਸ਼ੇਨ ਗੁਪਤਾ ਜਿਹੇ ਜਿਹਨਾਂ ਨੂੰ ਵਾਇਸਰਾਏ ਦੀ ਗੱਡੀ ਨੂੰ ਉਡਾਉਣ ਪਿਛੇ ਸੀ. ਆਈ.ਡੀ. ਦਾ ਹੱਥ ਨਜ਼ਰ ਆਉਂਦਾ ਹੈ, ਅਤੇ ਅਨਸਾਰੀ ਜਹੇ ਜੋ ਦਲੀਲ ਦੀ ਬਜਾਏ ਗਾਲੀ ਗਲੋਚ ਤੋਂ ਹੀ ਦਲੀਲ ਦਾ ਕੰਮ ਲੈਂਦੇ ਹਨ, ਅਤੇ ਰਾਜਨੀਤੀ ਬਾਰੇ ਅਜੇਹੇ ਕੱਚੇ ਖਿਆਲ ਰੱਖਦੇ ਹਨ ਕਿ ਕਿਸੇ ਵੀ ਕੌਮ ਨੇ ਹਥਿਆਰ ਦੇ ਬਲ ਨਾਲ ਆਜ਼ਾਦੀ ਹੀ ਨਹੀਂ ਦਿੱਤੀ ਕਾਂਗਰਸ ਦੇ ਕਰਤਾ ਧਰਤਾ ਹਨ, ਕੌਮ ਨੂੰ ਇਸ ਤੋਂ ਕੋਈ ਆਸ ਨਹੀਂ ਬਣ ਸਕਦੀ। ਲੋਕ ਉਸ ਦਿਨ ਦੀ ਉਡੀਕ ਵਿਚ ਹਨ ਜਦੋਂ ਕਾਂਗਰਸ ਦੇ ਸਿਰੋਂ ਅਹਿੰਸਾ ਦਾ ਭੂਤ ਉਤਰ ਜਾਏਗਾ ਅਤੇ ਇਹ ਇਨਕਲਾਬੀਆਂ ਦੇ ਮੋਢੇ ਨਾਲ ਮੋਢਾ ਜੋੜਕੇ ਮੁਕੰਮਲ ਆਜ਼ਾਦੀ ਵਲ ਵਧੇਗੀ।

ਇਸ ਸਾਲ (ਲਾਹੌਰ ਸੈਸ਼ਨ ਵਿਚ) ਇਸ ਨੇ ਪੂਰਨ ਆਜ਼ਾਦੀ ਦਾ ਆਦਰਸ਼ ਜੋ ਕਿ ਇਨਕਲਾਬੀ ਹਮੇਸ਼ਾਂ ਸਾਮ੍ਹਣੇ ਰੱਖਦੇ ਰਹੇ ਹਨ ਅਤੇ ਲਗ ਭਗ ਪਿਛਲੇ 25 ਸਾਲਾਂ ਤੋਂ

ਇਸਤੇ ਚੱਲਦੇ ਆਏ ਹਨ ਅਪਣਾ ਲਿਆ ਹੈ। ਆਸ ਰੱਖਦੇ ਹਾਂ ਕਿ ਇਸ ਤਰ੍ਹਾਂ ਅਗਲੇ ਸਾਲ ਉਹਨਾਂ ਦੇ ਢੰਗ ਤਰੀਕਿਆਂ ਦਾ ਵੀ ਸਮਰਥਨ ਕੀਤਾ ਜਾਵੇਗਾ।

### ਹਿੰਸਾ ਅਤੇ ਫੌਜੀ ਖਰਚ

ਗਾਂਧੀ ਅਨੁਸਾਰ ਜਦ ਵੀ ਦੇਸ਼ ਵਿਚ ਹਿੰਸਕ ਕੰਮ ਕੀਤੇ ਗਏ ਹਨ ਉਸਦੇ ਨਾਲ ਹਮੇਸ਼ਾਂ ਫੌਜੀ ਖਰਚ ਵਿਚ ਵਾਧਾ ਹੋਇਆ ਹੈ। ਜੇ ਉਹਨਾਂ ਦਾ ਇਸ਼ਾਰਾ ਇਨਕਲਾਬੀ ਲਹਿਰ ਦੇ ਪਿਛਲੇ 25 ਸਾਲਾਂ ਵਲ ਹੈ ਤਾਂ ਅਸੀਂ ਉਹਨਾਂ ਦੇ ਕਥਨ ਦੀ ਸਚਾਈ ਨਹੀਂ ਪਰਵਾਨਦੇ ਅਤੇ ਅੰਕੜੇ ਦਲੀਲਾਂ ਰਾਹੀਂ ਠੋਸ ਸਬੂਤ ਮੰਗਦੇ ਹਾਂ। ਪਰ ਜੇ ਉਹ ਅੰਗਰੇਜ਼ਾਂ ਦੇ ਹਿੰਦੋਸਤਾਨ ਵਿਚ ਆਉਣ ਪਿਛੋਂ ਲੜਾਈਆ ਦਾ ਹਵਾਲਾ ਦੇਵੇ ਤਾਂ ਅਸੀਂ ਕਹਾਂਗੇ ਕਿ ਉਸਦੇ ਅਹਿੰਸਾ ਅਤੇ ਸਭਿਆ-ਚਾਰ ਦੇ ਦਬੇ ਘੁਟੇ ਤਜਰਬੇ ਵੇਲੇ ਦੀ ਤਾਂ ਨੌਕਰਸ਼ਾਹੀ ਦੇ ਖ਼ਰਚ ਵਿਚ ਵਾਧਾ ਹੋਇਆ ਸੀ। ਜੰਤਾ ਭਾਵੇਂ ਹਿੰਸਕ ਹੋਵੇ ਜਾਂ ਅਹਿੰਸਕ ਇਸ ਦਾ ਹਿੰਦੋਸਤਾਨ ਦੇ ਹਿੱਤਾਂ ਉਪਰ ਅਸਰ ਜ਼ਰੂਰ ਪਵੇਗਾ।

### ਸੁਧਾਰ

ਸਾਨੂੰ ਸਮਝ ਨਹੀਂ ਆਉਂਦੀ ਕਿ ਗਾਂਧੀ ਸਾਨੂੰ ਸਰਕਾਰ ਵਲੋਂ ਲਾਗੂ ਕੀਤੇ ਵਿਧਾਨਕ ਸੁਧਾਰਾਂ ਵਿਚ ਕਿਉਂ ਉਲਝਾਉਂਦੇ ਅਸੀਂ ਤਾਂ ਕਦੇ ਵੀ ਮਿੰਟੋ ਮਾਰਲੇ ਸੁਧਾਰ (1907) ਮਾਂਟੇਗੂ ਸੁਧਾਰ (1919) ਦੇ ਭੰਬਲ ਭੂਸੇ ਵਿਚ ਨਹੀਂ ਪਏ ਇਹ ਤਾਂ ਸਰਕਾਰ ਨੇ ਕਾਨੂੰਨੀ ਵਿਦਰੋਹ ਕਰਨ ਵਾਲਿਆਂ ਨੂੰ ਪਚਕਾਰਨ ਲਈ ਅਤੇ ਠੀਕ ਰਸਤਿਉਂ ਉਖੇੜਨ ਲਈ ਬਣਾਏ ਸਨ। ਇਹ ਤਾਂ ਇਕ ਤਰ੍ਹਾਂ ਨਾਲ ਉਹਨਾਂ ਨੂੰ ਸਰਕਾਰ ਦੇ ਹਮਾਇਤੀ ਬਣਾਉਣ ਲਈ ਦਿਤੀ ਗਈ ਰਿਸ਼ਵਤ ਸੀ, ਅਤੇ ਇਨਕਲਾਬੀਆਂ ਨੂੰ ਉਖਾੜ ਕੇ ਕੁਚਲਨ ਦੀ ਨੀਤੀ ਦਾ ਅੰਗ ਸੀ। ਇਹ ਛਨਕਣੇ (ਜਿਵੇਂ ਕਿ ਗਾਂਧੀ ਨੇ ਕਿਹਾ ਹੈ) ਉਹਨਾਂ ਲਈ ਹਨ ਜਿਹੜੇ ਕਿ ਕਦੇ ਕਦਾਈਂ 'ਹੋਮਰੂਲ' ਜ਼ਿਮੇਂਵਾਰ ਹਰਕਤਾਂ (ਸੁਧਾਰ ਦੀਆਂ ਮੰਗਾਂ) ਨਾਲ ਗੁਲਾਮੀ ਨੂੰ ਗਲੇਫਨਾ ਚਾਹੁੰਦੇ ਹਨ। ਇਨਕਲਾਬੀਆਂ ਨੇ ਕਦੇ ਵੀ ਇਹਨਾਂ ਸੁਧਾਰਾਂ ਨੂੰ ਆਪਣੇ ਕੰਮ ਦਾ ਸਿੱਟਾ ਨਹੀਂ ਕਿਹਾ ਉਹਨਾਂ ਨੇ ਤਾਂ ਪੂਰਨ ਆਜ਼ਾਦੀ ਦਾ ਝੰਡਾ ਕਿਤੇ ਪਹਿਲਾਂ ਚੁਕਿਆ ਸੀ ਅਤੇ ਉਹ ਇਸ ਲਈ ਜੀ ਰਹੇ ਹਨ ਅਤੇ ਇਸ ਖ਼ਾਤਰ ਆਪਣੀਆਂ ਜਾਨਾਂ ਦਿਲ ਖੋਲ੍ਹ ਕੇ ਵਾਰ ਰਹੇ ਹਨ। ਉਹ (ਇਨਕਲਾਬੀ) ਇਹ ਕਹਿੰਦੇ ਹਨ ਕਿ ਉਹਨਾਂ ਦੀਆਂ ਕੁਰਬਾਨੀਆਂ ਨੇ ਲੋਕਾਂ ਦੀ ਸੋਚ ਵਿਚ ਮਹਾਨ ਤਬਦੀਲੀ ਲਿਆਂਦੀ ਹੈ। ਉਹਨਾਂ ਦੇ ਉਦਮ ਨੇ ਦੇਸ਼ ਤੇ ਆਜ਼ਾਦੀ ਵਲ ਲਿਜਾਣ ਵਿਚ ਵੱਡੀਆਂ ਵਾਟਾਂ ਮੁਕਾਈਆਂ ਹਨ। ਜਿਹਾ ਕਿ ਉਹਨਾਂ ਨਾਲ ਮਤਭੇਦ ਰੱਖਣ ਵਾਲੇ ਵੀ ਮੰਨਦੇ ਹਨ।

### ਤਰੱਕੀ ਦਾ ਰਸਤਾ

ਗਾਂਧੀ ਦਾ ਇਹ ਕਥਨ ਕਿ ਹਿੰਸਾ ਤਰੱਕੀ ਦੇ ਰਸਤੇ ਦੀ ਰੁਕਾਵਟ ਹੈ, ਅਤੇ ਇਸ ਤਰ੍ਹਾਂ ਨਾਲ ਸਿਧੇ ਤੌਰ ਤੇ ਆਜ਼ਾਦੀ ਦੀ ਘੜੀ ਨੂੰ ਅਗੇ ਪਾਉਂਦੀ ਹੈ, ਤਾਂ ਅਸੀਂ ਉਸਨੂੰ ਕਈ ਸਾਰੀਆਂ ਅਜੋਕੇ ਯੁਗ ਦੀਆਂ ਮਿਸਾਲਾਂ ਦੇ ਸਕਦੇ ਹਾਂ ਜਿਥੇ ਹਥਿਆਰਾਂ ਰਾਹੀਂ ਸਮਾਜਕ ਤਰੱਕੀ ਹੋਈ ਹੈ ਅਤੇ ਲੋਕਾਂ ਨੇ ਇਸ ਰਾਹੀਂ ਆਜ਼ਾਦੀ ਹਾਸਲ ਕੀਤੀ ਹੈ। ਜਿਵੇਂ ਰੂਸ ਅਤੇ ਤੁਰਕੀ ਦੀ ਮਿਸਾਲ ਲਵੋ। ਇਹਨਾਂ ਦੋਹਾਂ ਦੇਸ਼ਾਂ ਵਿਚ ਅਗਾਂਹ ਵਧੂ ਜਥੇਬੰਦੀਆਂ ਨੇ ਹਥਿਆਰਬੰਦ ਇਨਕਲਾਬ ਰਾਹੀਂ ਰਾਜ ਸਤਾ ਸੰਭਾਲੀ। ਪਰ ਇਹਨਾਂ ਨੇ ਸਮਾਜੀ ਤਰੱਕੀ ਦੀ ਗਤੀ ਨੂੰ ਦੁਗਣਾ ਤੇਜ਼ ਕੀਤਾ ਹੈ। ਇਕਲੇ ਅਫਗਾਨਸਤਾਨ ਦੀ ਮਿਸਾਲ (ਜੋ ਗਾਂਧੀ ਦੇਂਦਾ ਹੈ।) ਹੀ ਇਕ ਸਿਆਸੀ ਮੰਤਰ ਨਹੀਂ ਬਣ ਜਾਂਦੀ। ਬਲਕਿ ਉਹ ਤਾਂ ਇਕ ਨਵੇਕਲੀ ਜਿਹੀ ਮਿਸਾਲ ਹੈ।

### ਅਹਿੰਸਾ ਦੀ ਅਸਫਲਤਾ

ਗਾਂਧੀ ਅਨੁਸਾਰ ਜੰਤਾ ਵਿਚ ਨਾ ਮਿਲਵਰਤਨ ਲਹਿਰ (1920) ਦੇ ਦੌਰਾਨ ਆਈ ਜਾਗਰਤੀ ਅਸਲ ਵਿਚ ਅਹਿੰਸਾ ਦੇ ਪਰਚਾਰ ਦਾ ਸਿੱਟਾ ਹੈ। ਜੰਤਾ ਵਿਚ ਵਿਸ਼ਾਲ ਜਾਗਰਤੀ ਜੋ ਕਿ ਹਰ ਤਰ੍ਹਾਂ ਦੀ ਸਿਧੀ ਜੰਤਕ ਲਹਿਰ ਟੁੰਬਦੀ ਹੈ, ਨੂੰ ਅਹਿੰਸਾ ਦੇ ਪਰਚਾਰ ਦਾ ਪਰਭਾਵ ਕਰਨਾ ਗਲਤ ਹੈ। ਮਿਸਾਲ ਵਜੋਂ ਰੂਸ ਵਿਚ ਮਜ਼ਦੂਰਾਂ ਕਿਸਾਨਾਂ ਵਿਚ ਵਿਸ਼ਾਲ ਜਾਗਰਤੀ ਉਦੋਂ ਆਈ ਜਦੋਂ ਕਿ ਕੌਮਨਿਸਟਾਂ ਨੂੰ ਪਰਚੰਡ ਜੰਤਕ ਲਹਿਰ ਛਿੜੀ, ਹਾਲਾਂ ਕਿ ਕਿਸੇ ਨੇ ਅਹਿੰਸਾ ਦਾ ਪਰ-ਚਾਰ ਨਹੀਂ ਸੀ ਕੀਤਾ। ਅਸੀਂ ਤਾਂ ਬਲਕਿ ਇਥੋਂ ਤੀਕ ਕਹਿੰਦੇ ਹਾਂ ਕਿ ਇਹ ਅਹਿੰਸਾ ਅਤੇ ਗਾਂਧੀ ਦੀ ਸੌਦੇਬਾਜ਼ੀ ਨੀਤੀ ਸੀ ਜਿਸਨੇ ਕਿ ਕੌਮੀ ਲਹਿਰ ਵੇਲੇ ਜੁੜੀਆਂ ਸਫਾਂ ਵਿਚ ਦੁਫੇੜ ਪਾਈ।

ਇਹ ਦਾਹਵਾ ਕੀਤਾ ਜਾਂਦਾ ਹੈ ਕਿ ਅਹਿੰਸਾ ਰਾਹੀਂ ਸਿਆਸੀ ਊਣਤਾਈਆਂ ਠੀਕ ਕੀਤੀਆਂ ਜਾ ਸਕਦੀਆਂ ਹਨ। ਇਸ ਰਾਹੀਂ ਦਖਣੀ ਅਫਰੀਕਾ ਵਿਚ ਰਹਿੰਦੇ ਹਿੰਦੀਆਂ ਦੇ ਜਾਇਜ਼ ਹਕ ਨਹੀਂ ਹਾਸਲ ਹੋਏ। ਇਸ ਨਾਲ ਭਾਰਤੀ ਜੰਤਾ ਨੂੰ ਅਨੇਕਾਂ ਆਦਮੀਆਂ ਦੀ ਅਨਥਕ ਕੋਸ਼ਿਸ਼ ਅਤੇ 25 ਲਖ ਰੁਪੈ ਦੇ ਬਾਵਜੂਦ ਸਾਲ ਦੇ ਅੰਦਰ ਸਵਰਾਜ (ਜਿਵੇਂ ਕਿ ਗਾਂਧੀ ਨੇ 1920 ਵਿਚ ਕਿਹਾ ਸੀ) ਨਹੀਂ ਮਿਲਿਆ।

ਪਿਛੇ ਜਿਹੇ ਇਸ ਰਾਹੀਂ ਬਾਰਦੋਲੀ ਦੇ ਕਿਸਾਨਾਂ ਨੂੰ ਸਤਿਆਗ੍ਰਹੀ ਲੀਡਰਾਂ (ਗਾਂਧੀ ਅਤੇ ਪਟੇਲ) ਦੇ ਕਹਿਣ ਮੁਤਾਬਕ ਘਟੋ ਘਟ ਮੰਗਾਂ ਵੀ ਪੂਰੀਆਂ ਨਹੀਂ ਹੋਈਆਂ। ਅਸੀਂ ਕਿਸੇ ਹੋਰ ਥਾਂ ਥਾਂ ਤੇ ਅਹਿੰਸਾ ਨੂੰ ਕੌਮੀ ਪਧਰ ਤੇ ਕੰਮ ਕਰਦਿਆਂ ਨਹੀਂ ਦੇਖਿਆ। ਅਜੇ ਤੀਕ ਤਾਂ ਅਹਿੰਸਾ ਦਾ ਇਕੋ ਸਿਟਾ ਨਿਕਲਿਆ ਹੈ—ਨਾਕਾਮੀ। ਤਾਂ ਇਹ ਹੈਰਾਨਗੀ ਵਾਲੀ ਗੱਲ ਨਹੀਂ ਹੈ ਕਿ ਦੇਸ਼ ਇਸ ਦਾ ਇਕ ਹੋਰ ਤਜਰਬਾ ਕਰਨ ਲਈ ਤਿਆਰ ਨਹੀਂ।

ਅਸਲ ਵਿਚ ਸਤਿਆਗ੍ਰਹਿ ਜਿਵੇਂ ਕਿ ਗਾਂਧੀ ਨੇ ਪ੍ਰਚਾ-ਰਿਆ ਹੈ, ਇਕ ਤਰ੍ਹਾਂ ਦਾ ਰੋਸ ਹੈ, ਜਿਸਦਾ ਸਿੱਟਾ ਜਿਵੇਂ ਕਿ ਅਸਾਂ ਦੇਖਿਆ ਹੈ, ਸਮਝੌਤੇ (ਸੌਦੇਬਾਜ਼ੀ) ਹੀ ਨਿਕਲਦਾ। ਇਹ ਪੂਰਨ ਆਜ਼ਾਦੀ ਲਈ ਲੜਨ ਵਾਲੀ ਕੌਮ ਨੂੰ ਰਾਸ ਨਹੀਂ ਆ ਸਕਦਾ। ਜਿੰਨੀ ਛੇਤੀ ਅਸੀਂ ਇਹ ਸਮਝ ਲਈਏ ਕਿ ਆਜ਼ਾਦੀ ਅਤੇ ਗੁਲਾਮੀ ਵਿਚਾਲੇ ਕੋਈ ਸਮਝੌਤਾ ਨਹੀਂ ਹੋ ਸੁਕਦਾ, ਉਨਾ ਹੀ ਚੰਗਾ ਹੋਵੇਗਾ।

### ਕੀ ਇਹ ਨਵਾਂ ਯੁੱਗ ਹੈ ?

ਗਾਂਧੀ ਅਨੁਸਾਰ ਅਸੀਂ ਨਵੇਂ ਯੁਗ ਵਿਚ ਪਰਵੇਸ਼ ਕਰ ਰਹੇ ਹਾਂ। ਨਿਰੋਲ ਇਕ ਸ਼ਬਦ ਗਣਰਾਜ ਦੀ ਵਿਆਖਿਆ ਪੂਰਨ ਆਜ਼ਾਦੀ ਦੇ ਰੂਪ ਵਿਚ ਕਰ ਲੈਣਾ ਅਸੀਂ ਨਵੇਂ ਯੁਗ ਦਾ ਪ੍ਰਤੀਕ ਕਿਵੇਂ ਮੰਨ ਲਈਏ। ਹਾਂ, ਉਹ ਦਿਨ ਵਾਕਈ ਮਹਾਨ ਹੋਵੇਗਾ ਜਦ ਕਿ ਕਾਂਗਰਸ ਇਕ ਦੇਸ਼ ਵਿਆਪੀ ਜੰਤਕ ਇਨਕਲਾਬੀ ਲਹਿਰ ਦਾ ਹੋਕਾ ਦੇਵੇਗੀ। ਓਦੋਂ ਤੀਕ ਕੇਵਲ ਆਜ਼ਾਦੀ ਦੇ ਝੰਡੇ ਝੁਲਾਉਣ ਨੂੰ ਅਸੀਂ ਸ੍ਰੀ ਮਤੀ ਸਰਲਾ ਦੇਵੀ ਚੋਧਰਾਨੀ ਦੇ ਪਿੰਡ ਜਾਂ ਇਕ ਪਰੇਸ ਭੇਟ ਵਿਚ ਕਹੇ ਅਨੁਸਾਰ 31 ਦਸੰਬਰ 1929 ਨੂੰ ਰਾਤ

ਦੇ 12 ਵਜਕੇ ਇਕ ਮਿੰਟ ਤੇ ਝੰਡੇ ਦਾ ਝੁਲਾਏ ਜਾਣਾ ਇਕ ਨਾ ਬਿਆਨ ਕੀਤੇ ਜਾਣ ਵਾਲੀ ਗਲ ਸੀ ਜਿਵੇਂ ਕਿ (ਕਾਂਗ-ਰਸ ਵਾਲੰਟੀਅਰ ਦਲ ਦੇ ) ਜਨਰਲ ਆਫ਼ੀਸਰ ਕਮਾਂਡਿੰਗ ਅਤੇ ਨਾਇਬ ਕਮਾਂਡਰ ਕਾਗਜ਼ੀ ਜਨਰੈਲ ਸਨ। ਇਹ ਸਚਾਈ ਕਿ ਝੰਡੇ ਦਾ ਝੁਲਾਏ ਜਾਣਾ ਅਧੀ ਰਾਤ ਤੀਕ ਗੈਰ ਯਕੀਨੀ ਸੀ ਅਤੇ ਜੇ ਇਕ ਦੋ ਮਿੰਟ ਵੀ ਪਹਿਲਾਂ ਵਾਇਸਰਾਏ ਵਲੋਂ 'ਹੋਮਰੂਲ' (ਨੀਮ ਗੁਲਾਮੀ) ਦੀ ਹਾਮੀ ਭਰੀ ਜਾਂਦੀ ਤਾਂ ਇਹ ਕਹਿ ਜਾਣਾ ਹੀ ਇਹ ਸਿਧ ਕਰਦਾ ਹੈ ਕਿ ਪੂਰਨ ਆਜ਼ਾਦੀ ਉਹਨਾਂ ਦੀ ਜਿਗਰੀ ਇਛਾ ਨਹੀਂ ਬਲਕਿ ਨਿਆਣਿਆਂ ਵਾਲੀ ਅੜੀ ਦੀ ਤਰ੍ਹਾਂ ਹੈ। ਗਲ ਤਾਂ ਬਣਦੀ ਜੇ ਕਾਂਗਰਸ ਆਜ਼ਾਦੀ ਪਹਿਲਾਂ ਹਾਸਲ ਕਰਕੇ ਐਲਾਨ ਫੇਰ ਕਰਦੀ।

ਇਸ ਵਿਚ ਕੋਈ ਸ਼ਕ ਨਹੀਂ ਕਿ ਹੁਣ ਕਾਂਗਰਸ ਦੇ ਬੁਲਾਰੇ ਜੰਤਾ ਅਗੇ ਹੋਮ ਰੂਲ (ਨੀਮ ਗੁਲਾਮੀ) ਦੀ ਬਜਾਏ ਪੂਰਨ ਆਜ਼ਾਦੀ ਉਪਰ ਭਾਸ਼ਨ ਝਾੜਨਗੇ। ਉਹ ਜੰਤਾ ਨੂੰ ਇਕ ਅਜੇਹੇ ਸੰਗਰਾਮ ਲਈ ਤਿਆਰ ਹੋਣ ਲਈ ਕਹਿਣਗੇ ਜਿਸ ਵਿਚ ਇਕ ਪਾਸਾ ਚੋਟ ਮਾਰੇਗਾ ਅਤ ਦੂਜਾ ਪਾਸਾ (ਭਾਵ ਜੰਤਾ) ਉਸਨੂੰ ਕੇਵਲ 'ਗ੍ਰਹਿਣ' ਕਰੇਗਾ ਅਤੇ ਕਰੀ ਹੀ ਜਾਏਗਾ ਜਦ ਤੀਕ ਕਿ ਉਹਦਾ ਕਚੂਮਰ ਨਾ ਨਿਕਲ ਜਾਏ ਕੀ ਅਜੇਹੀ ਚੀਜ਼ ਨੂੰ ਅਸੀਂ ਸੰਗਰਾਮ ਕਹਿ ਸਕਦੇ ਹਾਂ ਅਤੇ ਕੀ ਇਹ ਦੇਸ਼ ਨੂੰ ਪੂਰਨ ਆਜ਼ਾਦੀ ਵਲ ਲਿਜਾ ਵੀ ਸਕਦਾ ਹੈ ? ਭਾਵੇਂ ਕਿ ਇਕ ਉਚੇ ਆਦਰਸ਼ ਨੂੰ ਵੀ ਕੌਮ ਸਾਹਮਣੇ ਰਖਣਾ ਆਪਣੇ ਥਾਂ ਤੇ ਠੀਕ ਸਮਝਿਆ ਜਾਵੇ, ਪਰ ਦੁਨੀਆਂ ਹਾਸੋ ਹੀਣੇ ਬਣਨੋਂ ਤੇ ਤਾਂ ਹੀ ਬਚਿਆ ਜਾ ਸਕਦਾ ਹੈ ਜੇ ਅਮਲੀ ਅਤੇ ਅਜਮਾਏ ਹੋਏ ਢੰਗ ਅਪਨਾਏ ਜਾਣ !

## ਕ੍ਰਿਪਾ ਕਰਕੇ ਤਹੁਮਤ ਬਾਜ਼ੀ ਛੱਡੋ

ਗਾਂਧੀ ਨੇ ਸਭ ਹੋਸ਼ਮੰਦਾਂ ਨੂੰ ਇਨਕਲਾਬੀਆਂ ਤੋਂ ਮਦਦ ਵਾਪਸ ਲੈਣ ਅਤੇ ਉਹਨਾਂ ਦੀ ਨਿਖੇਧੀ ਕਰਨ ਦਾ ਸੱਦਾ ਦਿਤਾ ਹੈ— ਤਾਂ ਕਿ (ਗਾਂਧੀ ਅਨੁਸਾਰ) ਇਹ ਭੁਲੜ ਦੇਸ਼ ਭਗਤ, ਹਿੰਸਕ ਭਾਵਨਾ ਦੀ ਪਰੇਰਣਾ ਦੀ ਅਣਹੋਂਦ ਵਿਚ ਹਿੰਸਾ ਤੋਂ ਮੂੰਹ ਮੋੜ ਲੈਣ ਅਤੇ ਇਸ ਤਰ੍ਹਾਂ ਜੋ ਵਡਾ ਨੁਕਸਾਨ ਹਿੰਸਕ ਕਾਰਵਾਈਆਂ ਨਾਲ ਹੀ ਹੋ ਰਿਹਾ, ਉਸ ਤੋਂ ਬਚਿਆ ਜਾਏ। ਵਾਕਈ ਕਿਸੇ ਨੂੰ ਭੁਲੜ ਕਹਿ ਦੇਣਾ ਅਤੇ ਦਲੀਲ ਤੋਂ ਬਾਹਰ ਕਹਿ ਦੇਣਾ ਕਿੰਨਾ ਧੋਖਾ ਹੈ। ਜੰਤਾ ਨੂੰ ਕਾਹਣਾ ਕਿ ਇਹਨਾਂ (ਇਨਕਲਾਬੀਆਂ) ਦਾ ਸਾਥ ਨਾ ਦਿਓ, ਅਤੇ ਇਹਨਾਂ ਦੀ ਨਿਖੇਧੀ ਕਰਨਾ ਤਾਂ ਕਿ ਇਹ (ਇਨਕ-ਲਾਬੀ) ਲੋਕਾਂ ਤੋਂ ਟੁਟ ਕੇ ਆਪਣੇ ਕੰਮ ਛਡ ਦੇਣ, ਖਾਸ ਤੌਰ ਤੇ ਜਦੋਂ ਕਿ ਇਕ ਵਿਅਕਤੀ (ਭਾਵ ਗਾਂਧੀ) ਜੰਤਾ ਦੇ ਇਕ ਰਸੂਖ ਵਾਲੇ ਤਬਕੇ ਦੇ ਵਿਸ਼ਵਾਸ ਦਾ ਪਾਤਰ ਹੋਵੇ। ਇਹ ਇਕ ਤਰਸ ਵਾਲੀ ਗਲ ਹੈ ਕਿ ਗਾਂਧੀ ਨੂੰ ਇਨਕਲਾਬੀ ਵਿਚਾਰਧਾਰਾ ਨਾ ਸਮਝ ਆਉਂਦੀ ਹੈ ਅਤੇ ਨਾ ਹੀ ਇਤਨੇ ਲੰਮੇ ਤਜਰਬੇ ਦੇ ਬਾਵਜੂਦ ਸਮਝ ਵਿਚ ਆ ਸਕਦੀ ਹੈ। ਇਹ (ਇਨਕਲਾਬੀ ਵਿਚਾਰਧਾਰਾ) ਇਕ ਬਹੁਮਲੀ ਚੀਜ਼ ਹੈ। ਇਹ ਹਰ ਦੇਸ਼ ਨੂੰ ਪਿਆਰੀ ਹੈ। ਜੇ ਇਕ ਸ਼ਖਸ਼ ਇਨਕਲਾਬੀ ਬਣਦਾ ਹੈ, ਤੇ ਆਪਣੀ ਜਾਨ ਤਲੀ ਤੇ ਧਰ ਕੇ ਤੁਰਿਆ ਜਾ ਰਿਹਾ ਹੈ ਤਾਂ ਉਹ ਅਜੇਹਾ ਦਿਲ ਲਗੀ ਲਈ ਤਾਂ ਨਹੀਂ ਕਰ ਰਿਹਾ ਹੁੰਦਾ। ਉਹ ਇਸ ਲਈ ਤਾਂ ਸਿਰ ਧੜ ਦੀ ਬਾਜ਼ੀ ਨਹੀਂ ਲਾਉਂਦਾ ਕਿ ਲੋਕੀਂ, ਇਸ ਵੇਲੇ ਹਮਦਰਦੀ ਦੇ ਅਸਰ ਹੇਠਾਂ ਨੇ ਅਤੇ ਪ੍ਰਸ਼ੰਸਾ ਵਜੋਂ ਵਾਹਵਾਹ ਕਹਿ ਦੇਣਗੇ। ਉਹ ਅਜੇਹਾ ਇਸ ਲਈ ਕਰਦਾ ਹੈ ਕਿ ਉਹਦੀ ਦਲੀਲ ਅਤੇ ਆਤਮਾ ਉਸ ਨੂੰ ਪਰੇਰਦੀਆਂ ਹਨ। ਇਨਕਲਾਬੀ ਦਲੀਲ ਨੂੰ ਮਹਾਨ ਸਮਝਦਾ ਹੈ। ਇਹ ਦਲੀਲ ਅਤੇ ਸਿਰਫ਼ ਦਲੀਲ ਨੂੰ ਮੰਨਦਾ ਹੈ। ਗਾਲੀ ਗਲੋਚ ਭਾਵੇਂ ਕਿੰਨੇ ਉਦੇ ਤੋਂ ਉਚੇ ਥਾਂ ਤੋਂ ਵਰੇ ਉਹਨੂੰ ਥਿੜਕਾ ਨਹੀਂ ਸਕਦਾ। ਇਉਂ ਸੋਚਣਾ ਕਿ ਹਮਦਰਦੀ ਅਤੇ ਪਰਸੰਸਾ ਦੀ ਅਣਹੋਂਦ ਵਿਚ ਇਨਕਲਾਬੀ ਆਪਣਾ ਆਦਰਸ਼ ਛਡ ਜਾਏਗਾ, ਵਡੀ ਮੂਰਖਤਾ ਹੈ। ਕਈ ਇਨਕਲਾਬੀ ਹੁਣ ਤੀਕ ਇਹਨਾਂ ਮਿਹਣੇ ਭਿੜਨ ਵਾਲਿਆਂ ਦੀ ਪਰਵਾਹ ਨਾ ਕਰਦੇ ਹੋਏ ਫਾਂਸੀਆਂ ਤੇ ਝੂਲ ਗਏ ਹਨ। ਜੇ ਕੋਈ ਚਾਹੁੰਦਾ ਹੈ ਕਿ ਇਨਕਲਾਬੀ ਆਪਣਾ ਕੰਮ ਠਲ੍ਹ ਲੈਣ ਤਾਂ ਉਹਨਾ ਨਾਲ ਦਲੀਲ ਰਾਹੀਂ ਗਲ ਕਰੋ। ਇਹੀ ਇਕੋ ਇਕ ਰਸਤਾ ਹੈ। ਬਾਕੀ ਹੋਰ ਕਿਸੇ ਸ਼ਕ ਦੀ ਗੁੰਜ਼ਾਇਸ਼ ਨਹੀਂ ਹੋਣੀ ਚਾਹੀਦੀ—ਇਨਕਲਾਬ ਕਿਸੇ ਤੁਹਮਤਬਾਜ਼ੀ ਨੂੰ ਜਾਂ ਹੈਂਕੜਬਾਜ਼ੀ ਤੋਂ ਘਬਰਾਉਣ ਵਾਲੀ ਚੀਜ਼ ਦਾ ਨਾਉ ਨਹੀਂ ਹੈ।

## ਇਕ ਅਪੀਲ

ਅਸੀਂ ਆਪਣੇ ਦੇਸ਼ ਦੇ ਨੌਜਵਾਨਾਂ ਮਜ਼ਦੂਰਾਂ, ਕਿਸਾਨਾਂ ਅਤੇ ਇਨਕਲਾਬੀ ਦਾਨਸ਼ਵਰਾਂ ਨੂੰ ਮੈਦਾਨ ਵਿਚ ਨਿਤਰਣ ਅਤੇ ਸਾਡੇ ਨਾਲ ਮਿਲ ਕੇ ਆਜ਼ਾਦੀ ਸੰਗਰਾਮ ਚਲਾਉਣ ਲਈ ਸੱਦਾ ਦਿੰਦੇ ਹਾਂ, ਆਓ ਇਕ ਨਵੇਂ ਸਮਾਜ ਦੀ ਸਿਰਜਨਾ ਕਰੀਏ ਜਿਸ ਵਿਚ ਰਾਜਸੀ ਅਤੇ ਆਰਥਕ ਅਨਿਆਂ ਅਸੰਭਵ ਹੋਵੇ। ਉਹਨਾਂ ਜੋਧਿਆਂ ਦੀ ਯਾਦ ਵਿਚ ਜਿਨ੍ਹਾਂ ਨੇ ਖਿੜੇ ਮਥੇ ਮੌਤ ਨੂੰ ਕਬੂਲਿਆ ਤਾਂ ਕਿ ਅਸੀਂ ਉਹਨਾਂ ਦੇ ਵਾਰਸ ਚੰਗੇਰਾ ਜੀਵਨ ਬਿਤਾ ਸਕੀਏ। ਜਿਨ੍ਹਾਂ ਨੇ ਅਨਥਕ ਘਾਲਣਾ ਕੀਤੀ ਅਤੇ ਭੁਖ ਨੰਗ ਨਾਲ ਲਤਾੜੀ ਭਾਰਤੀ ਜੰਤਾ ਲਈ ਕੁਰਬਾਨ ਹੋਏ।

ਅਸੀਂ ਹਰ ਦੇਸ਼ ਭਗਤ ਨੂੰ ਕਮਰਕੱਸਾ ਕਰਨ ਲਈ ਸੱਦਾ ਦੇਂਦੇ ਹਨ। ਕਿਸੇ ਨੂੰ ਵੀ ਇਹ ਹਕ ਨਹੀਂ ਕਿ ਕੌਮ ਦੀ ਆਜ਼ਾਦੀ ਨਾਲ ਜੋ ਇਸਦੀ ਆਤਮਾ ਹੈ, ਅਹਿੰਸਾ ਜਹੇ ਮਨੋਵਿਗਿਆਨਕ ਅਡੰਬਰ ਰਚੇ। ਸਾਡੀ ਗੁਲਾਮੀ ਸਾਡੇ ਮਥੇ ਤੇ ਕਲੰਕ ਹੈ ਕਦੋਂ ਸਾਡੇ ਵਿਚ ਹੌਸਲਾ ਅਤੇ ਸੂਰੂ ਹੋਵੇਗੀ ਕਿ ਅਸੀਂ ਇਸ ਜੂਲੇ ਨੂੰ ਲਾਹ ਸੁਟੀਏ ? ਸਾਡੇ ਮਹਾਨ ਸਭਿਆ-ਚਾਰਕ ਵਿਰਸੇ ਦਾ ਕੀ ਮੁਲ ਹੈ ਜੇ ਸਾਡੇ ਵਿਚ ਇਤਨੀ ਵੀ ਸਮਰਥਾ ਨਹੀਂ ਕਿ ਅਸੀਂ ਵਿਦੇਸ਼ੀ ਹਾਕਮਾਂ ਅਤੇ ਉਹਨਾਂ ਦੇ ਅਗੇ ਸਿਰ ਨਿਵਾਉਣੋਂ ਨਾਬਰ ਹੋ ਸਕੀਏ।

## ਫਤਿਹ ਜਾਂ ਮੌਤ

ਅਜੇਹਾ ਕੋਈ ਕੁਕਰਮ ਨਹੀਂ ਜਿਹੜਾ ਅੰਗਰੇਜ਼ਾਂ ਨੇ ਭਾਰਤ ਵਿਚ ਨਾ ਕੀਤਾ ਹੋਵੇ, ਮਿਥ ਕੇ ਕੀਤੇ ਗਏ ਅਨਿਆਂ ਨੇ ਸਾਨੂੰ ਕੰਗਾਲ ਬਣਾ ਦਿੱਤਾ ਹੈ। ਇਕ ਕੌਮ ਅਤੇ ਜਾਤੀ ਦੇ ਤੌਰ ਤੇ ਸਾਡੀ ਇਜ਼ਤ ਮਿਟੀ ਵਿਚ ਮਿਲਾ ਦਿਤੀ ਗਈ ਹੈ। ਕੀ ਸਾਥੋਂ ਖਿਮਾ ਦੀ ਆਸ ਰਖੀ ਜਾਵੇ ? ਅਸਾਂ ਕੌਮੀ ਅਪਮਾਨ ਦਾ ਹਕੀ ਨਿਆਂ ਭਰਿਆ ਬਦਲਾ ਲੈਣਾ ਹੈ। ਬੁਜ਼ਦਿਲਾਂ ਨੂੰ ਸਮਝੌਤੇ ਅਤੇ ਅਮਨ ਦੇ ਸੁਪਨੇ ਲੈਣ ਦਿਓ। ਅਸੀਂ ਤਰਸ ਦੀ ਮੰਗ ਨਹੀਂ ਕਰਦੇ ਤੇ ਨਾ ਹੀ ਕਰਨਾ ਜਾਣਦੇ ਹਾਂ। ਸਾਡੀ ਜ਼ਿੰਦਗੀ ਮੌਤ ਦੀ ਲੜਾਈ ਹੈ—ਮੌਤ ਜਾਂ ਫਤਿਹ।

ਇਨਕਲਾਬ-ਜ਼ਿੰਦਾਬਾਦ !

ਕਰਤਾਰ ਸਿੰਘ (ਪਰਧਾਨ)



FOR ANY KIND OF

# INSURANCE

Life, Accident, Sickness,
Mortgage & Children

CONTACT

## RUPINDER S. AZAD

M.A., B.Ed.

OF

**SEA BOARD LIFE INSURANCE COMPANY**

Head Office: 1900 — W. Broadway, Vancouver, B.C

Office: 736-7431 Res. 576-2386

# CENTURY TRAVEL SERVICE



204—3310 FRASER STREET
VANCOUVER, B.C., CANADA V5V 4C1

OFF: 874-9429
RES: 681-3668

LOWEST FARES TO INDIA, PAKISTAN, FIJI, EUROPE, AND ALL OVER THE WORLD.

WE ALSO HELP IN GETTING PASSPORTS, VISAS AND IMMIGRATION PAPERS, ETC.

GURSHARAN SANDHU

ਸੈਂਚਰੀ ਟਰੈਵਲ ਸਰਵਿਸ

204-3310 ਫਰੇਜ਼ਰ ਸਟਰੀਟ, ਵੈਨਕੂਵਰ, ਬੀ.ਸੀ., ਕੈਨੇਡਾ

OFF: 874-9429 RES: 681-3668

## B. R. CONTRACTORS

for

ELECTRICAL WIRING
IN

NEW HOUSES (RESIDENTIAL, COMMERCIAL & DOMESTIC)

INSTALLATION AND REPAIRS OF WASHERS, DRYERS AND STOVES

FRAMING

FOR CUSTOM HOMES (COMMERCIAL, RESIDENTIAL AND INDUSTRIAL) plus RENOVATIONS

ALL TYPES OF

BACK HOE SERVICE

DIGGING, TRENCHING, SEWERS, BACK FILLING ETC.



580—Rubber wheeled backhoe

CONTACT:
TARLOCHAN BAINS

1368—E. 12th Avenue,
Vancouver, B.C.

Business: 879-2062

Mobile phone: JR2-8484 (via operator)

THERE'S LIFE AT MARS

## MARS REALTY LTD.

5467 VICTORIA DR., VANCOUVER, B.C.

327-8315



ਹਰ ਪਰਕਾਰ ਦੀ ਜਾਇਦਾਦ-

RESIDENTIAL, COMMERCIAL &
REVENUE - ਖਰੀਦਣ ਜਾਂ ਵੇਚਣ ਸਮੇਂ
ਤੁਹਾਨੂੰ ਤਜਰਬੇਕਾਰ ਜਾਣਕਾਰੀ ਦੇਣ ਵਾਲੇ

ਦਰਸ਼ਨ ਬਰਾੜ

*Darshan Brar*

*Res. 433-3334*

MORTGAGES - APPRAISALS - RENTALS - SALES

**LISTEN TO**

**Your Favourite Hindi and Punjabi Radio Program**

**INDIA TODAY AND TOMORROW**

on

**KERI FM STEREO 104.3 mHz**

**Cablevision 90.7 FM**

Every Wednesday 6:00 p.m. to 7:00 p.m.
Every Thursday 6:00 p.m. to 8 00 p.m.
Every Fridav 6:00 p.m. to 8:00 p.m.
Every Saturday 10 a.m. to 12 noon – 6 p.m. to 8 p.m.
Every Sunday 8 am. to 9:30 a.m. – 2 p.m. to 8 p.m.

**The programme consists of latest Indian music, cultural programme, also news from India and local community.**

We will be happy to provide the opportunity to any member of the community to offer felicititious message to friends and relatives on auspicious occasions such as marriages, birthdays, etc.

We will also welcome businessmen and firms who wish to advertise their services and products. Interested parties may phone or write for further information on advertising rates and advice in making up the best possible advertisement for you.

## Sponsored By

# INDIA NEWS AND VIEWS

PUBLICATION SERVING NORTH AMERICA SINCE 1954

OFFICE:
2202 Main Street
Vancouver, B.C.
Canada

TELEPHONE:
873-3878 - 9

MAILING ADDRESS:
P.O. Box 24658
Vancouver, B.C. V5T 4E2
Canada

## Top Priority

Anything more important than your family's future?
Put first things first with common sense life insurance.
Call me today.

We sell life insurance. — But our business is life.

## METROPOLITAN LIFE

550—6th Street, Ste. 270, New Westminster, B.C. V3L 3B8

## ਅਜੀਤ ਸਿੱਧੂ

ਜੋ ਬੀਮਾ-ਸੇਵਾਵਾਂ ਦੇ ਮਾਹਿਰ ਹਨ ਅਤੇ ਇੰਗਲੈਂਡ ਵਿੱਚ ਇੰਡੀਅਨ ਵਰਕਰਜ਼ ਐਸੋਸੀਏਸ਼ਨ, ਸਾਊਥਾਲ ਦੇ ਫਾਊਂਡਰ ਮੈਂਬਰ ਅਤੇ ਅਹੁਦੇਦਾਰ ਹਨ।



## Ajit S. Sidhu

Sales representative
Office: 524-3601
Residence: 584-4516

## BAINS INTERNATIONAL TRAVEL SERVICE LTD.

(MEMBER IATA)

6364 FRASER STREET
VANCOUVER 15, B.C.
TEL: 324-2277

1710 DOUGLAS STREET
VICTORIA, B.C.
TEL: 386-6363

GROUP DEPARTURE TO INDIA EVERY SATURDAY

ENQUIRE FOR OTHER SPECIAL FARES: AFFINITY GROUP, EXCURSIONS, CHARTERS
LONDON, HONG KONG, SINGAPORE, FIJI OR ANY OTHER PART OF THE WORLD.
Being IATA member we can issue your ticket while you wait on any air line.

***Remember . . . One call does it all ! ! !***

ਬੈਂਸ ਟਰੈਵਲ ਸ ਰਵਿਸ ਲਿਮਟਿਡ

ਦੁਨੀਆਂ ਦੇ ਕਿਸੇ ਕੋਨੇ ਜਾਣ ਲਈ ਜਾਂ ਆਪਣੇ ਰਿਸ਼ਤੇਦਾਰਾਂ, ਦੋਸਤਾਂ ਦੇ ਮੰਗਵਾਉਣ ਲਈ ਤੁਸੀ ਸਾਨੂੰ ਆਕੇ ਦਰਸ਼ਨ ਦਿਉ। ਕਿਉਂਕੇ ਅਸੀਂ ਸਾਰੀਆਂ ਏਅਰ ਲਾਈਨਜ਼ ਦੀਆਂ ਟਿਕਟਾਂ ਵੇਚਦੇ ਹਾ ਇਸ ਲਈ ਤੁਹਾਨੂੰ ਸਸਤੀਆਂ ਟਿਕਟਾਂ ਮਿਲਣਗੀਆਂ। ਪਾਸਪੋਰਟ ਤੇ ਵੀਜ਼ਾ ਲੈਣ ਵਿਚ ਪੂਰੀ ਮਦਦ ਕੀਤੀ ਜਾਵੇਗੀ। IATA ਦੇ ਮੈਂਬਰ ਹੋਣ ਕਰਕੇ ਅਸੀਂ ਤੁਹਾਨੂੰ ਉਸੇ ਸਮੇਂ ਹੀ ਟਿਕਟਾਂ ਦੇ ਸਕਦੇ ਹਾਂ ਜਦ ਤੁਸੀਂ ਬੁਕਿੰਗ ਕਰਾਉ।

LITERARY & CULTURAL MONTHLY OF PANJABI
THE WATNO DUR
Post Box No. 1041 Coquitlam, B.C., Canada

ਵਤਨੋਂ ਦੂਰ ( ਕੈਨੇਡਾ ਵਿੱਚ ਪੰਜਾਬੀ ਦਾ ਸਾਹਿੱਤਕ-ਸੱਭਿਆਚਾਰਕ ਮਾਸਕ-ਪੱਤਰ)

MARCH 1975 S. NO. 21

SECOND CLASS MAIL
REGISTRATION NUMBER: 3233

*Everyday Travel Services Ltd.*

YOUR TRAVEL AGENT

OFFICE PHONE: 879-4677 - 8 - 9
CABLE ADDRESS: EVRYDATRAV
RESIDENCE PHONE: 437-4023

OFFICE: 2301 MAIN ST. AT 6th AVENUE
VANCOUVER 10, B.C., CANADA
MAILING ADDRESS: P.O. BOX 24658

TICKETS ISSUED FOR
**AIRLINES, • STEAMSHIPS, TRAINS AND BUSES**
RESERVATIONS MADE FOR
**HOTELS, RESORTS, U-DRIVES AND FREIGHTERS**
ARRANGEMENTS MADE FOR
**INDEPENDENT ESCORTED TOURS AND CRUISES**
OUR SPECIALTY IS
**ARRANGING LOW RATE GROUPS AND CHARTERS**
WE ALSO ARRANGE
**— TRAVEL NOW AND PAY LATER PLANS —**



*M. "Hardial" S. Parhar*

*Specialists in*
TRAVEL AND TOURS in INDIA, PAKISTAN and FAR EAST
•
Make Your Immigration Problems Our Business

ਅੱਜ ਹੀ ਫ਼ੋਨ ਕਰੋ

PROCESSING OF PASSPORTS, VISAS AND IMMIGRANT APPLICATIONS FREE OF CHARGE

# DELTA EQUITIES LTD.

**MORTGAGE AND FINANCIAL CONSULTANTS**

c/o 2301 Main Street, Vancouver, B.C. V5T 3C9

* FIRST MORTGAGES FROM 11%
* 2ND MORTGAGES FROM 15%
* 3RD MORTGAGES ALSO AVAILABLE

ARE YOU BUYING, BUILDING OR REFINANCING?

CALL RESIDENCE 437-4023
OFFICE 879-4677

HARDIAL SINGH PARHAR